ਅੱਜ ਦੇ ਯੁੱਗ ਵਿੱਚ ਵੀ ਇੱਕ ਇਹੋ ਜਿਹੀ ਕੁਦਰਤੀ ਸਕਤੀ ਜਿੰਦਾ ਹੈ, ਜੋ ਸਾਡੀਆਂ ਬਿਮਾਰੀਆਂ ਦਾ ਇਲਾਜ ਕਰਦੀ ਹੈ ਅਤੇ ਉਹ ਵੀ ਬਿਨਾਂ ਦਵਾਈ ਦੇ ਹੈ ਨਾ ਹੈਰਾਨ ਕਰਨ ਵਾਲੀ ਗੱਲ ਕਿ ਉਹ ਕਿਸ ਤਰ੍ਹਾਂ ਸਾਨੂੰ ਠੀਕ ਕਰੇਗੀ। ਇਸ ਸਕਤੀ ਨੂੰ ਪਾਉਣ ਲਈ ਥੋੜ੍ਹੀ ਜਿਹੀ ਮਿਹਨਤ, ਵਿਸਵਾਸ ਅਤੇ ਧਿਆਨ ਦੀ ਲੋੜ ਹੈ, ਕਿਉਂਕਿ ਇਹ ਸਕਤੀ ਮਹਿਜ ਧਿਆਨ ਦਾ ਰੂਪ ਹੈ। ਇਸ ਦੀ ਖੋਜ ਅਠਾਰਵੀਂ ਸਦੀ ਵਿੱਚ ਜਾਪਾਨ ਦੇ ਡਾਕਟਰ ਯਸੂਈ ਨੇ ਕੀਤੀ। ਯਸੂਈ ਜਾਣਦੇ ਸਨ ਕਿ ਪੁਰਾਤਨ ਕਾਲ ਵਿੱਚ ਲੋਕ ਦਵਾਈ ਤੋਂ ਬਿਨਾ ਹੀ ਆਪਣਾ ਇਲਾਜ ਕਰਦੇ ਸਨ ਅਤੇ ਉਹ ਵੀ ਕੁਦਰਤੀ ਸਕਤੀ ਨਾਲ। ਇਸ ਕੁਦਰਤੀ ਸਕਤੀ ਨੂੰ ਖੋਜਣ ਲਈ ਉਨ੍ਹਾਂ ਨੂੰ ਦਰ-ਦਰ ਭਟਕਣਾ ਪਿਆ ਅਤੇ ਫਿਰ ਆਖਿਰਕਾਰ ਉਨ੍ਹਾਂ ਨੂੰ ਇਸ ਸਕਤੀ ਦੀ ਖੋਜ ਮਹਾਤਮਾ ਬੁੱਧ ਦੀ ਕਿਤਾਬ ਚੋਂ ਹੋਈ। ਇਸ ਲਈ ਇਹ ਸਕਤੀ ਵੀ ਸਾਡੇ ਭਾਰਤ ਨਾਲ ਹੀ ਸੰਬੰਧ ਰੱਖਦੀ ਹੈ, ਕਿਉਂਕਿ ਮਹਾਤਮਾ ਬੁੱਧ ਵੀ ਸਾਡੇ ਭਾਰਤ ਵਿੱਚ ਹੀ ਰਹਿੰਦੇ ਸਨ। ਇਸ ਸਕਤੀ ਬਾਰੇ ਹੋਰ ਜਿਆਦਾ ਜਾਣਕਾਰੀ ਲਈ ਪ੍ਰੇਮਗੜ੍ਹ (ਹੁਸਿਆਰਪੁਰ) ਵਿੱਚ ਰਹਿ ਰਹੇ ਬਲਬੀਰ ਸਿੰਘ ਨਾਲ ਗੱਲ ਬਾਤ ਕੀਤੀ ਗਈ।ਜੋ ਇਸ ਸਕਤੀ ਦੇ ਗ੍ਰੈਂਡ ਮਾਸਟਰ ਹਨ, ਉਹ ਇਸ ਸਕਤੀ ਲਈ ਇੰਗਲੈਂਡ ਦੀ ਇੱਕ ਸੰਸਥਾ ਪਿਲਗਰੀਮ ਹਿਲਰ ਗਰੁੱਪ ਯੂ ਕੇ ਦੁਆਰਾ ਸਨਮਾਨਿਤ ਹਨ।

ਉਨ੍ਹਾਂ ਦੱਸਿਆ ਕਿ ਇਹ ਸਕਤੀ ਸਾਡੇ ਹਰੇਕ ਦੇ ਹੱਥਾਂ ਵਿੱਚ ਹੀ ਪ੍ਰਵਾਹਿਤ ਹੁੰਦੀ ਹੈ, ਜਿਸ ਤਰ੍ਹਾਂ ਜਾਨਵਰਾਂ ਨੂੰ ਕੁਦਰਤ ਨੇ ਸ਼ਕਤੀ ਦਿੱਤੀ ਹੈ ਕਿ ਉਹ ਆਪਣੀ ਬਿਮਾਰੀ ਵਾਲੀ ਜਗ੍ਹਾ ਤੇ ਜੇਕਰ ਆਪਣੀ ਜੀਭ ਹੀ ਫੇਰ ਲੈਣ, ਤਾਂ ਉਹ ਬਿਮਾਰੀ ਨਸਟ ਹੋ ਜਾਂਦੀ ਹੈ। ਇਸ ਤਰ੍ਹਾਂ ਹੀ ਕੁਦਰਤ ਨੇ ਸਾਨੂੰ ਵੀ ਇਹ ਸਕਤੀ ਦਿੱਤੀ ਹੈ ਕਿ ਅਸੀਂ ਵੀ ਆਪਣੇ ਹੱਥਾਂ ਨਾਲ ਹੀ ਆਪਣੀ ਬਿਮਾਰੀ ਦਾ ਇਲਾਜ ਕਰ ਸਕੀਏ। ਉਨਾ ਦੱਸਿਆ ਕਿ ਕੁਝ ਕਿਰਨਾਂ ਹੁੰਦੀਆਂ ਹਨ, ਜੋ ਸਾਡੇ ਸਾਰਿਆਂ ਦੇ ਹੱਥਾਂ ਵਿਚੋਂ ਨਿਕਲਦੀਆਂ ਹਨ, ਜਿਸ ਤਰ੍ਹਾਂ ਇੱਕ ਮਾਂ ਆਪਣੇ ਬੱਚੇ ਨੂੰ ਆਪਣੀ ਗੋਦ ਵਿੱਚ ਲੇ ਕੇ ਆਖਦੀ ਹੈ ਕਿ ਸੌਂ ਜਾ ਮੇਰਾ ਸੋਹਣਾ ਪੁੱਤ ਸੌਂ ਜਾ ਅਤੇ ਨਾਲ ਨਾਲ ਉਸ ਦੇ ਸਿਰ ਉੱਪਰ ਆਪਣਾ ਹੱਥ ਫੇਰ ਰਹੀ ਹੁੰਦੀ ਹੈ। ਦੇਖਦੇ ਹੀ ਦੇਖਦੇ ਬੱਚਾ ਸੌਂ ਜਾਂਦਾ ਹੈ। ਉਸ ਸਮੇਂ ਮਾਂ ਦੇ ਹੱਥਾਂ ਵਿੱਚੋ ਉਹ ਕੁਦਰਤੀ ਸਕਤੀ ਦੀਆਂ ਕਿਰਨਾਂ ਨਿਕਲਦੀਆਂ ਹਨ। ਠੀਕ ਉਸੇ ਤਰ੍ਹਾਂ ਹੀ ਸਾਡੇ ਹੱਥਾਂ ਵਿਚੋਂ ਵੀ ਇਹ ਕਿਰਨਾਂ ਨਿਕਲ ਕੇ ਸਾਡੀਆਂ ਬਿਮਾਰੀਆਂ ਦਾ ਇਲਾਜ ਕਰਦੀਆਂ ਹਨ। ਉਨ੍ਹਾਂ ਦੱਸਿਆ ਕਿ ਜਦੋਂ ਇਸ ਕੁਦਰਤੀ ਸਕਤੀ ਨਾਲ ਇਲਾਜ ਹੋ ਰਿਹਾ ਹੋਵੇ, ਉਸ ਸਮੇਂ ਤੁਸੀਂ ਜੇਕਰ ਹੱਥਾ ਨੂੰ ਕਿਰਨੋਲ ਕੈਮਰੇ ਨਾਲ ਵੇਖੋਗੇ ਤਾਂ ਤੁਹਾਨੂੰ ਇਹ ਕਿਰਨਾਂ ਵੇਖਣ ਨੂੰ ਮਿਲਣਗੀਆਂ। ਰੋਗੀ ਦੇ ਸ਼ਰੀਰ 'ਚ ਜਿਸ ਭਾਗ ਵਿੱਚ ਰੋਗ ਹੈ, ਉੱਥੇ ਇਸ ਸਕਤੀ ਨਾਲ ਇਲਾਜ ਕਰਨ ਵਾਲਾ ਆਪਣਾ ਹੱਥ ਭਿੰਨ ਤੋਂ ਪੰਜ ਮਿੰਟ ਤੱਕ ਰੱਖਗਾ ਅਤੇ ਰੋਗ ਜੜ੍ਹ ਤੋਂ ਹੀ ਖਤਮ ਹੋ ਜਾਵੇਗਾ। ਜੇਕਰ ਕੋਈ ਦੂਰ ਬੈਠਾ ਹੈ ਜਾਂ ਨਹੀਂ ਆ ਸਕਦਾ, ਤਾ ਇਸ ਸਕਤੀ ਨਾਲ ਤੁਸੀਂ ਟੈਲੀਫੋਨ ਦੁਆਰਾ ਵੀ ਅਤੇ ਫੋਟੋ ਦੁਆਰਾ ਵੀ ਇਲਾਜ ਕਰ ਸਕਦੇ ਹੋ। ਇਸ ਸਕਤੀ ਨਾਲ ਭੌਤਿਕ, ਮਾਨਸਿਕ ਸਰੀਰਕ ਅਤੇ ਗੈਰ ਸਰੀਰਕ ਦੀ ਹਰ ਬਿਮਾਰੀ ਦਾ ਇਲਾਜ ਸੰਭਵ ਹੈ। ਇੰਗਲੈਂਡ, ਅਮਰੀਕਾ ਜਪਾਨ ਜਰਮਨ ਅਤੇ ਮਲੇਸ਼ੀਆ ਵਰਗੇ ਦੇਸ਼ ਵਿੱਚ ਤਾਂ ਇਸ ਸਕਤੀ ਨਾਲ ਇਲਾਜ ਕਰਨ ਦੇ ਹਸਪਤਾਲ ਵੀ ਚੱਲ ਰਹੇ ਹਨ। ਅਤੇ ਇਨ੍ਹਾਂ ਦੇਸ਼ਾਂ ਵਿੱਚ ਬਿਊਟੀ ਪਾਰਲਰ ਤੇ ਵੀ ਇਸ ਸ਼ਕਤੀ ਨਾਲ ਮੁੱਖੜੇ ਤੇ ਨਿਖਾਰ ਲਿਆਂਦਾ ਜਾਂਦਾ ਹੈ।

ਬਲਦੇਵ ਸਿੰਘ ਬੇਦੀ ਜਲੰਧਰ

# ਸਾਡੇ ਪੁਰਖਿਆਂ ਦੀ ਧਰਤ ਪੰਜਾਬ !

ਸਾਨੂੰ ਸਾਡੇ ਪੁਰਖਿਆਂ ਪੰਜ ਦਰਿਆਵਾਂ ਦੀ ਧਰਤ ਪੰਜਾਬ "ਆਬਾਦ" ਸੌਂਪੀ ਸੀ, ਜ਼ਰਾ ਦਿਲ ਤੇ ਹੱਥ ਰੱਖ ਸੋਚਣਾ ਕੀ ਅਸੀ ਇਸ ਧਰਤ ਨੂੰ ਪੂਰਨ ਤੌਰ ਤੇ "ਆਬਾਦ" ਰੱਖ ਸਕੇ ਹਾਂ। ਪੰਜ ਦਰਿਆਵਾਂ ਦੀ ਇਹ ਧਰਤ ਪੰਜਾਬ ਅੱਜ "ਬੇ-ਆਬਾਦ" ਹੋਣ ਦੇ ਵੱਲ ਵਧ ਰਿਹਾ ਹੈ। ਮੌਜੂਦਾ ਮਨੁੱਖ ਕੁਦਰਤ ਵਲੋਂ ਬਖਸੇ ਪਾਣੀ ਰੂਪੀ ਸੋਮੇ ਗੰਧਲੇ ਕਰ ਬੈਠਾ ਹੈ ਅਤੇ ਸਭ ਕੁਜ ਜਾਣਦੇ, ਸਮਝਦੇ ਹੋਏ ਅਣਜਾਣ ਬਾਣੀ ਬੈਠੇ ਹਾਂ। ਸਾਡੇ ਮਨੁੱਖੀ ਸਰੀਰ ਵਿਚ ਤਕਰੀਬਨ ਸੱਤਰ ਫ਼ੀਸਦੀ ਤੋਂ ਲੈਕੇ ਪਚੱਤਰ ਫ਼ੀਸਦੀ ਤੱਕ ਪਾਣੀ ਹੁੰਦਾ ਹੈ ਪ੍ਰੰਤੂ "ਅਫ਼ਸੋਸ" ਅਸੀਂ ਪਾਣੀ ਦੀ ਕਦਰ ਕਰਨੀ ਨਾ ਸਿੱਖ ਸਕੇ। ਦਰਿਆਵਾਂ ਦੇ ਪਾਣੀ ਨੂੰ ਗੰਦਲਾ ਕਰਨ ਦੇ ਨਾਲ-ਨਾਲ ਮਨੁੱਖ ਨੇ ਧਰਤੀ ਹੇਠਲੇ ਬੇਸ਼ਕੀਮਤੀ ਪਾਣੀ ਦਾ ਦੁਰਉਪਯੋਗ ਕਰ ਪਾਣੀ ਦਾ ਪੱਧਰ ਹੇਠਾਂ ਪਹੁੰਚਾਉਣ "ਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ ! ਇਕ ਅੰਦਾਜੇ ਮੁਤਾਬਕ ਜੇਕਰ ਮੌਜੂਦਾ ਸਮੇਂ ਪਾਣੀ ਦੀ ਸੰਭਾਲ ਜੰਗੀ ਪੱਧਰ ਤੇ ਨਾ ਕੀਤੀ ਗਈ ਤਾਂ ਸੰਨ 2040-45 ਤੱਕ ਪੰਜ ਦਰਿਆਵਾਂ ਦੀ ਧਰਤ ਪੰਜਾਬ ਅਖ਼ਵਾਉਣ ਵਾਲੀ ਧਰਤੀ ਅਤੇ ਗੁਆਂਢੀ ਸੂਬੇਆ ਦੇ ਵਧੇਰੇ ਹਿੱਸੇ ਪਾਣੀ ਦੀ ਕਮੀ ਕਾਰਨ ਬੰਜਰ ਹੋ ਜਾਣਗੇ। ਮੈਨੂੰ ਯਾਦ ਹੈ ਅਸੀ ਸੰਨ 1990-91 "ਚ ਪਾਣੀ ਲਈ ਨਲਕਾ ਲਗਵਾਇਆ ਸੀ। ਉਸ ਵਕਤ ਪੀਣ ਲਈ ਸਾਫ਼ ਪਾਣੀ ਤਕਰੀਬਨ 35-40 ਫੁੱਟ ਦੇ ਪੱਤਣ ਤੇ ਨਿਕਲ ਆਉਂਦਾ ਸੀ, ਪ੍ਰੰਤੂ ਮੌਜੂਦਾ ਸਮੇਂ ਪੀਣ ਯੋਗ ਪਾਣੀ ਤਕਰੀਬਨ 250-300 ਫੁੱਟ ਦੇ ਪੱਤਣ ਤੇ ਪਹੁੰਚ ਚੁੱਕਾ ਹੈ। ਪੰਜਾਬ ਦੇ ਦਰਿਆਈ ਪਾਣੀਆਂ ਨਾਲ ਲਗਭਗ 24-25% ਹੀ ਖੇਤੀ ਲਈ ਸਿੰਜਾਈ ਹੁੰਦੀ ਹੈ ਅਤੇ ਲਗਭਗ 70-72% ਦੇ ਕਰੀਬ ਖੇਤੀ ਹੇਠ ਰਕਬੇ ਦੀ ਸਿੰਜਾਈ ਲਈ "ਪੰਜ ਦਰਿਆਵਾਂ ਦੀ ਧਰਤ ਪੰਜਾਬ" ਧਰਤੀ ਹੇਠਲੇ ਬੇਸ਼ਕੀਮਤੀ ਪਾਣੀ ਕੱਢਣ ਲਈ ਮਜਬੂਰ ਹੈ। ਇੱਥੇ ਸਾਨੂੰ ਇਹ ਮੰਨਣਾ ਪਵੇਗਾ ਕਿ ਅਸੀ ਵਿਕਾਸ ਵੱਲ ਨਹੀਂ ਵਿਨਾਸ਼ ਵੱਲ ਜਾਅ ਰਹੇ ਹਾਂ, ਦੂਜੇ ਪਾਸੇ ਉਦਯੋਗਿਕ ਸ਼ਹਿਰਾਂ ਦਾ ਬੇਹੱਦ ਗੰਦਾ ਤੇ ਜ਼ਹਿਰੀਲਾ ਪਾਣੀ ਬਿਨ੍ਹਾਂ ਸੋਧੇ ਇਨ੍ਹਾਂ ਨਦੀਆਂ, ਦਰਿਆਵਾਂ "ਚ ਸੁੱਟਣਾ ਅਤਿ-ਨਿੰਦਣ ਯੋਗ ਹੈ। ਜਿਸ ਦੇ ਨਤੀਜੇ ਵਜੋਂ ਪਿਛਲੇ ਲੰਬੇ ਸਮੇਂ ਤੋਂ ਲੋਕ ਕੈਂਸਰ, ਕਾਲਾ ਪੀਲੀਆਂ ਆਦਿ ਵਰਗੀਆਂ ਭਿਆਨਕ ਬਿਮਾਰੀਆਂ ਨਾਲ ਮਰਨ ਲਈ ਮਜਬੂਰ ਹਨ। ਇਹ ਉਦਯੋਗਿਕ ਇਕਾਈਆਂ ਦੀ ਹੀ ਦੇਣ ਹੈ ਜੋ ਜ਼ਹਿਰੀਲਾ ਪਾਣੀ ਬਿਨ੍ਹਾਂ ਸੋਧੇ ਇਨ੍ਹਾਂ ਨਦੀਆਂ, ਦਰਿਆਵਾਂ "ਚ ਸੁੱਟ ਕੁਦਰਤ ਵਲੋਂ ਬਖਸੇ ਪਾਣੀ ਰੂਪੀ ਸੋਮੇ ਗੰਧਲੇ ਕਰ ਰਹੇ ਹਨ। ਬੜੀ ਦੁੱਖ ਦੀ ਗੱਲ ਹੈ ਕਿ ਹੁਣ ਤਾਂ ਪੰਜਾਬ ਤੋਂ ਰਾਜਸਥਾਨ ਜਾਂਦੀ ਟਰੇਨ ਦਾ ਨਾਮ ਹੀ ਕੈਂਸਰ ਟਰੇਨ ਪੈ ਗਿਆ ਹੈ, ਇਹ ਸਭ ਗਦਲੇ ਪਾਣੀ ਦੀ ਹੀ ਦੇਣ ਹੈ ਤੇ ਇਸ ਪਾਣੀ ਨੂੰ ਗਦਲੇ ਕਰਨ "ਚ ਅਹਿਮ ਯੋਗਦਾਨ ਉਦਯੋਗਿਕ ਇਕਾਈਆਂ ਦਾ ਹੈ ਜੋ ਮਨੁੱਖ ਨੂੰ ਮਾਰਨ ਦੇ ਨਾਲ-ਨਾਲ ਧਰਤੀ ਨੂੰ ਵੀ ਮਾਰ ਰਿਹਾ ਹੈ। ਅੱਜ ਪੰਜ ਦਰਿਆਵਾਂ ਦੀ ਜਰਖੇਜ਼ ਧਰਤੀ ਜੋ ਸਦੀਆਂ ਤੋਂ ਸਾਡੇ ਪੁਰਖਿਆਂ ਦੀ ਮਿਹਨਤ ਸਦਕਾ "ਆਬਾਦ" ਹੋਈ ਅਫ਼ਸੋਸ ਮਨੁੱਖੀ ਗਲਤੀਆਂ ਕਾਰਨ "ਬੇ-ਆਬਾਦ" ਹੋਣ ਵੱਲ ਵਧ ਰਹੀ ਹੈ। ਮੌਜੂਦਾ ਸਮਾਜਕ ਲੋਕਾ ਨੂੰ ਚਾਹੀਦਾ ਹੈ ਕਿ ਉਹ ਵਾਤਾਵਰਨ ਨੂੰ ਪਲੀਤ ਅਤੇ ਪ੍ਰਦੂਸ਼ਿਤ ਕਰਦੇ ਤੰਤਰ ਵਿਰੁੱਧ ਸਰਗਰਮ ਰਹਿਣ ਨਾਲ ਹੀ ਆਪਣੇ-ਆਪਣੇ ਪੱਧਰ ਤੇ ਪਾਣੀ, ਹਵਾ ਅਤੇ ਧਰਤ ਦੀ ਤੰਦਰੁਸਤੀ ਵਾਸਤੇ ਯਤਨਸ਼ੀਲ ਰਹਿਣ ਤਾਂ ਜੋ ਸਾਡੇ ਪੁਰਖਿਆਂ ਦੀ ਪੰਜ ਦਰਿਆਵਾਂ ਦੀ ਧਰਤ ਪੰਜਾਬ ਸਦਾ "ਆਬਾਦ" ਰਹੇ।



ਹਰਮਨਪ੍ਰੀਤ ਸਿੰਘ,
ਸਰਹਿੰਦ, ਜ਼ਿਲ੍ਹਾ: ਫ਼ਤਹਿਗੜ੍ਹ ਸਾਹਿਬ,
ਸੰਪਰਕ: 98550 10005

# ਇਕ ਸੁਭਾਵਿਕ ਦੋਸਤ ਦੇ ਨਾਂ

ਕੁਝ ਇਨਸਾਨਾਂ ਦੀ ਜ਼ਿੰਦਗੀ ਵਿਚ ਉਹ ਥਾਂ ਹੁੰਦੀ ਹੈ ਜਿਸਨੂੰ ਅਸੀਂ ਕਦੇ ਵੀ ਬਿਆਨ ਨਹੀਂ ਕਰ ਸਕਦੇ ਜਾਂ ਉਹਨਾਂ ਨੂੰ ਕਹਿ ਨਹੀਂ ਸਕਦੇ। ਬਹੁਤ ਘੱਟ ਮਿਲਦੇ ਨੇ ਐਹੋ ਜਿਹੇ ਇਨਸਾਨ ਜੋਂ ਕਹਿੰਦੇ ਨੇ ਕਿ ਸਾਨੂੰ ਤਸਵੀਰ ਖਿਚਵਾਉਣਾ ਵੀ ਪੇਪਰ ਵਾਂਗ ਲੱਗਦਾ ਹੈ ਤੇ ਸਾਡਾ ਚਿਹਰਾ ਬਿਲਕੁਲ ਸੋਹਣਾ ਨਹੀਂ। ਪਰ ਉਹ ਸ਼ਾਇਦ ਇਹ ਨਹੀਂ ਜਾਣਦੇ ਹੁੰਦੇ ਕਿ ਜੋਂ ਸੁੰਦਰਤਾ ਉਹਨਾਂ ਕੋਲ ਹੈ ਉਹ ਕਿਸੇ ਹੋਰ ਕੋਲ ਹੈ ਨਹੀਂ। ਰੱਬ ਨੂੰ ਬਹੁਤ ਨਜ਼ਦੀਕੀ ਨਾਲ ਮਾਣਨ ਵਾਲੇ ਇਹ ਇਨਸਾਨ ਗਿਆਨ ਦਾ ਅਸੀਮ ਭੰਡਾਰ ਛੁਪਾ ਕੇ ਆਪਣੇ ਅੰਦਰ ਰੱਖ ਲੈਂਦੇ ਹਨ। ਇਹ ਇਨਸਾਨ ਉਹਨਾਂ ਲੋਕਾਂ ਤੋਂ ਕਿਤੇ ਪਰੇ ਹਨ। ਜੋਂ ਬਣਾਵਟੀਪਨ ਵਿਚ ਜੀਣਾ ਪਸੰਦ ਕਰਦੇ ਹਨ ਤੇ ਇਸਨੂੰ ਆਪਣੀ ਜ਼ਿੰਦਗੀ ਦਾ ਕੋਈ ਹਿੱਸਾ ਬਣਾਉਣਾ ਚਾਹੁੰਦੇ ਹਨ। ਇਹਨਾਂ ਨੂੰ ਦੇਖ ਕੇ ਅਜਿਹਾ ਲੱਗਦਾ ਹੈ ਜਿਵੇਂ ਰੱਬ ਨੇ ਸਾਰਾ ਭੋਲਾਪਣ ਇਹਨਾਂ ਤੁੱਛ ਕੁ ਇਨਸਾਨਾਂ ਨੂੰ ਹੀ ਬਖ਼ਸ਼ ਦਿੱਤਾ ਹੈ। ਇਹ ਇਨਸਾਨ ਆਰਥਿਕ ਪੱਖੋਂ ਭਾਵੇਂ ਗਰੀਬ ਹੁੰਦੇ ਹਨ।ਪਰ ਇਹਨਾਂ ਦੇ ਦਿਲ ਦੀ ਅਮੀਰਤਾ ਨੂੰ ਹਰ ਇਨਸਾਨ ਨਹੀਂ ਮਾਪ ਸਕਦਾ।

ਇਹਨਾਂ ਦੀ ਜ਼ਿੰਦਗੀ ਭਾਵੇਂ ਕਿੰਨੀਆਂ ਮੁਸ਼ਕਿਲਾਂ ਨਾਲ ਭਰੀ ਹੋਵੇ ਪਰ ਇਹ ਜਿੰਦਗੀ ਨੂੰ ਨਿਵੇਕਲੇ ਤੇ ਵਿਸ਼ੇਸ਼ ਢੰਗ ਨਾਲ ਜੀਓਣ ਦਾ ਯਤਨ ਕਰਦੇ ਹਨ। ਖਾਸ ਕਰ ਮੈਨੂੰ ਇਹੋ ਜਿਹੇ ਇਨਸਾਨਾਂ ਦਾ ਸੰਗ ਹਮੇਸ਼ਾ ਵਧੀਆ ਲੱਗਦਾ ਰਿਹਾ ਹੈ। ਦੁਨੀਆ ਤੋਂ ਥੱਕ -ਹਾਰ ਜਦੋਂ ਕੋਈ ਆਪਣਾ ਨਹੀਂ ਲੱਗਦਾ ਇਹਨਾਂ ਨਾਲ ਆ ਕੇ ਬੈਠਣਾ ਇਕ ਆਲੌਕਿਕ ਸਕੂਨ ਦੀ ਪ੍ਰਾਪਤੀ ਹੁੰਦੀ ਹੈ। ਕਦੇ ਕਦੇ ਇਹਨਾਂ ਦੀਆਂ ਗੱਲਾਂ ਸੁਣ ਕੇ ਰੱਬ ਨੂੰ ਸ਼ਿਕਵਾ ਪਾ ਦਿੰਦੀ ਹਾਂ, ਸਾਨੂੰ ਇਹਨਾਂ ਵਰਗਾ ਕਿਉਂ ਨਹੀਂ ਬਣਾਇਆ। ਬਹੁਤੀਆਂ ਥਾਵਾਂ ਤੇ ਇਹੋ ਜਿਹੇ ਲੋਕ ਖੁਸ਼ ਹੀ ਨਜ਼ਰ ਆਉਂਦੇ ਹਨ। ਪਰ ਜਦੋਂ ਇਹ ਰੁੱਸ ਜਾਂਦੇ ਹਨ ਤਾਂ ਇੰਝ ਲੱਗਦਾ ਜਿਵੇਂ ਧਰਤੀ, ਜ਼ਮੀਨ , ਆਸਮਾਨ ਤਾਰੇ ਸਭ ਕੁਝ ਹੀ ਰੁੱਸ ਗਿਆ ਹੋਵੇ। ਫਿਰ ਇਹਨਾਂ ਸਭ ਨੂੰ ਮਨਾਉਣ ਲਈ ਉਸ ਇਨਸਾਨ ਨੂੰ ਮਨਾਉਣਾ ਜ਼ਰੂਰੀ ਹੋ ਜਾਂਦਾ ਹੈ। ਉਹਨਾਂ ਨੂੰ ਬਣਾਵਟੀ ਚੀਜ਼ਾਂ ਨਾਲ ਤਾਂ ਮਨਾਇਆ ਨਹੀਂ ਜਾ ਸਕਦਾ ਇਹਨਾਂ ਨੂੰ ਮਨਾਉਣ ਲਈ ਆਤਮਿਕ ਭਾਵਨਾਵਾਂ ਦਾ ਪ੍ਰਗਟਾਵਾ ਕਰਨਾ ਪੈਂਦਾ ਹੈ। ਇਹਨਾਂ ਬਾਰੇ ਕਿੰਨਾ ਵੀ ਲਿਖੋ ਪਰ ਘੱਟ ਜਾਪਦਾ ਹੈ। ਮੈਨੂੰ ਜਿੰਦਗੀ ਵਿੱਚ ਇਹੋ ਜਿਹੇ ਇਨਸਾਨ ਬਹੁਤ ਘੱਟ ਮਿਲੇ ਹਨ। ਪਰ ਮੈਂ ਇਹੋ ਜਿਹੇ ਇਨਸਾਨਾਂ ਦੀ ਸੰਗਤ ਨੂੰ ਸਭ ਤੋਂ ਵੱਧ ਤਰਜ਼ੀਹ ਤੇ ਦੋਸਤੀ ਦਾ ਵਧਾਵਾ ਦਿੰਦੀ ਹਾਂ।

ਇਹ ਲੇਖ ਮੇਰੀ ਦੋਸਤ ਜਗਦੀਪ ਕੌਰ ਦੇ ਨਾਂ ,ਜਿਸਦੇ ਸ਼ਖ਼ਸੀਅਤ ਨੂੰ ਪੂਰੀ ਤਰ੍ਹਾਂ ਰੂਪ- ਰੇਖਿਤ ਤਾਂ ਨਹੀਂ ਕਰ ਸਕੀ ਪਰ ਆਪਣੇ ਵਲੋਂ ਪੂਰੀ ਕੋਸ਼ਿਸ਼ ਕੀਤੀ ਹੈ।

ਲੇਖਕ -ਪੂਜਾ ਪੁੰਡਰਕ
ਸਿਖਿਆਰਥੀ ਡਾਇਟ ਅਹਿਮਦਪੁਰ, ਮਾਨਸਾ

# ਵਿਸ਼ਵ ਪ੍ਰਸਿੱਧ ਸਥਾਨ : ਵਾਟਰਟਨ ਲੇਕਸ ਨੈਸ਼ਨਲ ਪਾਰਕ ਸ਼ਹਿਰ, ਕੈਨੇਡਾ



## ਚਲੋ ਚੱਲੀਏ ਝੀਲ ਦੇ ਰਸਤੇ ਕਨੇਡਾ ਤੋਂ ਅਮਰੀਕਾ ਦੀ ਸਰਹੱਦ ਤੱਕ

ਕਨੇਡਾ ਦੀ ਪ੍ਰਸਿੱਧ ਸਟੇਟ ਅਲਬਰਟਾ ਦੇ ਅੰਤਰਗਤ ਆਉਂਦਾ ਹੈ ਵਿਸਵ ਪ੍ਰਸਿੱਧ ਪਹਾੜੀ, ਝੀਲਾਂ, ਝਰਨਿਆਂ, ਜੰਗਲਾਂ, ਨਦ-ਨਦੀਆਂ ਦਾ ਅਦਭੁਤ, ਰਮਣੀਕ, ਅਲੌਕਿਕ ਸਹਿਰ 'ਵਾਟਰਟਨ ਲੇਕਸ ਨੈਸਨਲ ਪਾਰਕ' .ਇਸ ਸਥਾਨ ਵਿਖੇ ਪਹੁੰਚਣ ਲਈ ਐਡਮੰਟਨ ਤੋਂ ਛੇ ਘੰਟੇ ਅਤੇ ਕੈਲਗਰੀ ਤੋਂ ਤਿੰਨ ਘੰਟੇ ਲਗਦੇ ਹਨ . ਪਹੁੰਚ ਤੱਕ ਦਾ ਸਾਰਾ ਰਸਤਾ ਦਿਲਚਸਪ ਅਤੇ ਆਕਰਸਣ ਰਖਦਾ ਹੈ . ਨੀਮ ਪਹਾੜੀ ਰਸਤਾ . ਬਿਲਕੁਲ ਸਿੱਧੀਆਂ ਸੜਕਾਂ . ਕੋਈ ਅੰਨ੍ਹਾ ਮੋੜੀ ਹੀ ਨਹੀਂ . ਕਨੇਡਾ ਵਿਖੇ ਗੱਡੀ ਤੁਸੀਂ ਆਪਣੀ ਮਰਜੀ ਨਾਲ ਨਹੀਂ ਚਲਾ ਸਕਦੇ ਕਿਉਂਕਿ ਸੜਕ ਦੇ ਸੱਜੇ ਪਾਸੇ ਨਿਰਧਾਰਿਤ ਸਪੀਡ ਲਿਖੀ ਹੁੰਦੀ ਹੈ . ਨਿਰਧਾਰਿਤ ਸਪੀਡ ਬੋਰਡ ਦੇ ਨਿਰਦੇਸ ਮੁਤਾਬਿਕ ਹੀ ਤੁਸੀਂ ਸਪੀਡ ਵੱਧ ਘੱਟ ਕਰ ਸਕਦੇ ਹੋ ਆਪਣੀ ਮਰਜੀ ਨਾਲ ਨਹੀਂ . ਇੱਥੇ ਜੀ.ਪੀ.ਐਸ (ਗਲੋਬਿਲ ਪੋਜੀਸਨਿੰਗ ਸਿਸਟਮ) ਦੇ ਨਿਰਦੇਸ ਨਾਲ ਗੱਡੀ ਚਲਾਉਣਾ ਹੋਰ ਵੀ ਆਸਾਨ ਹੋ ਜਾਂਦਾ ਹੈ . ਇਸ ਬਗੈਰ ਗੁਜਾਰਾ ਹੀ ਨਹੀਂ .ਜੰਗਲਾਂ ਵਿਚ ਵਸਾਇਆ ਇਹ ਸਹਿਰ ਪਹਾੜੀਆਂ ਨਾਲ ਤਾਲਮੇਲ ਬਣਾਉਂਦਾ ਹੋਇਆ ਅਲੌਕਿਕ ਦ੍ਰਿਸ ਪੇਸ ਕਰਦਾ ਹੈ .ਅਮਰੀਕਾ ਦੇ ਪਹਾੜੀ ਇਲਾਕੇ ਵਾਲੇ ਸਹਿਰ ਮੋਨਟਾਨਾ ਦੀ ਸਰਹੱਦ ਨਾਲ ਸਾਂਝਾ ਤਾਲਮੇਲ ਬਣਾਉਦਾ ਹੈ . ਇਹ ਸਾਰਾ ਸਹਿਰ ਲਗਭਗ 140 ਕਿਲੋਮੀਟਰ ਦੇ ਘੇਰੇ ਵਿਚ ਵਸਾਇਆ ਹੋਇਆ ਹੈ . ਹਜਾਰਾਂ ਸਾਲ ਪਹਿਲਾਂ ਇਸ ਜੰਗਲੀ ਸਥਾਨ ਵਿਚ ਝੀਲਾਂ ਦੇ ਕਿਨਾਰੇ 'ਕੂਟੇਨਵੀ' ਕਬੀਲੇ ਦੇ ਲੋਕ ਰਹਿੰਦੇ ਸਨ . ਉਸ ਸਮੇਂ ਇਸ ਝੀਲ ਨੂੰ 'ਕੁਟੀਨੇ ਲੇਕਸ' ਕਹਿੰਦੇ ਸਨ . ਇਸ ਤਿੰਨ ਝੀਲਾਂ ਦੇ ਸੁਮੇਲ ਨੂੰ ਵਾਟਰਟਨ ਦਾ ਨਾਮ ਦਿੱਤਾ ਗਿਆ . ਇਹ ਤਿੰਨ ਝੀਲਾਂ ਆਪਸ ਵਿਚ ਇਕਮਿਕ ਹੋਈਆਂ ਪਈਆਂ ਹਨ, ਜੋ ਵਿਸਾਲ ਲੰਬੀ ਝੀਲ ਦਾ ਰੂਪ ਅਖਤਿਆਰ ਕਰਦੀਆਂ ਹਨ . ਇਸ ਝੀਲ ਦੀ ਲੰਬਾਈ ਲਗਭਗ 80 ਕਿਲੋਮੀਟਰ ਹੈ, ਜਿਸਦਾ ਇਕ ਸਿਰਾ ਵਾਟਰਟਨ ਸਹਿਰ ਨਾਲ ਤੇ ਦੂਸਰਾ ਸਿਰਾ ਅਮਰੀਕਾ ਦੀਆਂ ਪਹਾੜੀਆਂ ਵਿਚ ਜਾ ਖਤਮ ਹੁੰਦਾ ਹੈ . ਸੱਜੇ ਪਾਸੇ ਕਨੇਡਾ ਅਤੇ ਖੱਬੇ ਪਾਸੇ ਅਮਰੀਕਾ ਦੀਆਂ ਪਹਾੜੀਆਂ ਹਨ ਅਤੇ ਵਿਚਕਾਰ ਸਾਂਝੀ ਝੀਲ, ਸਾਂਝੀ ਸਰਹੱਦ ਦੀ ਹੋਂਦ ਨੂੰ ਮਾਨਵਤਾਵਾਦੀ ਦੇ ਚਿੰਨ੍ਹ ਪ੍ਰਦਾਨ ਕਰਦੀ ਹੋਈ ਸਾਤੀ ਅਤੇ ਵਿਸਵ ਭਾਈਚਾਰੇ ਦਾ ਸੰਦੇਸ ਦਿੰਦੀ ਹੁੰਦੀ ਹੈ . ਇਸ ਝੀਲ ਦਾ ਨਾਮ ਇਤਿਹਾਸਕਾਰ ਖੋਜੀ ਬਲੇਕਿਸਟਨ ਨੇ ਬ੍ਰਿਸਿ ਕੁਦਰਤੀ ਵਿਗਿਆਨੀ ਚਾਰਲਸ ਵਾਟਰਟਨ ਦੇ ਨਾਮ 'ਤੇ 'ਵਾਟਰਟਨ' ਰੱਖਿਆ . ਸੁਰੂ ਵਿਚ ਇਹ ਸਥਾਨ ਕਨੇਡਾ ਦਾ ਪਹਿਲਾ ਰਾਸਟਰੀ ਪਾਰਕ ਸੀ ਪਰ ਸਮੇਂ ਦੀ ਕਰਵੱਟ ਅਤੇ ਨਵੇਂ ਸਿਰਜਨਾਤਮਿਕ ਅਦਭੁਤ ਹੋਰ ਸਥਾਨਾਂ ਦੀ ਹੱਦ ਕਰਕੇ ਅਜਕਲ ਵਾਟਰਟਨ ਸਥਾਨ ਕਨੇਡਾ ਦਾ ਚੌਥਾ ਰਾਸਟਰੀ ਪਾਰਕ ਹੈ . ਅਮਰੀਕਾ ਕਨੇਡਾ ਦੀ ਇਹ ਪਹਾੜੀ ਝੀਲ ਨੁਮਾਂ ਸੁੰਦਰ ਸਰਹੱਦ ਸਭ ਤੋਂ ਵੱਡੀ ਹੈ . ਇਹ ਸਥਾਨ ਵਾਤਾਵਰਣ ਦਾ ਸਭ ਤੋਂ ਵੱਧ ਮਾਨਤਾ ਪ੍ਰਾਪਤ ਨਿਸਾਨ ਬਣਾਉਦਾ ਹੈ .ਦਸੰਬਰ 1995 ਨੂੰ ਵਾਟਰਟਨ ਗਲੇਸੀਅਰ ਇੰਟਰਨੈਸਨਲ ਪੀਸ ਪਾਰਕ ਨੂੰ ਅਧਿਕਾਰਿਤ ਤੌਰ 'ਤੇ ਇਕ ਯੂਨੈਸਕੋ ਵਰਲਡ ਹੈਰੀਟੇਜ ਸਾਈਟ ਨਾਮਜਦ ਕੀਤਾ ਗਿਆ . ਇਸ ਨੂੰ ਵਾਤਾਵਰਣ ਦੀ ਭਿੰਨਤਾ, ਇਸਦੇ ਸਹਿਯੋਗ ਅਤੇ ਚੰਗੇ ਇੱਛਾ ਸਕਤੀ ਦੇ ਨਮੂਨੇ ਵਜੋਂ ਲਿਆ ਗਿਆ ਹੈ . ਇਹ ਇਕ ਅਨੋਖਾ ਵਿਸਵ ਵਿਆਪੀ ਖਜਾਨਾ ਹੈ . ਰੋਟਰੀ ਇੰਟਰਨੈਸਨਲ ਦੀ ਤਰਫੋਂ ਸਰ ਚਾਰਲਸ ਆਰਥਰ ਮੰਡੇਰ ਦੁਆਰਾ ਇਹ ਸਰਹੱਦੀ ਸਾਂਝੀਦਾਰੀ ਵਿਸਵ ਸਾਂਤੀ ਨੂੰ ਸਮਰਪਿਤ ਕੀਤੀ ਗਈ .ਅੱਜ ਇਹ ਸਹਿਰ ਸੰਯੁਕਤ ਰਾਜ ਅਤੇ ਕਨੇਡਾ ਦੇ ਲੋਕਾਂ ਦੇ ਦਰਮਿਆਨ ਸਾਂਤੀ ਅਤੇ ਦੋਸਤੀ ਦੇ ਬੰਧਨ ਦਾ ਖੂਬਸੂਰਤ ਪ੍ਰਤੀਕ ਹੈ . ਇਸ ਸਥਾਨ ਨੂੰ ਵਿਸਵ ਵਿਰਾਸਤ ਵਾਲੀ ਅਦਭੁਤ ਸੁੰਦਰ ਜਗ੍ਹਾ ਵਜੋਂ ਮਨੋਨੀਤ ਕੀਤਾ ਗਿਆ . ਇਹ ਸਥਾਨ ਵਾਟਰਟਨ, ਕਨੇਡਾ ਦਾ ਦੂਜਾ ਬਾਇਓਸਪਿਅਰ ਰਿਜਰਵ ਅਥੇ ਯੂਨੈਸਕੋ ਦੇ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲਾ ਪਹਿਲਾ ਕਨੇਡੀਅਨ ਰਾਸਟਰੀ ਪਾਰਕ ਵੀ ਹੈ . ਦੁਨੀਆਂ ਵਿਚ ਇਸ ਤਰ੍ਹਾਂ ਦੀ ਕੋਈ ਹੋਰ ਜਗ੍ਹਾ ਨਹੀਂ ਹੈ . ਸਹਿਰ ਦੀਆਂ ਆਪਣੀਆਂ ਸੀਮਾਵਾਂ ਦੇ ਅੰਦਰ ਦੋ ਰਾਸਟਰੀ ਇਤਿਹਾਸਿਕ ਸਾਈਟਾਂ ਪੱਛਮੀ ਕਨੇਡਾ ਵਿਚ ਪਹਿਲੇ ਤੇਲ ਖੂਹ ਵੀ ਪਾਏ ਜਾਂਦੇ ਹਨ . ਕਈ ਕੋਇਲੇ ਦੀਆਂ ਖਾਨਾਂ ਵੀ ਮੌਜੂਦ ਸਨ .ਝੀਲ ਦੇ ਸੁਰੂਆਤੀ ਕੋਨੇ ਦੇ ਉਪੱਰ ਇਕ ਛੋਟੀ ਜਿਹੀ ਸੁੰਦਰ ਪਹਾੜੀ ਹੈ, ਜਿਸਦੇ ਪੈਰਾਂ ਵਿਚੋਂ ਝੀਲ ਦੀ ਆਮਦ ਬੇਗਾਨੇ ਵਾਤਾਵਰਣ ਨੂੰ ਆਪਣਾਪਨ ਦੇ ਕੇ ਸੁੰਦਰ ਦ੍ਰਿਸ ਸਥਾਪਿਤ ਕਰਦੀ ਹੋਈ ਜੰਨਤ ਦੇ ਸਗੁਫਤਾ ਪਹਿਰਾਵੇ ਨੂੰ ਪ੍ਰਤੀਬਿੰਬਿਤ ਕਰਦੀ ਹੈ . ਇਸ ਪਹਾੜੀ ਉਪੱਰ ਸਭ ਤੋਂ ਪਹਿਲਾਂ 1927 ਵਿਚ ਪ੍ਰਿੰਸ ਆਫ ਵੇਲਜ ਹੋਟਲ ਖੋਲ੍ਹਿਆ ਗਿਆ ਅਤੇ ਗਲੇਸੀਅਰ ਨੈਸਨਲ ਪਾਰਕ (ਯੂ.ਐਸ.ਏ.) ਦੀ ਬ ੱਸ ਸੇਵਾ ਸੁਰੂ ਕੀਤੀ ਗਈ . ਇਹ ਸਥਾਨ ਕਨੇਡਾ ਅਤੇ ਯੂ. ਐਸ. ਏ. ਦੇ ਦਰਮਿਆਨ ਸਾਂਤੀ, ਸਦਭਾਵਨਾ, ਸਹਿਯੋਗ, ਵਿਸਵਵਿਆਪੀ ਪ੍ਰੇਮ, ਸਮਾਨਤਾ, ਮਾਨਵ ਕੀਮਤਾਂ ਦਾ ਵਿਕਾਸ, ਨੈਤਿਕ ਭਾਵਨਾ, ਦ੍ਰਿਸਟੀ ਦਰਸਨ ਅਤੇ ਦੇਸ-ਵਿਦੇਸ ਦੀ ਮਾਨਵਤਾ ਦਾ ਮਿਲਣ ਉਤਸਵ ਬਣਾ ਕੇ ਇਕ ਸਰਵਉੱਚ ਜੀਵਨ ਭੌਤਿਕ ਸਮਰਿਧੀ ਦਾ ਸੰਦੇਸ ਦਿੰਦਾ ਹੈ . ਇਹ ਦੋਵੇਂ ਹੱਦਾਂ ਪਾਰ ਵਿਰਾਸਤ ਪ੍ਰਬੰਧਨ ਵਿਚ ਸਾਕਾਰਤਮਿਕ ਸਹਿਯੋਗ ਦੀ ਪ੍ਰਤੀਕ ਕਾਰਜਸੀਲ ਮਿਸਾਲ ਹੈ . ਇਸ ਸਥਾਨ ਵਿਖੇ ਜੀਵ ਵਿਗਿਆਨ ਦੇ ਭੰਡਾਰ, ਮਨੁੱਖੀ ਅਤੇ ਕੁਦਰਤੀ ਵਾਤਾਵਰਣ, ਪ੍ਰਮੁੱਖ ਟੀਚੇ ਦੀ ਜਾਣਕਾਰੀ ਦੇ ਆਦਾਨ-ਪ੍ਰਦਾਨ, ਖੋਜ, ਸਿੱਖਿਆ, ਸਿਖਲਾਈ, ਸੁਧਾਰ ਭੂਮੀ, ਪ੍ਰਬੰਧਨ, ਸਥਾਨਕ ਪ੍ਰਾਈਵੇਟ ਜਿ ?ਮੀਦਾਰਾ, ਸਰਕਾਰੀ ਏਜੰਸੀਆਂ, ਵੱਡੇ ਆਕਾਰ ਦੇ ਸਾਂਝੇ ਪ੍ਰਾਜੈਕਟ, ਮਨੋਰੰਜਨ ਕਿਰਿਆਵਾਂ ਸਥਾਨ, ਖੂਬਸੂਰਤ ਹੋਟਲ, ਸਾਧਾਰਣ ਰੂਪ ਵਿਚ ਭਿੰਨ ਭਿੰਨ ਸ੍ਰੇਣੀ ਦੇ ਅਮੀਰ ਪੌਦੇ, ਅਦਭੁਤ ਖੂਬਸੂਰਤ ਵਿਗਿਆਨ ਵਿਧੀ ਦੀ ਲੈਂਡ ਸਕੇਪਿੰਗ, ਪਹਾੜੀਆਂ ਦੇ ਨਾਰੰਗੀ ਕਿਰਮਚੀ ਕਸੀਦਾਕਾਰੀ ਸਿ ?ਲਪ ਦੇ ਦ੍ਰਿਸ ਆਪਣੀ ਹੋਂਦ ਨੂੰ ਪ੍ਰਮਾਣਿਕਤਾ ਦਿੰਦੇ ਪ੍ਰਤੀਤ ਹੁੰਦੇ ਹਨ . ਪ੍ਰਿੰਸ ਆਫ ਵੇਲਜ ਹੋਟਲ ਦਾ ਇਕ ਸਾਨਦਾਰ ਡਿਜਾਇਨ ਅਤੇ ਨਾਟਕੀ ਦ੍ਰਿਸ ਇਸ ਵਾਤਾਵਰਣ ਦਾ ਸਭ ਤੋਂ ਵੱਧ ਮਾਨਤਾ ਪ੍ਰਾਪਤ ਨਿਸਾਨ ਚਿੰਨ੍ਹ ਹੈ . ਇਹ ਸੁੰਦਰ ਹੋਟਲ ਇਸ ਇਲਾਕੇ ਦਾ ਸਭ ਤੋਂ ਵੱਧ ਆਕਰਸਣ ਦਾ ਕੇਂਦਰ ਹੈ ਅਤੇ ਬਹੁਤ ਮਹਿੰਗਾ ਹੋਟਲ ਹੈ . ਇਸ ਹੋਟਲ ਤੋਂ ਝੀਲ ਦੀ ਦੂਰੀ, ਸਾਰਾ ਸਹਿਰ ਨਜਰ ਆਉਂਦਾ ਹੈ . ਦੋਵਾਂ ਦੇਸਾਂ ਦੇ ਵਿਗਿਆਨੀਆਂ ਦੀ ਸੋਚ ਨੂੰ ਅਭਿਵਾਦਨ, ਸੱਜਦਾ ਕਰਨਾ ਬਣਦਾ ਹੈ ਕਿਉਂਕਿ ਉਨ੍ਹਾਂ ਦੇ ਇਨ੍ਹਾਂ ਝੀਲਾਂ ਦੀ ਵੰਡ ਨਹੀਂ ਹੋਣ ਦਿੱਤੀ ਕਿਉਂਕਿ ਅੱਧੀ ਝੀਲ ਅਮਰੀਕਾ ਵਿਚ ਅਤੇ ਅੱਧੀ ਝੀਲ ਕਨੇਡਾ ਵਿਚ ਆਉਂਦੀ ਸੀ ਪਰ ਦੋਵਾਂ ਦੇਸਾਂ ਦੇ ਵਿਗਿਆਨੀਆਂ ਦੇ ਸਾਂਝੀ ਸੋਚ ਅਪਣਾਉਂਦੇ ਹੋਏ ਕਿਹਾ, ਜੀਉਲਜੀ ਕੋਈ ਸੀਮਾਵਾਂ ਨਹੀਂ ਪਛਾਣਦੀ ਅਤੇ ਜਿਵੇਂ ਕਿ ਝੀਲ ਪਈ ਹੈ, ਕੋਈ ਵੀ ਮਨੁੱਖ ਦੁਆਰਾ ਬਣਾਈ ਗਈ ਸੀਮਾਂ ਪਾਣੀ ਨੂੰ ਵੱਖ ਨਹੀਂ ਕਰ ਸਕਦੀ . ਇਸ ਝੀਲ ਦੇ ਰਸਤੇ ਅਮਰੀਕਾ ਦੀ ਹੱਦ ਮੋਨਟਾਨਾ ਵਿਖੇ ਪਹੁੰਚਣ ਲਈ ਇਕ ਸਾਨਦਾਰ ਇਕ ਮੰਜਿ ?ਲਾ ਕਰੂਜ (ਛੋਟਾ ਸਿ ?ਪ) ਦੀ ਵਰਤੋਂ ਕੀਤੀ ਜਾਂਦੀ ਹੈ . ਵਾਟਰਟਨ ਦਾ ਪ੍ਰਮੁੱਖ ਖਿੱਚ ਦਾ ਕੇਂਦਰ ਅਤੇ ਵਿਸੇਸ ਮਹੱਤਵਪੂਰਨ ਮਨੋਰੰਜਨ ਦਾ ਸਾਧਨ ਹੈ 'ਕਰੂਜ' . ਕਰੂਜ ਦੇ ਵਿਚ ਬੈਠ ਕੇ ਹੀ ਝੀਲ ਦੇ ਆਲੇ-ਦੁਆਲੇ ਦੇ ਖੂਬਸੂਰਤ ਵੱਖ-ਵੱਖ ਸ੍ਰੇਣੀਆਂ ਦੇ ਪਹਾੜਾਂ ਦਾ ਨਜਾਰਾ ਲਿਆ ਜਾ ਸਕਦਾ ਹੈ . ਕਰੂਜ ਵਿਚ ਸਫਰ ਕਰਨ ਦੀ ਟਿਕਟ ਲਗਦੀ ਹੈ ਅਤੇ ਇਸ ਦਾ ਸਮਾਂ ਨਿਰਧਾਰਿਤ ਹੈ . ਸਵੇਰੇ ਦਸ ਵਜੇ, ਇਕ ਵਜੇ ਅਤੇ ਸਾਮੀ ਚਾਰ ਵਜੇ ਕਰੂਜ ਚਲਦਾ ਹੈ . ਕਿਉਂਕਿ ਇਹ ਝੀਲ ਲਗਭਗ 80 ਕਿਲੋਮੀਟਰ ਲੰਬੀ ਹੈ ਅਤੇ ਕਰੂਜ ਦੇ ਆਉਣ ਜਾਣ ਲਈ ਦੋ ਘੰਟੇ ਲਗਦੇ ਹਨ . ਕਰੂਜ ਵਿਚ ਖਾਣ-ਪੀਣ ਦਾ ਸਮਾਂ ਨਹੀਂ ਮਿਲਦਾ . ਨਾ ਹੀ ਕੋਈ ਪਖਾਨਾ ਹੈ . ਖਾਣ-ਪੀਣ ਦਾ ਸਾਮਾਨ ਨਾਲ ਲੈ ਕੇ ਜਾ ਸਕਦੇ ਹਨ . ਕਰੂਜ ਵਿਚ ਨਿਸਚਿਤ ਅਤੇ ਨਿਰਧਾਰਿਤ ਸੀਟਾਂ ਹੀ ਹੁੰਦੀਆਂ ਹਨ . ਬੁਕਿੰਗ ਇਕ ਦਿਨ ਪਹਿਲਾਂ ਹੀ ਕਰਵਾਉਣੀਂ ਪੈਂਦੀ ਹੈ . ਕਰੂਜ ਦਾ ਚਾਲਕ ਅਤੇ ਉਸ ਨਾਲ ਉਸ ਦਾ ਇਕ ਸਹਾਇਕ ਹੁੰਦਾ ਹੈ ਜੋ ਕਰੂਜ ਦੇ ਚੱਲਣ ਦੇ ਨਾਲ-ਨਾਲ ਝੀਲ, ਪਹਾੜਾਂ, ਪ੍ਰਾਚੀਨਤਾ ਅਤੇ ਆਧੁਨਿਕ ਇਤਿਹਾਸ ਦੀ ਜਾਣਕਾਰੀ ਸਪੀਕਰ (ਮਾਈਕ) 'ਤੇ ਦਿੰਦਾ ਰਹਿੰਦਾ ਹੈ . ਜਦ ਕਰੂਜ ਚਲਦਾ ਹੈ ਕੁਝ ਦੇਰ ਬਾਅਦ ਹੀ ਸਰ-ਸਰ ਤੇਜ ਹਵਾਵਾਂ ਪਿਛਾਂਹ ਨੂੰ ਪਿਛਾੜਦੀਆਂ ਹਨ . ਉਚੀਆਂ ਪਹਾੜੀਆਂ ਦੇ ਵਿਚਕਾਰ ਝੀਲ ਵਿਚ ਚਲਦਾ ਕਰੂਜ ਕਿਸੇ ਸਵਰਗ ਤੋਂ ਘੱਟ ਪ੍ਰਤੀਤ ਨਹੀਂ ਹੁੰਦਾ . ਲਗਭਗ ਇਕ ਘੰਟੇ ਬਾਅਦ ਅਮਰੀਕਾ ਦਾ ਬਾਰਡਰ ਮੋਨਟਾਨਾ ਆ ਜਾਂਦਾ ਹੈ ਜਿੱਥੇ ਝੀਲ ਖਤਮ ਹੋ ਜਾਂਦੀ ਹੈ . ਕਰੂਜ ਦੀ ਉਪਰਲੀ ਤੇ ਹੇਠਲੀ ਮੰਜਿ ?ਲ ਉਪਰ ਬੈਠਣ ਲਈ ਸੀਟਾਂ ਦਾ ਪ੍ਰਬੰਧ ਹੈ . ਫੋਟੋਗ੍ਰਾਫੀ ਕਰਨ ਦਾ ਇਥੇ ਆਪਣਾ ਹੀ ਲੁਤਫ ਹੈ . ਸੱਜੇ ਖੱਬੇ ਪਹਾੜਾਂ ਵਿਚ ਕੀਤੀ ਗਈ ਵਿਗਿਆਨਕਿ ਤਕਤੀਬ ਨਾਲ ਲੈਂਡ ਸਕੇਪਿੰਗ ਜੰਨਤ ਦੇ ਬੂਹੇ ਖੋਲ੍ਹ ਦਿੰਦੀ ਹੇ . ਜਿੱਥੇ ਕਰੂਜ ਰੁਕਦਾ ਹੈ ਉਸ ਸਰਹੱਦ ਦੇ ਨਾਲ 1926 ਦੇ ਸਮੇਂ ਦੀਆਂ ਸੈਡਾਂ ਵੀ ਮੌਜੂਦ ਹਨ . ਇੱਥੋਂ ਦੇ ਵਾਤਾਵਰਣ, ਮਨੋਹਾਰੀ ਦ੍ਰਿਸ ਆਪਣੀ ਸੰਸਕ੍ਰਿਤੀ ਦੇ ਸਿ ?ਲਪ ਦਾ ਨਿਰਮਾਣ ਕਰਦੇ ਨਜਰ ਆਉਂਦੇ ਹਨ . ਇਹ ਸਰਹੱਦ ਮਾਨਵੀ ਕੀਮਤਾਂ ਦੀ ਸੁੰਦਰਤਾ ਅਤੇ ਪ੍ਰੇਮ ਭਾਵਨਾ ਦੀ ਸੰਵੇਦਨਾ ਦਾ ਸੰਦੇਸ ਦਿੰਦੀ ਹੈ . ਇਥੋਂ ਦਾ ਅਧਿਆਤਮਿਕ ਪਰ ਸਕੂਲ ਵਾਤਾਵਰਣ ਮਨੋਰੰਜਨ ਦੀ ਨੀਤੀ ਨੂੰ ਜੰਨਤ ਵਿਚ ਤਬਦੀਲ ਕਰ ਦਿੰਦਾ ਹੈ . ਇਥੋਂ ਦਾ ਪ੍ਰਸਾਸਨ ਸਮਾਜ ਦੇ ਯਾਤਰੀਆਂ ਦੇ ਪ੍ਰਤੀ ਨਿਸਠਾ, ਕਰਤੱਵ ਭਾਵਨਾ ਨੂੰ ਸਦੈਵ ਅਰਪਿਤ ਕਰਨ ਦੀ ਉਮੰਗ ਵਿਚ ਰਹਿੰਦਾ ਹੈ . ਪ੍ਰਾਚੀਨਤਾ ਅਤੇ ਆਧੁਨਿਕਤਾ ਦਾ ਸੰਯੁਕਤ ਮਿਸਰਣ ਵੀ ਜੀਵਨ ਨੂੰ ਭੌਤਿਕ ਸਮਰਿਧੀ ਪ੍ਰਦਾਨ ਕਰਦਾ ਹੈ . ਝੀਲ ਦਾ ਨੀਲਾ ਗਹਿਰਾ ਪਾਣੀ ਜਗ੍ਹਾ-ਜਗ੍ਹਾ 'ਤੇ ਰੰਗ ਬਦਲਦਾ ਸਾਫ ਸੁੱਧਤਾ ਦਾ ਸੰਦੇਸ ਦਿੰਦਾ ਹੋਇਆ ਆਪਣਾ ਪਥ ਆਪਣੇ ਆਪ ਖੋਲ੍ਹਦਾ ਹੈ . ਜਦ ਕਰੂਜ ਚਲਦਾ ਹੈ ਤਾਂ ਪਿਛਲੇ ਪਾਸੇ ਇਵੇਂ ਮਹਿਸੂਸ ਹੁੰਦਾ ਹੈ ਜਿਵੇਂ ਪਾਣੀ ਨੂੰ ਵੱਡੀ ਮਧਾਣੀ ਨਾਲ ਰਿੜਕਿਆ ਜਾ ਰਿਹਾ ਹੋਵੇ . ਪਾਣੀ ਦਾ ਰਿੜਕਣਾ ਕਈ ਤਰ੍ਹਾਂ ਦੇ ਰੰਗ ਬਣਾਉਂਦਾ ਹੈ ਜਿਵੇਂ ਪਾਣੀ ਉਪਰ ਮੱਖਣ ਤੈਰ ਰਿਹਾ ਹੋਵੇ . ਕਰੂਜ ਦੇ ਸਹਿ ਯਾਤਰੀ ਨੀਤੀ-ਨਿਯਮਾਂ ਦੇ ਪ੍ਰਭੂਤਵ ਵਿਚ ਬੱਝੇ ਹੁੰਦੇ ਹਨ . ਕੋਈ ਵੀ ਉਲੰਘਣ ਨਹੀਂ ਕਰ ਸਕਦਾ . ਸਿਰਜਨਾਤਮਿਕ ਅਤੇ ਵਿਚਾਰ ਦੇ ਸਾਹ ਵੀ ਬਣਾਈ ਰੱਖਣਾ ਜਰੂਰੀ ਹੈ . ਕਰੂਜ ਜਦੋਂ ਚਲਦਾ ਹੋਇਆ ਅੱਗੇ ਵਧਦਾ ਹੈ ਤਾਂ ਨਾਟਕੀਏ ਢੰਗ ਨਾਲ ਅੱਗੇ ਆਉਂਦੇ ਜਗਿਆਸਾਮਈ ਦ੍ਰਿਸ ਪਰਿਵਰਤਨਾਂ ਦਾ ਸਵਾਗਤ ਕਰਦੇ ਹਨ . ਅਲਬੰਤਾ ਪਰਤ-ਦਰ-ਪਰਤ ਦ੍ਰਿਸ ਖੁਲ੍ਹਦੇ ਜਾਂਦੇ ਹਨ . ਜਗਿਆਸਾ ਨੂੰ ਸੰਪੂਰਨਤਾ ਦੀ ਆਹਲੂ ਮਿਲਦੀ ਹੈ . ਪਹਾੜਾਂ ਦੀ ਵੀ ਇਕ ਭਾਸਾ ਹੁੰਦੀ ਹੈ, ਜੋ ਜਿਨ੍ਹਾਂ ਪਹਾੜਾਂ ਦੇ ਪੈਰ੍ਹਾਂ ਵਿਚ ਸੁੱਧ ਜਲ ਅਰਚਨਾ ਪੂਜਾ ਕਰਦਾ ਹੋਇਆ ਆਸਥਾ ਨਿਰਮਾਣ ਕਰਦਾ ਹੈ, ਉਸ ਭਾਸਾ ਨੂੰ ਬਹਿਰੇ, ਸੂਰਦਾਸ, ਗੁੰਗੇ-ਬੋਲੇ ਵੀ ਸਮਝ ਸਕਦੇ ਹਨ . ਇਕ ਪਹਾੜ ਇਹ ਤਰ੍ਹਾਂ ਪ੍ਰਤੀਤ ਹੁੰਦੇ ਹਨ ਜਿਸ ਤਰ੍ਹਾਂ ਕੋਈ ਸਾਧੂ ਹੱਥ ਵਿਚ ਕਮੰਡਲ ਅਤੇ ਕਟੋਰੇ ਲੈ ਕੇ ਯਾਤਰਾ ਦਾ ਆਗਮਨ ਕਰ ਰਿਹਾ ਹੋਵੇ . ਪੀਤਾਂਬਰੀ, ਨਾਰੰਗੀ, ਕਿਰਮਚੀ ਪੌਦਿਆਂ ਦੀ ਸੁੰਦਰਤਾ . ਕਰਘਾ ਦੀ ਤਰ੍ਹਾਂ ਪਾਣੀ ਦੀਆਂ ਲਹਿਰਾਂ ਵਿਚ ਬੁਣਦੀਆਂ ਪ੍ਰਤੀਤ ਹੁੰਦੀਆਂ ਹਨ . ਝੀਲ ਦੇ ਛਿਤਲੇ ਪਾਣੀ ਵਿਚ ਬੱਚੇ, ਨੌਜਵਾਨ ਸਭ ਫੋਟੋ ਖਿਚਵਾਣ ਦੀ ਰੁਚੀ ਰਖਦੇ ਹਨ . ਪਹਾੜ ਦੀਆਂ ਚੋਟੀਆਂ ਕਿਸੇ ਟਿਟਾਉਣੇ ਦਾ ਕਾਰਜ ਵੀ ਕਰਦੀਆਂ ਪ੍ਰਤੀਤ ਹੁੰਦੀਆਂ ਹਨ . ਅੱਖਾਂ ਜਦ ਨਵੇਂ-ਨਵੇਂ ਦ੍ਰਿਸ ਵੇਖਦੀਆਂ ਹਨ . ਹਿਰਦੇ ਵਿਚ ਖੂਬਸੂਰਤ ਪਲ ਅੰਕੁਰਿਤ ਹੋ ਜਾਂਦੇ ਹਨ . ਵਾਕਿਆ ਹੀ ਇਹ ਸਥਾਨ ਕਿਸੇ ਜੰਨਤ ਤੋਂ ਘੱਟ ਨਹੀਂ .





**ਬਲਵਿੰਦਰ ਬਾਲਮ ਗੁਰਦਾਸਪੁਰ**
**ਓਂਕਾਰ ਨਗਰ, ਗੁਰਦਾਸਪੁਰ ਪੰਜਾਬ**
**ਐਡਮਿੰਟਨ ਕੈਨੇਡਾ 98156-25409 ਵਟਸਐਪ**

# ਪਵਿੱਤਰ ਧਰਤੀ ਪਾਉਂਟਾ ਸਾਹਿਬ ਦੇ ਇਤਿਹਾਸਿਕ ਗੁਰਦੁਆਰੇ



ਪੂਰੇ ਸੰਸਾਰ ਵਿਚ ਪਾਉਂਟਾ ਸਾਹਿਬ ਦੀ ਮਹੱਤਤਾ ਵਿਲੱਖਣ ਹੈ ਕਿਉਕਿ ਪਾਉਂਟਾ ਸਾਹਿਬ ਹੀ ਇਕੋ ਇਕ ਅਜਿਹਾ ਸ਼ਹਿਰ ਹੈ ਜਿਸਦਾ ਨੀਂਹ ਪੱਥਰ ਸ੍ਰੀ ਗੁਰੂ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਰੱਖਿਆ ਸੀ ਅਤੇ ਇਸਦਾ ਨਾਮ ਪਾਉਂਟਾ ਸਾਹਿਬ ਉਹਨਾਂ ਹੀ ਨਿਸ਼ਚਿਤ ਕੀਤਾ ਸੀ। ਪੁਰਾਣੀ ਨਾਹਨ ਰਿਆਸਤ ਵਿਚ ਸਥਿਤ ਹਿਮਾਚਲ ਪ੍ਰਦੇਸ਼ ਵਿਚ ਜਮਨਾ ਨਦੀ ਦੇ ਕੰਢੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਾਰ ਸਾਲ ਤੋਂ ਵੀ ਵੱਧ ਸਮਾ ਰਹੇ। ਸਿੱਖ ਇਤਹਾਸ ਅਨੁਸਾਰ ਦਸ਼ਮੇਸ ਜੀ ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਦੀ ਬੇਨਤੀ ਉਤੇ 1685 ਈ: ਵਿਚ ਨਾਹਨ ਪਹੁੰਚੇ ਸਨ ਅਤੇ ਬਹੁਤ ਹੀ ਸੁੰਦਰ ਕੁਦਰਤੀ ਨਜਾਰਿਆਂ ਅਤੇ ਪ੍ਰਭਾਵਸ਼ਾਲੀ ਵਾਤਾਵਰਣ ਨੂੰ ਮੁੱਖ ਰੱਖ ਕੇ ਦਸਮੇਸ਼ ਜੀ ਨੇ ਇਹ ਸ਼ਹਿਰ ਵਸਾਇਆ ਸੀ। ਬਹੁਤ ਥੋੜੀ ਦੇਰ ਵਿਚ ਹੀ ਇਥੇ ਜੰਗਲ ਵਿਚ ਮੰਗਲ ਲੱਗ ਗਿਆ ਅਤੇ ਇਹ ਇਕ ਅਨੰਦਮਈ ਨਗਰ ਬਣ ਗਿਆ। ਗੁਰੂ ਜੀ ਦੇ ਇਥੇ ਰਹਿਣ ਸਮੇਂ ਦੇ ਜੀਵਨ ਨੂੰ ਦਰਸਾਉਂਦੀਆਂ ਅਨੇਕਾਂ ਯਾਦਗਾਰਾਂ ਹਨ ਜਿੱਥੇ ਅੱਜ ਕਧਲ ਸ਼ਾਨਦਾਰ ਗੁਰਦੁਆਰੇ ਸਾਹਿਬ ਸ਼ੁਸੋਭਤ ਹਨ। ਇਿਹਨਾਂ ਵਿਚ ਪ੍ਰਮੁੱਖ ਇਸ ਪ੍ਰਕਾਰ ਹਨ।

**ਗੁਰਦੁਆਰਾ ਸ਼੍ਰੀ ਹਰਿਮੰਦਰ ਸਾਹਿਬ:** ਜਮਨਾ ਨਦੀ ਦੇ ਕੰਢੇ ਇਹ ਉਹ ਪਵਿੱਤਰ ਸਥਾਨ ਹੈ ਜਿੱਥੇ ਗੁਰੂ ਜੀ ਨੇ ਆ ਕੇ ਆਪਣੇ ਠਹਿਰਣ ਲਈ ਪਹਿਲਾਂ ਕੈਂਪ ਲਗਾਇਆ। ਬਹੁਤ ਹੀ ਰਮਣੀਕ, ਸੁੰਦਰ ਕੁਦਰਤੀ ਅਸਥਾਨ ਤੇ ਗੁਰੂ ਜੀ ਨੇ ਕਿਲੇ ਵਰਗੀ ਇਮਾਰਤ ਉਸਾਰੀ ਅਤੇ ਇਥੇ ਹੀ ਪਾਉਂਟਾ ਨਗਰ ਦਾ ਨੀਂਹ ਪੱਥਰ ਰੱਖਿਆ। ਇਸ ਅਸਥਾਨ 'ਤੇ ਅੱਜ ਕਲ ਬਹੁਤ ਹੀ ਸ਼ਾਨਦਾਰ ਗੁਰਦੁਆਰਾ ਹਰਿਮੰਦਰ ਸਾਹਿਬ ਸੁਸੋਭਿਤ ਹੈ। ਇਥੇ ਗੁਰੂ ਜੀ ਚਾਰ ਸਾਲ ਤੋਂ ਵੀ ਵੱਧ ਸਮੇਂ ਲਈ ਅਧਿਆਤਮਕ ਗਿਆਨ ਦੀ ਪੂੰਜੀ ਪ੍ਰਦਾਨ ਕਰਦੇ ਰਹੇ। ਗੁਰੂ ਜੀ ਦੇ ਜੀਵਨ ਨਾਲ ਸਬੰਧਤ ਕੁਝ ਨਿਸ਼ਾਨੀਆਂ ਵੀ ਇਥੇ ਸੰਭਾਲੀਆਂ ਹੋਈਆਂ ਹਨ। ਇਸ ਸਥਾਨ 'ਤੇ ਸਦਾ ਸੰਗਤਾਂ ਦੀ ਚਹਿਲ ਪਹਿਲ ਰਹਿੰਦੀ ਹੈ। ਹੇਮ-ਕੁੰਟ ਸਾਹਿਬ ਦੇ ਦਰਸ਼ਨਾ ਲਈ ਜਾਂਦੀਆਂ ਸੰਗਤਾਂ ਇਥੇ ਵੀ ਜ਼ਰੂਰ ਨਤਮਸਤਕ ਹੁੰਦੀਆਂ ਹਨ।



**ਗੁਰਦੁਆਰਾ ਸ੍ਰੀ ਦਸਤਾਰ ਅਸਥਾਨ ਸਾਹਿਬ:** ਇਹ ਉਹ ਪਵਿੱਤਰ ਸਥਾਨ ਹੈ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੁੰਦਰ ਦਸਤਾਰਾਂ ਦੇ ਮੁਕਾਬਲੇ ਕਰਵਾਇਆ ਕਰਦੇ ਸਨ ਅਤੇ ਇਨਾਮ ਵੰਡਿਆ ਕਰਦੇ ਸਨ। ਇਸ ਸਥਾਨ 'ਤੇ ਹੀ ਗੁਰੂ ਜੀ ਨੇ ਪੀਰ ਬੁੱਧੂ ਸ਼ਾਹ ਦੀ ਕੁਰਬਾਨੀ ਦੀ ਵਿਸ਼ੇਸ਼ ਪ੍ਰਸੰਸਾ ਕੀਤੀ ਸੀ ਅਤੇ ਸਿਰੋਪਾ ਬਖਸ਼ਿਆ ਸੀ ਅਤੇ ਪੀਰ ਬੁੱਧੂ ਸ਼ਾਹ ਜੀ ਦੀ ਬੇਨਤੀ ਤੇ ਉਹਨਾਂ ਨੂੰ ਇਕ ਕੰਘਾ ਪਵਿੱਤਰ ਕੇਸਾਂ ਸਮੇਤ ਯਾਦ ਨਿਸ਼ਾਨੀ ਦੇ ਤੌਰ 'ਤੇ ਦੇ ਦਿੱਤਾ ਸੀ। ਜੋ ਸਦੀਆਂ ਤੋਂ ਪੀਰ ਜੀ ਦੀ ਸੰਤਾਨ ਪਾਸ ਸੰਭਾਲਿਆ ਰਿਹਾ।



**ਕਵੀ ਦਰਬਾਰ ਅਸਥਾਨ:** ਗੁਰਦੁਆਰਾ ਹਰਿਮੰਦਰ ਸਾਹਿਬ ਦੇ ਪਿਛਲੇ ਪਾਸੇ ਪਹਾੜੀ ਦੀ ਢਲਾਣ, ਯਮਨਾ ਨਦੀ ਦੇ ਬਿਲਕੁਲ ਕੰਢੇ 'ਤੇ ਗੁਰੂ ਜੀ ਦੇ ਆਪਣੇ 52 ਪ੍ਰਸਿੱਧ ਕਵੀਆਂ ਨਾਲ ਕਵੀ ਦਰਬਾਰ ਸਜਾਉਣ ਵਾਲੀ ਪਵਿੱਤਰ ਥਾਂ ਕਵੀ ਦਰਬਾਰ ਅਸਥਾਨ ਵਜੋਂ ਪ੍ਰਸਿੱਧ ਹੈ। ਗੁਰੂ ਜੀ ਨੇ ਕਈ ਬਾਣੀਆ ਜਿਹਨਾਂ ਵਿਚ ਜਾਪੁ ਸਾਹਿਬ, ਸਵੱਯੇ ਪਾਤਸ਼ਾਹੀ ਦਸਵੀਂ, ਅਕਾਲ ਉਸਤਤ, ਚੰਡੀ ਦੀ ਵਾਰ ਅਤੇ ਬਚਿਤ੍ਰ ਨਾਟਕ ਦੇ ਬਹੁਤ ਹਿੱਸੇ ਦੀ ਰਚਨਾ ਇਸ ਅਸਥਾਨ 'ਤੇ ਹੀ ਕੀਤੀ ਸੀ।

ਇਸ ਅਸਥਾਨ 'ਤੇ ਹੀ ਬਹਤ ਬਹੁ-ਮੁੱਲੇ ਸਾਹਿਤ ਦੀ ਰਚਨਾ ਹੋਈ। ਅੱਜ ਕੱਲ ਇਸ ਸਥਾਨ ਨੂੰ ਵਧੀਆ ਦਿੱਖ ਦਿਤੀ ਜਾ ਚੁੱਕੀ ਹੈ ਅਤੇ ਪ੍ਰਬੰਧਕਾਂ ਵੱਲੋਂ ਹਰ ਪੂਰਨਮਾਸੀ ਦੀ ਰਾਤ ਕਵੀ ਦਰਬਾਰ ਦੀ ਪ੍ਰੰਪਰਾ ਉਸੇ ਤਰ੍ਹਾਂ ਜਾਰੀ ਹੈ। ਇਥੇ ਹੀ ਗਰੂ ਜੀ ਨੇ ਆਪਣੇ 52 ਕਵੀਆਂ ਵਿਚੋਂ ਚੰਦਨ ਕਵੀ ਦਾ ਹੰਕਾਰ ਵੀ ਧੰਨਾ ਘਾਹੀਆ ਜੀ ਰਾਹੀਂ ਤੋੜਿਆ ਸੀ।

**ਗੁਰਦੁਆਰਾ ਸ਼ੇਰਗਾਹ ਸਾਹਿਬ:** ਗੁਰਦੁਆਰਾ ਪਾਉਂਟਾ ਸਾਹਿਬ ਤੋਂ ਭੰਗਾਣੀ ਸਾਹਿਬ ਨੂੰ ਜਾਣ ਵਾਲੇ ਰਸਤੇ ਪਰ ਪਿੰਡ ਨਿਹਾਲਗੜ੍ਹ ਵਿਖੇ ਗੁਰਦੁਆਰਾ ਸ਼ੇਰਗਾਹ ਸਾਹਿਬ ਸਸ਼ੋਭਿਤ ਤ ਹੈ ਜਿਹੜਾ ਕਿ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਰਾਜਾ ਨਾਹਨ ਮੇਦਨੀ ਪ੍ਰਕਾਸ਼ ਅਤੇ ਮਹਾਰਾਜਾ ਫਤਹਿ ਚੰਦ ਗੜ੍ਹਵਾਲ ਦੇ ਸਾਹਮਣੇ ਭਿਆਨਕ ਸ਼ੇਰ ਨੂੰ ਮਾਰਨ ਦੀ ਯਾਦ ਸਮੇਟੇ ਹੋਏ ਹੈ। ਗੁਰੂ ਜੀ ਨੇ ਆਪਣੀ ਅਥਾਹ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਸੀ। ਗੁਰਦੁਆਰਾ ਸਾਹਿਬ ਦੀ ਬਹੁਤ ਹੀ ਸਾਨਦਾਰ ਇਮਾਰਤ ਤਿਆਰ ਹੋ ਚੁੱਕੀ ਹੈ। ਸਦਾ ਗੁਰੂ ਦੇ ਲੰਗਰ ਅਤੁੱਟ ਵਰਤਦੇ ਹਨ। ਗੁਰਦੁਆਰਾ ਭੰਗਾਣੀ ਸਾਹਿਬ ਨੂੰ ਜਾਣ ਵਾਲੀਆ ਸੰਗਤਾਂ ਇਸ ਸਥਾਨ ਦੇ ਵੀ ਦਰਸ਼ਨ ਕਰਦੀਆਂ ਹਨ।



**ਗੁਰਦੁਆਰਾ ਭੰਗਾਣੀ ਸਾਹਿਬ:** ਗੁਰਦੁਆਰਾ ਭੰਗਾਣੀ ਸਾਹਿਬ ਉਸ ਪਵਿੱਤਰ ਸਥਾਨ ਉੱਤੇ ਸੁਸ਼ੋਭਿਤ ਹੈ ਜਿਥੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਕਾਲ ਦਾ ਸਭ ਤੋਂ ਪਹਿਲਾਂ ਯੁੱਧ ਲੜਿਆ ਅਤੇ ਬਾਈਧਾਰ ਦੇ ਪਹਾੜੀ ਰਾਜਿਆਂ ਦੀਆਂ 20-25 ਹਜ਼ਾਰ ਫ਼ੌਜਾਂ ਨੂੰ ਹਰਾ ਕੇ ਆਪਣੀ ਸੂਰਬੀਰਤਾ, ਸੁਚੱਜੀ ਅਗਵਾਈ, ਅਨੋਖੀ ਵਿਊਂਤਬੰਦੀ ਅਤੇ ਤੀਰ ਨਿਪੁੰਨਤਾ ਦੀ ਮਿਸਾਲ ਪੇਸ਼ ਕੀਤੀ। ਮੁੱਖ ਗੁਰਦੁਆਰਾ ਹਰਿਮੰਦਰ ਸਾਹਿਬ ਪਾਉਂਟਾ ਸਾਹਿਬ ਤੋਂ 21 ਕਿਲੋਮੀਟਰ ਦੂਰ ਹਰੇ ਭਰੇ ਖੇਤਾਂ ਵਿਚ ਇਕਾਂਤ ਥਾਂ 'ਤੇ ਇਹ ਗੁਰਦੁਆਰਾ ਸਾਹਿਬ, ਕਿਸੇ ਭਿਆਨਕ ਜੰਗ ਦੀ ਯਾਦ ਕਰਵਾਉਂਦਾ ਹੈ। ਇਸ ਗੁਰਦੁਆਰਾ ਸਾਹਿਬ ਵਿਖੇ ਨਵਾਂ ਦੀਵਾਨ ਹਾਲ ਤਿਆਰ ਹੋ ਚੁੱਕਿਆ ਹੈ ਅਤੇ ਸੰਗਤਾਂ ਦੀ ਸਹੂਲਤ ਲਈ ਨਵੀਂ ਬਹੁ-ਮੰਜਲੀ ਸਰਾਂ ਬਣ ਰਹੀ ਹੈ। ਇਸ ਥਾਂ 'ਤੇ ਇਕ ਪੁਰਾਣਾ ਇਤਹਾਸਕ ਜਾਮਣ ਦਾ ਰੁੱਖ ਸਥਿਤ ਹੈ ਜਿਸ ਨਾਲ ਗੁਰੂ ਜੀ ਆਪਣਾ ਘੋੜਾ ਬੰਨਿਆ ਕਰਦੇ ਸਨ।

**ਗੁਰਦੁਆਰਾ ਤੀਰਗੜ੍ਹੀ ਸਾਹਿਬ:** ਪਾਉਂਟਾ ਸਾਹਿਬ ਦੀ ਧਰਤੀ 'ਤੇ ਗੁਰਦੁਆਰਾ ਤੀਰਗੜ੍ਹੀ ਸਾਹਿਬ ਦੀ ਵੀ ਵਿਸ਼ੇਸ਼ ਮਹਾਨਤਾ ਹੈ ਕਿਉਕਿ ਭੰਗਾਣੀ ਦੇ ਯੁੱਧ ਸਮੇਂ ਗੁਰੂ ਜੀ ਇਥੇ ਉੱਚੇ ਟਿੱਲੇ 'ਤੇ ਖੜ੍ਹੇ ਹੋ ਕੇ ਦੁਸ਼ਮਣਾ ਵੱਲ ਤੀਰ ਚਲਾਉਂਦੇ ਸਨ ਅਤੇ ਰਾਜਾ ਹਰੀ ਚੰਦ ਜਿਹੇ ਤੀਰ ਨਿਪੁੰਨ ਯੋਧਿਆਂ ਨੂੰ ਆਪਣੀ ਤੀਰ ਅੰਦਾਜ਼ੀ ਦਾ ਅਹਿਸਾਸ ਕਰਾਉਂਦੇ ਸਨ। ਗੁਰਦੁਆਰਾ ਤੀਰਗੜ੍ਹੀ ਸਾਹਿਬ ਪਾਉਂਟਾ ਸਾਹਿਬ ਤੋਂ 18 ਕਿਲੋਮੀਟਰ ਦੀ ਦੂਰੀ ਪਰ ਇਕ ਉੱਚੀ ਥਾਂ ਤੇ ਸਸ਼ੋਭਿਤ ਹੈ। ਇਸ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦੀ ਉਸਾਰੀ ਦੇ ਕੰਮ ਦੀ ਸੇਵਾ ਸੰਤ ਸਰੂਪ ਸਿੰਘ ਜੀ ਨੇ ਕਰਵਾਈ ਹੈ।

7) **ਗੁਰਦੁਆਰਾ ਦਸਮੇਸ਼ ਦਰਬਾਰ ਛਾਉਣੀ ਵਾਲਾ ਸਾਹਿਬ :-**

ਇਹ ਪਵਿੱਤਰ ਅਸਥਾਨ ਗੁਰਦੁਆਰਾ ਪਾਉਂਟਾ ਸਾਹਿਬ ਤੋਂ 8 ਕਿਲੋਮੀਟਰ ਦੀ ਦੂਰੀ ਪਰ ਭੰਗਾਣੀ ਸਾਹਿਬ ਰੋਡ ਪਰ ਹੀ ਸਥਿਤ ਹੈ। ਇਸ ਸਥਾਨ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭੰਗਾਣੀ ਦੇ ਯੁੱਧ ਸਮੇਂ ਆਪਣੇ ਜੰਗੀ ਸੂਰਮਿਆਂ ਨਾਲ ਗੁਪਤ ਮੀਟਿੰਗਾਂ ਅਤੇ ਯੁੱਧ ਸਬੰਧੀ ਸਲਾਹਾਂ ਕਰਦੇ ਸਨ। ਇਸ ਗੁਰਦੁਆਰਾ ਸਾਹਿਬ ਪਹੁੰਚਣ ਲਈ ਪਿੰਡ ਹਰੀਪੁਰ ਤੋਂ ਲਿੰਕ ਰੋਡ ਜਾਂਦੀ ਹੈ। ਇਸ ਅਸਥਾਨ ਦੀ ਸੇਵਾ ਨਿਮਰਤਾ ਦੇ ਪੁੰਜ ਬਾਬਾ ਕੁਲਦੀਪ ਸਿਘ ਜੀ ਕਰਵਾ ਰਹੇ ਹਨ ਅਤੇ ਇਲਾਕੇਵਿਚ ਸਿੱਖੀ ਦਾ ਖੂਬ ਪ੍ਰਚਾਰ ਕਰ ਰਹੇ ਹਨ।

**ਗੁਰਦੁਆਰਾ ਸ਼੍ਰੀ ਰਣਥੰਮ ਸਾਹਿਬ ਪਾਤਸ਼ਾਹੀ 10ਵੀ :** ਇਹ ਉਹ ਇਤਿਹਾਸਕ ਸਥਾਨ ਹੈ ਜਿੱਥੇ ਸ੍ਰੀ ਗੁਰੂ ਗੋਬਿੰਦ ਸਿਘ ਜੀ ਮਹਾਰਾਜ ਦਾ ਅਸ਼ੀਰਵਾਦ ਲੈ ਕੇ ਉਹਨਾਂ ਦੀ ਭੂਆ ਬੀਬੀ ਵੀਰੋ ਦੇ ਸਪੁੱਤਰ ਅਤੇ ਸਿੱਖ ਫੋਜਾ ਦੇ ਸੈਨਾਪਤੀ ਸ਼੍ਰੀ ਸੰਗੋਸ਼ਾਹ ਨੇ ਆਪਣੀ ਅੱਧੀ ਫੌਜ ਜੰਗੇ ਮੈਦਾਨ ਵਿਚ ਅੱਗੇ ਵਧਾ ਦੇ ਇਕ ਰਣਥੰਮ ਗੱਡ ਕੇ ਹੁਕਮ ਕਰ ਦਿੱਤਾ ਕਿ ਇਸ ਤੋਂ ਪਿੱਛੇ ਨਹੀ ਹਟਣਾ। ਉਹਨਾਂ ਦੀ ਰਣਨੀਤੀ ਕੰਮ ਆਈ ਅਤੇ ਗੁਰੂ ਜੀ ਦੇ ਮਰਜੀਵੜਿਆਂ ਸੇਵਕਾਂ ਨੇ ਦੁਸ਼ਮਣਾਂ ਦੀਆਂ 20-25 ਹਜ਼ਾਰ ਫ਼ੌਜਾਂ ਨੂੰ ਕਰਾਰੇ ਹੱਥ ਦਿਖਾਏ। ਇਸ ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ ਦੀ ਸੇਵਾ ਪਾਉਂਟਾ ਸਾਹਿਬ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਵੱਲੋਂ ਨਿਭਾਈ ਜਾ ਰਹੀ ਹੈ ਅਤੇ ਇਹ ਸਥਾਨ ਗੁਰਦੁਆਰਾ ਭੰਗਾਣੀ ਸਾਹਿਬ ਅਤੇ ਗੁਰਦੁਆਰਾ ਤੀਰਗੜ੍ਹੀ ਸਾਹਿਬ ਦੇ ਵਿਚਕਾਰ ਸਥਿਤ ਹੈ। ਸੰਗਤਾਂ ਦਰਸ਼ਨ ਕਰਕੇ ਗੁਰੂ ਜੀ ਦੀ ਯੁੱਧ ਰਣ ਨੀਤੀ ਦੀ ਪ੍ਰਸੰਸਾ ਵਿਚ ਧੰਨ ਧੰਨ ਕਹਿ ਉੱਠਦੀਆਂ ਹਨ।

**ਤਪ ਅਸਥਾਨ ਗੁਰਦੁਆਰਾ ਸ੍ਰੀ ਕ੍ਰਿਪਾਲ ਸਿਲਾ ਸਾਹਿਬ :** ਇਹ ਅਸਥਾਨ ਦਰਬਾਰ ਸ੍ਰੀ ਪਾਉਂਟਾ ਸਾਹਿਬ ਤੋਂ ਪੂਰਬ ਵੱਲ ਥੋੜੀ ਹੀ ਦੂਰੀ 'ਤੇ ਹੈ। ਇਹ ਸਥਾਨ ਉਦਾਸੀਆਂ ਦੇ ਮਹੰਤ ਕ੍ਰਿਪਾਲ ਦਾਸ ਜੀ ਦੀ ਯਾਦ ਵਿਚ ਬਣਿਆ ਹੋਇਆ ਹੈ। ਇਸ ਜਗ੍ਹਾ ਪਰ ਮਹੰਤ ਜੀ ਕਈ ਕਈ ਘੰਟੇ ਤਪ ਕਰਿਆ ਕਰਦੇ ਸਨ ਉਹਨਾਂ ਪਾਸ 500 ਦੇ ਕਰੀਬ ਉਦਾਸੀ ਸਾਧੂ ਰਹਿੰਦੇ ਸਨ। ਪਰ ਭੰਗਾਣੀ ਦੇ ਯੁੱਧ ਦੀ ਖਬਰ ਸੁਣ ਕੇ ਸਭ ਦੌੜ ਗਏ। ਸੰਤ ਕ੍ਰਿਪਾਲ ਦਾਸ ਜੀ ਆਪ ਆਪਣਾ ਕੁਤਕਾ ਲੈ ਕੇ ਜੰਗ ਵਿਚ ਸ਼ਾਮਲ ਹੋ ਗਏ ਅਤੇ ਇਸ ਨਾਲ ਹੀ ਹਯਾਤ ਖਾਨ ਨੂੰ ਬੁਰੀ ਤਰ੍ਹਾਂ ਮਾਰ ਮੁਕਾਇਆ। ਗੁਰੂ ਜੀ ਨੇ ਮਹੰਤ ਕ੍ਰਿਪਾਲ ਦਾਸ ਜੀ ਦੀ ਬਹਾਦਰੀ ਤੋਂ ਖੁਸ਼ ਹੋ ਕੇ ਸਿਰੋਪਾਓ ਦੀ ਬਖਸ਼ਿਸ਼ ਕੀਤੀ। ਇਸ ਅਸਥਾਨ 'ਤੇ ਅੱਜ ਵੀ ਉਹ ਸਿਲਾ ਮੌਜੂਦ ਹੈ ਜਿਸ 'ਤੇ ਬੈਠ ਕੇ ਮਹੰਤ ਜੀ ਤਪ ਕਰਦੇ ਸਨ। ਇਹਨਾਂ ਅਸਥਾਨਾਂ ਤੋਂ ਬਿਨਾ ਇਸ ਇਲਾਕੇ ਵਿਚ ਕਾਲਪੀ ਰਿਸ਼ੀ ਦੀ ਯਾਦਗਾਰ, ਗੁਰਦੁਆਰਾ ਸ੍ਰੀ ਟੋਕਾ ਸਾਹਿਬ ਅਤੇ ਨਾਹਨ ਵਿਖੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਵੀ ਦਰਸ਼ਨ ਯੋਗ ਪਵਿੱਤਰ ਇਤਿਹਾਸਿਕ ਸਥਾਨ ਹਨ। ਮਨ ਕਰਦਾ ਹੈ ਕਿ ਇਤਨੀ ਪਵਿੱਤਰ ਭੂਮੀ ਦੇ ਦਰਸ਼ਨ ਕਰਕੇ ਵਾਰ ਵਾਰ ਨਤਮਸਤਕ ਹੋਇਆ ਜਾਵੇ।

# ਕਹਤੁ ਕਬੀਰ ਸੁਨਹੁ ਰੇ ਸੰਤਹੁ



ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ ਤੋਂ ਇਲਾਵਾ ਭਗਤਾਂ, ਭੱਟਾਂ ਅਤੇ ਕੁਝ ਗੁਰਸਿੱਖਾਂ ਦੀ ਬਾਨੀ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਭਗਤਾਂ ਵਿੱਚੋਂ ਭਗਤ ਕਬੀਰ ਜੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਿਰੋਮਣੀ ਸਥਾਨ ਦਿੱਤਾ ਹੈ। ਅਰਥਾਤ ਭਗਤ-ਬਾਣੀ ਦੇ ਅੰਤਰਗਤ ਭਗਤ ਕਬੀਰ ਜੀ ਦੀ ਬਾਣੀ ਸਭ ਤੋਂ ਪਹਿਲਾਂ ਦਿੱਤੀ ਹੋਈ ਹੈ। ਆਪ ਦੇ ਜਨਮ, ਦਿਹਾਂਤ ਅਤੇ ਜੀਵਨ ਬਾਰੇ ਵਿਦਵਾਨਾਂ ਵਿਚ ਕਾਫੀ ਮੱਤਭੇਦ ਹਨ, ਪਰ ਤਾਂ ਵੀ ਇੱਕ ਮਾਨਤਾ ਅਨੁਸਾਰ ਆਪ 1398 ਈ. ਵਿੱਚ ਬਨਾਰਸ ਵਿਖੇ ਪੈਦਾ ਹੋਏ।

ਆਪ ਦੀ ਪਰਵਰਿਸ਼ ਨੀਰੂ ਜੁਲਾਹੇ ਅਤੇ ਮਾਤਾ ਨੀਮਾ ਨੇ ਕੀਤੀ ਅਤੇ ਆਪ ਦਾ ਨਾਂ ਕਬੀਰ ਰੱਖਿਆ। ਕਬੀਰ ਜੀ ਇੱਕ ਗ੍ਰਹਿਸਥੀ ਵਿਅਕਤੀ ਸਨ। ਆਪ ਦੀ ਪਤਨੀ ਦਾ ਨਾਂ ਲੋਈ ਅਤੇ ਪੁੱਤਰ ਦਾ ਨਾਂ ਕਮਾਲ ਸੀ। ਆਪ 120 ਸਾਲ ਦੀ ਉਮਰ ਵਿੱਚ 1518 ਈ. ਵਿੱਚ ਮਗਹਰ ਵਿਖੇ ਬ੍ਰਹਮਲੀਨ ਹੋ ਗਏ।

ਮਾਤਾ-ਪਿਤਾ ਮੁਸਲਮਾਨ ਹੋਣ ਕਰਕੇ ਉਹ ਕਬੀਰ ਜੀ ਨੂੰ ਮੁਸਲਮਾਨੀ ਮੱਤ ਵੱਲ ਲਾਉਣਾ ਚਾਹੁੰਦੇ ਸਨ। ਪਰ ਕਬੀਰ ਜੀ ਦੀ ਰੁਚੀ ਰਾਮ ਨਾਮ ਜਪਣ ਵੱਲ ਵਧੇਰੇ ਪ੍ਰਬਲ ਸੀ। ਕਬੀਰ ਜੀ ਆਪਣੇ ਘਰ ਵਿਚ ਕੱਪੜਾ ਬੁਣਨ ਦਾ ਕੰਮ ਕਰਦੇ ਸਨ, ਪਰ ਉਸ ਸਮੇਂ ਦਾ ਬ੍ਰਾਹਮਣ-ਵਰਗ ਆਪ ਨੂੰ ਜੁਲਾਹਾ ਹੋਣ ਕਰਕੇ ਸ਼ੂਦਰ ਸਮਝਦਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਿਲਦੇ 31 ਰਾਗਾਂ ਵਿੱਚੋਂ ਕਬੀਰ ਜੀ ਦੀ ਬਾਣੀ 17 ਰਾਗਾਂ ਵਿਚ ਸੰਕਲਿਤ ਹੈ, ਜਿਸ ਵਿੱਚ ਸਿਰੀ, ਗਉੜੀ, ਆਸਾ, ਗੂਜਰੀ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ, ਸਾਰੰਗ ਤੇ ਪ੍ਰਭਾਤੀ ਰਾਗ ਸ਼ਾਮਲ ਹਨ। ਇਸ ਮੁਤਾਬਕ ਆਪ ਦੇ ਕੁੱਲ 225 ਸ਼ਬਦ, ਇੱਕ ਬਾਵਨ ਅੱਖਰੀ,ਇੱਕ ਥਿਤੀ, ਇੱਕ ਸਤਵਾਰਾ ਅਤੇ 243 ਸਲੋਕ ਸੰਕਲਿਤ ਹਨ। ਇਸ ਪ੍ਰਕਾਰ ਆਪ ਦੀ ਬਾਣੀ ਹੋਰ ਸਾਰੇ ਭਗਤ ਕਵੀਆਂ ਨਾਲੋਂ ਵਧੀਕ ਹੈ। ਡਾ. ਜੋਧ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਡਾ. ਤਾਰਨ ਸਿੰਘ ਅਤੇ ਡਾ. ਰਾਜ ਕੁਮਾਰ ਵਰਮਾ ਜਿਹੇ ਵਿਦਵਾਨਾਂ ਦਾ ਮੱਤ ਹੈ ਕਿ ਆਦਿ ਗ੍ਰੰਥ ਵਿਚ ਸ਼ਾਮਲ ਬਾਣੀ ਹੀ ਕਬੀਰ ਜੀ ਦੀ ਅਸਲੀ ਬਾਣੀ ਹੈ, ਜਦ ਕਿ ਕਬੀਰ ਜੀ ਦੀ ਹੋਰ ਥਾਂਵਾਂ ਤੇ ਮਿਲਦੀ ਬਾਣੀ ਵਿੱਚ ਮਿਲਾਵਟ ਦਾ ਅੰਸ਼ ਮਿਲਦਾ ਹੈ।

ਕਬੀਰ ਜੀ ਦਾ ਸਮੁੱਚਾ ਜੀਵਨ ਬਹੁਤ ਹੀ ਪਵਿੱਤਰ ਅਤੇ ਸਿੱਖਿਆਦਾਇਕ ਸੀ। ਉਹ ਆਪਣੇ ਪਿਤਾ ਦੇ ਕੰਮਾਂ ਵਿੱਚ ਹੱਥ ਵਟਾਉਂਦੇ, ਦਸਾਂ ਨਹੁੰਆਂ ਦੀ ਕਿਰਤ ਕਰਦੇ ਅਤੇ ਪ੍ਰਭੂ ਦੀ ਭਗਤੀ ਲਈ ਵੀ ਸਮਾਂ ਕਢਦੇ। ਆਪ ਦੀ ਬਾਣੀ ਵਿੱਚ ਫੋਕਟ ਕਰਮਕਾਂਡਾਂ, ਮੂਰਤੀ ਪੂਜਾ ਦੇ ਖੰਡਨ ਦੇ ਨਾਲ-ਨਾਲ ਨੈਤਿਕਤਾ, ਪ੍ਰੇਮ, ਭਗਤੀ, ਨਿਰਭੈਤਾ, ਮਾਇਆ, ਸੰਪਰਦਾਇਕ ਭਾਵਨਾ, ਆਦਿ ਵਿਚਾਰਾਂ ਦੀ ਨਿਸ਼ਾਨਦੇਹੀ ਹੋਈ ਹੈ।

ਕਬੀਰ ਜੀ ਸਾਰੀ ਸ੍ਰਿਸ਼ਟੀ ਨੂੰ ਇੱਕੋ ਪਰਮਜੋਤ ਤੋਂ ਪੈਦਾ ਹੋਈ ਮੰਨਦੇ ਹਨ। ਸਿੱਖ ਧਰਮ ਦੇ ਹੋਰ ਸਾਰੇ ਗੁਰੂਆਂ ਵਾਂਗ ਕਬੀਰ ਜੀ ਵੀ ਸਾਰੇ ਮਨੁੱਖਾਂ ਵਿੱਚ ਪਰਮਾਤਮਾ ਨੂੰ ਵੇਖਦੇ ਹਨ। ਭਗਤ ਕਬੀਰ ਜੀ ਅਨੁਸਾਰ ਇਹ ਸਾਰੀ ਸ੍ਰਿਸ਼ਟੀ ਪਰਮਾਤਮਾ ਦੀ ਬਣਾਈ ਹੋਈ ਹੈ ਅਤੇ ਉਹ ਆਪ ਵੀ ਸਾਰੀ ਲੋਕਾਈ ਵਿੱਚ ਰਮਿਆ ਹੋਇਆ ਹੈ:

ਨਿਊਜ਼ਾਰਕ ਪ੍ਰੀਤਨਾਮਾ ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਪ੍ਰੋ. ਨਵ ਸੰਗੀਤ ਸਿੰਘ
(9417692015)

ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥
ਲੋਗਾ ਭਰਮਿ ਨ ਭੂਲਹੁ ਭਾਈ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥ (ਰਹਾਉ)॥ (ਪੰਨਾ 1349)

ਕਬੀਰ ਜੀ ਨਿਰਭਉ ਤੇ ਨਿਡਰ ਸ਼ਖ਼ਸੀਅਤ ਦੇ ਵਿਅਕਤੀ ਸਨ। ਉਹ ਮਾਨਵ-ਵਿਰੋਧੀ ਰਵਾਇਤਾਂ ਜਾਂ ਪਰਿਪਾਟੀਆਂ ਦੇ ਸਖ਼ਤ ਖ਼ ?ਲਾਫ਼ ਸਨ। ਬ੍ਰਾਹਮਣਵਾਦ ਦੀ ਵਰਣ-ਵੰਡ ਤੇ ਜਿੰਨੀ ਸ਼ਿੱਦਤ ਨਾਲ ਆਪਨੇ ਵਾਰ ਕੀਤਾ, ਉਨਾਂ ਉੱਤਰੀ ਭਾਰਤ ਦੇ ਕਿਸੇ ਵੀ ਹੋਰ ਸੰਤ-ਮਹਾਤਮਾ ਨੇ ਨਹੀਂ ਕੀਤਾ। ਆਪਣੀ ਬਾਣੀ ਵਿਚ ਉਹਨਾਂ ਨੇ ਅਖੌਤੀ ਬ੍ਰਾਹਮਣਾਂ ਨੂੰ ਸਿੱਧੇ ਤੌਰ ਤੇ ਵੰਗਾਰਿਆ ਹੈ:

ਜੌ ਤੂ ਬ੍ਰਾਹਮਣੁ ਬ੍ਰਾਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਦੂਧ॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥
ਸੋ ਬ੍ਰਾਹਮਣ ਕਹੀਅਤੁ ਹੈ ਹਮਾਰੈ॥ (ਪੰਨਾ 324)

ਕਬੀਰ ਜੀ ਦੇ ਸਮੇਂ ਵਿੱਚ ਕਈ ਤਰ੍ਹਾਂ ਦੇ ਨਸ਼ਿਆਂ ਨੇ ਲੋਕਾਂ ਨੂੰ ਗ੍ਰੱਸਿਆ ਹੋਇਆ ਸੀ, ਜੋ ਵਿਅਕਤੀ ਦੇ ਮਨ ਤੇ ਬੁਰਾ ਪ੍ਰਭਾਵ ਪਾਉਂਦੇ ਸਨ। ਹਰ ਤਰ੍ਹਾਂ ਦੇ ਨਸ਼ੇ ਵਿਚ ਜ਼ਹਿਰ ਹੁੰਦੀ ਹੈ, ਜੋ ਵਿਅਕਤੀ ਦੇ ਸਰੀਰ ਨੂੰ ਕੁਝ ਸਮੇਂ ਲਈ ਬੇਸੁਰਤ ਕਰਕੇ ਉਸਤੋਂ ਗਲ਼ਤ ਕੰਮ ਕਰਵਾਉਂਦੀ ਹੈ। ਕਬੀਰ ਜੀ ਨੇ ਇਨ੍ਹਾਂ ਨਸ਼ਿਆਂ ਦਾ ਸੇਵਨ ਕਰਨ ਵਾਲੇ ਵਿਅਕਤੀਆਂ ਨੂੰ ਆਚਰਣ ਤੋਂ ਡਿੱਗੇ ਹੋਏ ਸਿੱਧ ਕੀਤਾ ਹੈ:

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥
(ਪੰਨਾ 1377)

ਕਬੀਰ-ਬਾਣੀ ਵਿੱਚ ਡਰ ਜਾਂ ਘਬਰਾਹਟ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਹੈ, ਸਗੋਂ ਉਹ ਵਿਅਕਤੀ ਨੂੰ ਸੂਰਮਾ ਬਣਾਉਣਾ ਲੋਚਦੇ ਸਨ, ਜਿਹੜਾ ਜੰਗੇ-ਮੈਦਾਨ ਵਿਚ ਪੁਰਜ਼ਾ-ਪੁਰਜ਼ਾ ਹੋ ਕੇ ਕੱਟਿਆ ਜਾਂਦਾ ਹੈ, ਪਰ ਆਪਣੇ ਧਰਮ ਦੀ ਪਾਲਣਾ ਹਿੱਤ ਪਿੱਠ ਨਹੀਂ ਵਿਖਾਉਂਦਾ। ਅਜਿਹੇ ਬਹਾਦਰ ਹੀ ਰਣਭੂਮੀ ਵਿੱਚ ਜੂਝ ਮਰਨ ਨੂੰ ਪਹਿਲ ਦਿੰਦੇ ਹਨ:

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਓ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥
(ਪੰਨਾ 1105)

ਕਬੀਰ ਜੀ ਮੂਰਤੀ ਪੂਜਾ ਜਿਹੇ ਮਿਥਿਆ ਕਰਮਾਂ ਵਿੱਚ ਵਿਸ਼ਵਾਸ ਨਹੀਂ ਸਨ ਰੱਖਦੇ। ਜੋ ਲੋਕ ਪੱਥਰ ਦੀਆਂ ਮੂਰਤਾਂ ਨੂੰ ਪਰਮਾਤਮਾ ਸਮਝ ਕੇ ਪੂਜਦੇ ਹਨ, ਉਨ੍ਹਾਂ ਦੀ ਸਾਰੀ ਪੂਜਾ ਫ਼ਜ਼ੂਲ ਹੈ। ਇਹ ਗੂੰਗੇ ਪੱਥਰ ਪਰਮਾਤਮਾ ਨਹੀਂ ਹੋ ਸਕਦੇ ਤੇ ਨਾ ਹੀ ਕਿਸੇ ਪੱਥਰ ਦੀ ਮੂਰਤੀ ਵਿਚ ਕੋਈ ਦੈਵੀ-ਸ਼ਕਤੀ ਹੁੰਦੀ ਹੈ। ਕਬੀਰ ਜੀ ਦਾ ਫੁਰਮਾਨ ਹੈ:

ਜੋ ਪਾਥਰ ਕਉ ਕਹਤੇ ਦੇਵ॥
ਤਾ ਕੀ ਬਿਰਥੀ ਹੋਵੈ ਸੇਵ॥
ਜੋ ਠਾਕੁਰ ਕੀ ਪਾਈਂ ਪਾਇ॥
ਤਿਸ ਕੀ ਘਾਲ ਅਜਾਈ ਜਾਇ॥ (ਪੰਨਾ 1160)
ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥
ਭੂਲੀ ਮਾਲਨੀ ਹੈ ਏਉ॥
ਸਤਿਗੁਰ ਜਾਗਤਾ ਹੈ ਦੇਉ॥ (ਪੰਨਾ 479)

ਬਨਾਰਸ ਵਿਚ ਰਹਿਣ ਕਰਕੇ ਕਬੀਰ ਜੀ ਨੂੰ ਇਸਲਾਮ ਅਤੇ ਹਿੰਦੂ ਧਰਮ ਵਿਚਲੀ ਕੱਟੜਤਾ ਅਤੇ ਕਰਮਕਾਂਡਾਂ ਬਾਰੇ ਨਿੱਜੀ ਅਤੇ ਡੂੰਘਾ ਅਨੁਭਵ ਸੀ। ਇਸੇ ਕਰਕੇ ਆਪਨੇ ਇਨ੍ਹਾਂ ਲੋਕਾਂ ਦੀਆਂ ਗਲਤ ਕਦਰਾਂ-ਕੀਮਤਾਂ ਦੇ ਪਾਜ ਉਧੇੜੇ। ਉਹ ਵਿਅਕਤੀ ਨੂੰ ਬਾਹਰੋਂ ਜਾਂ ਵਿਖਾਵੇ ਵਜੋਂ ਚੰਗਾ ਬਣਾਉਣ ਦੀ ਥਾਂ ਅੰਦਰੂਨੀ ਤੌਰ ਤੇ ਸ਼ੁਭ ਅਮਲਾਂ ਵਾਲਾ ਇਨਸਾਨ ਬਣਾਉਣਾ ਚਾਹੁੰਦੇ ਸਨ। ਇਸੇ ਲਈ ਉਹ ਪ੍ਰਭੂ ਨੂੰ ਬਾਹਰੋਂ ਢੂੰਡਣ ਦੀ ਥਾਂ ਅੰਦਰੋਂ ਖੋਜਣ ਦੀ ਪ੍ਰਵਿਰਤੀ ਉੱਤੇ ਜ਼ੋਰ ਦਿੰਦੇ ਸਨ। ਉਨ੍ਹਾਂ ਦੀ ਬਾਣੀ ਵਿਚ ਨਫ਼ਰਤ, ਈਰਖਾ, ਸ਼ੱਕ ਦੀ ਥਾਂ ਤੇ ਪਿਆਰ, ਸਹਿਣਸ਼ੀਲਤਾ ਅਤੇ ਸ਼ਰਧਾ ਦੇ ਦੀਦਾਰ ਹੁੰਦੇ ਹਨ। ਇਹ ਸਾਰੇ ਅਜਿਹੇ ਸਦਗੁਣ ਹਨ, ਜਿਨ੍ਹਾਂ ਨੂੰ ਸਦਾਚਾਰਕ ਅਤੇ ਨੈਤਿਕਤਾ ਦੇ ਘੇਰੇ ਵਿਚ ਰੱਖਿਆ ਜਾ ਸਕਦਾ ਹੈ।

ਕਬੀਰ ਜੀ ਦੀ ਬਾਣੀ ਵਿਚੋਂ ਦ੍ਰਿਸ਼ਟੀਗੋਚਰ ਹੁੰਦੇ ਕੁਝ ਹੋਰ ਮਹੱਤਵਪੂਰਨ ਸੰਕਲਪ ਹੇਠ ਲਿਖੀਆਂ ਪੰਕਤੀਆਂ ਵਿੱਚ ਵੇਖੇ ਜਾ ਸਕਦੇ ਹਨ:

ਅਲਹੁ ਏਕ ਮਸੀਤਿ ਬਸਤੁ ਹੈ ਅਲਹੁ ਮੁਲਖੁ ਕਿਸ ਕੇਰਾ॥
ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥
(ਪੰਨਾ 1349)
ਕਬੀਰ ਸਭ ਸੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥
ਜਿਨਿ ਐਸਾ ਕਰ ਬੂਝਿਆ ਮੀਤੁ ਹਮਾਰਾ ਸੋਇ॥
(ਪੰਨਾ 1364)
ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ॥
ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ॥ (ਪੰਨਾ 1365)
ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗੈ ਡਾਰ॥
(ਪੰਨਾ 1366)
ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥ (ਪੰਨਾ 1367)
ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥ ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥
(ਪੰਨਾ 1371)
ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥
ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥
(ਪੰਨਾ 1367)

ਕਬੀਰ ਜੀ ਦੇ ਸਮੇਂ ਵਿਚ ਹਿੰਦੂ, ਮੁਸਲਿਮ, ਬੁੱਧ, ਜੈਨ, ਨਾਥ, ਜੋਗੀ ਆਦਿ ਆਪੋ-ਆਪਣੀ ਥਾਂ ਕਾਰਜਸ਼ੀਲ ਸਨ, ਪਰ ਇਨ੍ਹਾਂ ਦੇ ਆਗੂ ਲੋਕ-ਭਲਾਈ ਦੀ ਥਾਂ ਸੁਆਰਥ ਵਿੱਚ ਗਲਤਾਨ ਸਨ ਅਤੇ ਕੱਟੜਵਾਦੀ ਵਿਚਾਰਧਾਰਾ ਕਰਕੇ ਇਕ-ਦੂਜੇ ਨੂੰ ਭੰਡ ਰਹੇ ਸਨ। ਅਜਿਹੇ ਮਾਹੌਲ ਵਿੱਚ ਲੋਕਾਈ ਨੂੰ ਸਦਾਚਾਰਕ ਸਿੱਖਿਆ ਦੇਣੀ ਵਾਕਈ ਜੋਖਮ ਵਾਲਾ ਕਾਰਜ ਸੀ। ਭਗਤ ਕਬੀਰ ਜੀ ਨੇ ਜਨ-ਸਾਧਾਰਨ ਨਾਲ ਸਾਂਝ ਬਣਾ ਕੇ ਲੋਕ-ਕਾਵਿ ਅਤੇ ਲੋਕ-ਭਾਸ਼ਾ ਵਿਚ 'ਬ੍ਰਹਮ ਬੀਚਾਰ' ਕੀਤਾ।

# ਘੱਟ ਬੋਲਣਾ ਤੇ ਥੋੜਾ ਖਾਣਾ ਕਦੇ ਨੁਕਸਾਨ ਨਹੀਂ ਕਰਦਾ

ਜ਼ਿੰਦਗੀ ਬਹੁਤ ਖ਼ੂਬਸੂਰਤ ਹੈ। ਜਿ ?ਦਗੀ ਦੇ ਹਰ ਪਲ ਦਾ ਅਨੰਦ ਮਾਣਦੇ ਹਾਂ ।ਅਸੀਂ ਸਾਰੇ ਹੀ ਸਮਾਜ ਵਿੱਚ ਵਿਚਰਦੇ ਹਨ ।ਸਾਡਾ ਤਰ੍ਹਾਂ ਤਰ੍ਹਾਂ ਦੇ ਬੰਦਿਆਂ ਨਾਲ ਵਾਹ ਪੈਂਦਾ ਹੈ। ਕੁਝ ਬੰਦੇ ਬਹੁਤ ਬੋਲਦੇ ਹਨ ਤੇ ਕੁਝ ਬਹੁਤ ਸੋਚ ਸਮਝ ਕੇ ਬੋਲਦੇ ਹਨ ।ਕਈ ਦੋਸਤ ਦਿਲੋਂ ਕਰੀਦੀ ਬਣ ਜਾਂਦੇ ਹਨ ।ਉਹਨਾਂ ਨਾਲ ਸਾਡੀ ਪਰਿਵਾਰਕ ਸਾਂਝ ਗੂੜੀ ਹੋ ਜਾਂਦੀ ਹੈ। ਇੱਥੋਂ ਤੱਕ ਕਿ ਅੱਗੇ ਉਨ੍ਹਾਂ ਦੇ ਰਿਸਤੇਦਾਰਾਂ ਨਾਲ ਵੀ ਸਾਡਾ ਪਿਆਰ ਵੱਧ ਜਾਂਦਾ ਹੈ। ਇਕ ਦੂਜੇ ਦੇ ਹਰ ਦੁੱਖ-ਸੁੱਖ ਵਿੱਚ ਸਰੀਕ ਹੋਣੇ ਸੁਰੂ ਹੋ ਜਾਂਦੇ ਹਾਂ। ਜਿੰਨਾ ਸਾਡਾ ਲੰਮਾ ਭਾਈਚਾਰਕ ਸਾਂਝ ਹੁੰਦੀ ਹੈ, ਸਾਨੂੰ ਉਨ੍ਹਾਂ ਹੀ ਸੋਚ ਸਮਝ ਕੇ ਬੋਲਣਾ ਚਾਹੀਦਾ ਹੈ। ਵਾਕਈ ਸਾਨੂੰ ਸਾਰਿਆਂ ਨੂੰ ਸੋਚ ਸਮਝ ਕੇ ਬੋਲਣਾ ਚਾਹੀਦਾ ਹੈ। ਬਿਨਾਂ ਸੋਚੇ ਸਮਝੇ ਕਈ ਵਾਰ ਅਸੀਂ ਇੰਨਾ ਮਾੜਾ, ਜਾਂ ਮੰਦਾ ਬੋਲ ਦਿੰਦੇ ਹਨ ਕਿ ਸਾਡੇ ਮਹੱਤਵਪੂਰਨ ਰਿਸਤੇ ਟੁੱਟਣ ਦੀ ਕਗਾਰ ਤੇ ਆ ਜਾਂਦੇ ਹਨ। ਇੱਕ ਕਹਾਵਤ ਵੀ ਹੈ "ਬੋਲਾਂ ਨੇ ਬੋਲ ਵਿਗਾੜੇ ,ਮਿੰਨੀਆਂ ਨੇ ਘਰ ਉਜਾੜੇ" । ਜ਼ਿਆਦਾ ਬੋਲਣ ਨਾਲ ਕਈ ਵਾਰ ਅਸੀਂ ਦੋਸਤਾਂ ਕਰੀਬੀਆਂ ਨੂੰ ਗਲਤ ਗੱਲਾਂ ਕਹਿ ਦਿੰਦੇ ਹਨ ।ਜਿਨ੍ਹਾਂ ਕਰਕੇ ਦੂਜੇ ਬੰਦੇ ਨੂੰ ਨੁਕਸਾਨ ਹੁੰਦਾ ਹੈ। ਕਈ ਵਾਰ ਤਾਂ ਇੰਨੀ ਕਾਹਲੀ ਚ ਅਸੀਂ ਇਹ ਨਹੀਂ ਸੋਚਦੇ ਕਿ ਕੀ ਬੋਲਣੈ ?ਜਦੋਂ ਰਿਸ਼ਤਾ ਟੁੱਟ ਜਾਂਦਾ ਹੈ ਤਾਂ ਪਛਤਾਵਾ ਹੁੰਦਾ ਹੈ ।ਸਾਨੂੰ ਕ੍ਰੋਧ ਵਿੱਚ ਸਹਿਣਸ਼ੀਲ ਹੋਣਾ ਚਾਹੀਦਾ ਹੈ। ਹੋ ਸਕਦਾ ਹੈ ਉਹ ਬੰਦਾ ਕਿਸੇ ਗੱਲ ਕਰਕੇ ਪ੍ਰੇਸ਼ਾਨ ਹੋਵੇ। ਜੇ ਸਬਰ ਨਹੀਂ ਤਾਂ ਪਰਮਾਤਮਾ ਅੱਗੇ ਅਰਦਾਸ ਕਰੋ ਕਿ ਮੇਰੇ ਅੰਦਰ ਸਹਿਣਸ਼ੀਲਤਾ ਵਾਲੇ ਗੁਣ ਹੋਣ। ਜਾਂ ਜਦੋਂ ਅਸੀਂ ਸੋਚ ਸਮਝ ਕੇ ਬੋਲਦੇ ਹਨ ਤਾਂ , ਸੁਣਨ ਵਾਲਾ ਬਹੁਤ ਹੀ ਧਿਆਨ ਨਾਲ ਸੁਣਦਾ ਹੈ ।ਸਿਆਣੇ ਅਕਸਰ ਕਹਿੰਦੇ ਹਨ ਕਿ ਸੌ ਵਾਰ ਸੋਚ ਕੇ ਬੋਲੋ ਜਾਂ ਪਹਿਲਾਂ ਤੋਲੋ ਫਿਰ ਵੱਲੋਂ। ਜੇ ਕਿਸੇ ਗੱਲ ਕਾਰਨ ਗੁੱਸਾ ਆ ਰਿਹਾ ਹੋਵੇ ,ਤਾਂ ਚੁੱਪ ਕਰਕੇ ਪਾਣੀ ਦਾ ਗਲਾਸ ਪੀ ਲਵੋ। ਜਾਂ ਕਿਥੇ ਬਾਹਰ ਨਿਕਲ ਜਾਓ। ਜਦੋਂ ਗੁੱਸਾ ਠੰਡਾ ਹੋ ਜਾਵੇ ਭਾਵ ਤੁਸੀਂ ਸਾਂਤ ਹੋ ਜਾਵੋ ਤਾਂ ਘਰੇ ਆਓ। ਘਰ ਦਾ ਮਾਹੌਲ ਵੀ ਨਹੀਂ ਵਿਗੜੇਗਾ। ਤੁਹਾਡਾ ਮੂਡ ਵੀ ਠੀਕ ਹੋ ਜਾਵੇਗਾ। ਕਈ ਵਾਰ ਅਸੀਂ ਦੇਖਦੇ ਹਨ ਕਿ ਜੋ ਵਿਅਕਤੀ ਜ਼ਿਆਦਾ ਬੋਲਦਾ ਹੈ ਘਰ ਵਿੱਚ ਅਕਸਰ ਉਹ ਲੜਾਈ ਝਗੜਾ ਵੀ ਕਰਦਾ ਹੈ। ਕਲੇਸ਼ ਵਰਗਾ ਮਾਹੌਲ ਘਰ ਵਿੱਚ ਪੈਦਾ ਹੁੰਦਾ ਹੈ ।ਅਜਿਹੇ ਇਨਸਾਨ ਦੇ ਤਾਂ ਕੋਈ ਕੋਲ ਵੀ ਨਹੀਂ ਖੜ੍ਹਦਾ ।ਦੁੱਖ ਵਿੱਚ ਕੋਈ ਵੀ ਸ਼ਰੀਕ ਨਹੀਂ ਹੁੰਦਾ। ਕਈ ਲੋਕ ਦੇਖਣ ਨੂੰ ਬਹੁਤ ਵਧੀਆ ਹੁੰਦੇ ਹਨ ਤੇ ਪਹਿਰਾਵਾ ਵੀ ਬਹੁਤ ਆਕਰਸ਼ਕ ਹੁੰਦਾ ਹੈ ।ਪਰ ਜੁਬਾਨ ਇੰਨੀ ਕੌੜੀ ਹੁੰਦੀ ਹੈ ਕਿ ਗੱਲ ਕਰਨ ਨੂੰ ਦਿਲ ਨਹੀਂ ਕਰਦਾ ।ਕਿਸੇ ਨੇ ਸਹੀ ਕਿਹਾ ਹੈ ਇਹੀ ਜ਼ੁਬਾਨ "ਅਰਸ਼ ਤੋਂ ਫਰਸ਼ ਅਤੇ ਫਰਸ਼ ਤੋਂ ਅਰਸ਼" ਤੱਕ ਲੈ ਜਾਂਦੀ ਹੈ ।ਕਈ ਲੋਕ ਤਾਂ ਬਿਲਕੁਲ ਹੀ ਘੱਟ ਬੋਲਦੇ ਹਨ ।ਅਜਿਹੇ ਲੋਕਾਂ ਦੀਆਂ ਅੱਖਾਂ ਹੀ ਬਹੁਤ ਕੁਝ ਕਹਿ ਜਾਂਦੀਆਂ ਹਨ ।ਅਜਿਹੇ ਲੋਕਾਂ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਬੋਲੋ ਪਰ ਉੱਥੇ ਬੋਲੋ ਜਿੱਥੇ ਤੁਹਾਡੀ ਜ਼ਰੂਰਤ ਹੈ। ਕਈ ਲੋਕ ਜਦੋਂ ਜਰੂਰਤ ਵੀ ਨਹੀਂ ਹੁੰਦੀ। ਬੋਲਣਾ ਹੀ ਸ਼ੁਰੂ ਕਰ ਦਿੰਦੇ ਹਨ ਤੇ ਫਿਰ ਲੋਕ ਉਨ੍ਹਾਂ ਦੀ ਉਡੀਕ ਕਰਦੇ ਹਨ ਕਿ ਇਹ ਲੋਕ ਕਦੋਂ ਚੁੱਪ ਕਰਨਗੇ। ਅਜਿਹੇ ਲੋਕ ਲੋਕਾਂ ਵਿੱਚ ਆਪਣਾ ਇੱਜਤ ਮਾਣ ਖੋਹ ਲੈਂਦੇ ਹਨ ।ਅਜਿਹਾ ਬੰਦਾ ਜਿੱਥੇ ਬੈਠਿਆ ਹੋਵੇ ਲੋਕ ਉਸ ਕੋਲ ਬੈਠਣਾ ਵੀ ਪਸੰਦ ਨਹੀਂ ਕਰਦੇ। ਸਾਡਾ ਸਮਾਜ ਵਿੱਚ ਕਈ ਅਜਿਹੀਆਂ ਸ਼ਖਸੀਅਤਾਂ ਨਾਲ ਵਾਹ ਪੈਂਦਾ ਹੈ ਕਿ ਜੋ ਬਹੁਤ ਹੀ ਘੱਟ ਬੋਲਦੀਆਂ ਹਨ, ਉਹ ਦੂਜਿਆਂ ਨੂੰ ਜ਼ਿਆਦਾ ਧਿਆਨ ਨਾਲ ਸੁਣਦੇ ਹਨ ।ਅਕਸਰ ਕਿਹਾ ਜਾਂਦਾ ਹੈ ਕਿ ਸੁਣੋ ਧਿਆਨ ਨਾਲ ।ਸਾਡੇ ਸਮਾਜ ਵਿੱਚ ਕਈ ਅਜਿਹੀਆਂ ਉਦਾਹਰਣਾਂ ਹਨ ।ਅਸੀਂ ਆਮ ਦੇਖਦੇ ਹਨ ਕਿ ਜਦੋਂ ਅਸੀਂ ਕੋਈ ਕੰਮ ਕਾਜ ਲਈ ਸਰਕਾਰੀ ਦਫਤਰਾਂ ਚ ਜਾਂਦੇ ਹਨ ਤੇ ਉੱਥੇ ਉੱਚ ਕੋਟੀ ਦੇ ਅਧਿਕਾਰੀ ਬਹੁਤ ਘੱਟ ਬੋਲਦੇ ਹਨ। ਉਹ ਅੱਖਾਂ ਅੱਖਾਂ ਨਾਲ ਹੀ ਬਹੁਤ ਕੁਝ ਸਮਝਾ ਜਾਂਦੇ ਹਨ ।ਖਾਸ ਕਰ ਜੋ ਪ੍ਰਸਾਸਨਿਕ ਅਧਿਕਾਰੀ ਹੁੰਦੇ ਹਨ, ਉਨ੍ਹਾਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ।

ਸੰਜੀਵ ਸਿੰਘ ਸੈਣੀ, ਮੋਹਾਲੀ
7888966168

ਜੇ ਤੁਸੀਂ ਚਾਹੁੰਦੇ ਹੋ ਕਿ ਸਾਡੇ ਦੋਸਤ ,ਕਰੀਬੀ ਰਿਸ਼ਤੇਦਾਰ ਸਾਡੀ ਕਦਰ ਕਰਨ ਤਾਂ ਹਲੀਮੀ ਨਾਲ ਬੋਲੋ ਤਾਂ ਹੀ ਜ਼ਿੰਦਗੀ ਨੂੰ ਖੁਸ਼ਹਾਲ ਤਰੀਕੇ ਨਾਲ ਜੀਅ ਸਕਦੇ ਹਨ ।ਆਪਸ ਵਿੱਚ ਪਿਆਰ ਵੀ ਵਧੇਗਾ ਤੇ ਇਕ ਦੂਜੇ ਦੀ ਕਦਰ ਵੀ ਹੋਵੇਗੀ। ਇਸੇ ਤਰ੍ਹਾਂ ਜੇ ਖਾਣ ਦੀ ਗੱਲ ਕਰੀਏ, ਜਿੰਨਾ ਅਸੀਂ ਘੱਟ ਖਾਵਾਂਗੇ ਉਨ੍ਹਾਂ ਅਸੀ ਵਧੀਆ ਰਹਾਂਗੇ ।ਸਾਨੂੰ ਕਦੇ ਵੀ ਡਾਕਟਰਾਂ ਕੋਲ ਨਹੀਂ ਜਾਣਾ ਪਵੇਗਾ ।ਕਿਸੇ ਨੇ ਠੀਕ ਹੀ ਕਿਹਾ ਹੈ ਕਿ "ਖਾਣ ਲਈ ਨਾ ਜੀਓ, ਜੀਣ ਲਈ ਖਾਓ ।ਅਕਸਰ ਅਸੀਂ ਦੇਖਦੇ ਹਨ ਕਿ ਵਿਆਹਾਂ,ਹੋਰ ਪ੍ਰੋਗਰਾਮਾਂ ਵਿੱਚ ਲੋਕ ਖਾਣੇ ਤੇ ਟੁੱਟ ਕੇ ਪੈਂਦੇ ਹਨ। ਪੇਟ ਨੂੰ ਕੂੜੇ ਕਚਰੇ ਦਾ ਢੇਰ ਹੀ ਬਣਾ ਲੈਂਦੇ ਹਨ। ਇਸ ਤਰ੍ਹਾਂ ਬੇਸਬਰੀਆਂ ਦੀ ਤਰ੍ਹਾਂ ਖਾਂਦੇ ਹਨ ਕਿ ਜਿਵੇਂ ਕਦੇ ਦੇਖਿਆ ਨਾ ਹੋਵੇ। ਫਿਰ ਬਾਅਦ ਵਿੱਚ ਪੇਟ ਨੂੰ ਫੜ ਕੇ ਫਿਰਦੇ ਰਹਿੰਦੇ ਹਨ। ਕਹਿੰਦੇ ਰਹਿੰਦੇ ਹਨ ਗੈਸ ਬਣ ਗਈ ,ਪੇਟ ਨੂੰ ਆਫਰਾਂ ਆ ਗਿਆ, ਤੇਜ਼ਾਬ ਬਣ ਰਿਹਾ ਹੈ,ਖੱਟੇ ਡਕਾਰ ਆ ਰਹੇ ਹਨ ।ਅੱਜਕਲ੍ਹ ਵਿਆਹਾਂ ਵਿੱਚ ਜੰਕ ਫੂਡ ਆਮ ਦੇਖਣ ਨੂੰ ਮਿਲਦਾ ਹੈ। ਲੋਕ ਪਲੇਟਾਂ ਦੀਆਂ ਪਲੇਟਾਂ ਭਰਕੇ ਜੰਕ ਫੂਡ ਖਾਂਦੇ ਹਨ। ਅਕਸਰ ਅਸੀਂ ਬਾਜਾਰਾਂ ਵਿਚ ਵੀ ਦੇਖਦੇ ਹਨ ਕਿ ਰੇਹੜੀ ਵਾਲਿਆਂ ਤੇ ਜੰਕ ਫੂਡ ਖਾਣ ਵਾਲਿਆਂ ਦੀਆਂ ਲਾਈਨਾਂ ਲੱਗੀਆਂ ਹੁੰਦੀਆਂ ਹਨ। ਮਿਲਾਵਟੀ ਸਮਾਨ ਨਾਲ ਇਹ ਜੰਕ ਫੂਡ ਤਿਆਰ ਕੀਤੇ ਜਾਂਦੇ ਹਨ, ਜੋ ਕਿ ਸਿਹਤ ਲਈ ਬਹੁਤ ਹਾਨੀਕਾਰਕ ਹਨ। ਭਲੇ ਮਾਨਸੋ ।ਜ਼ੇ ਪੁੱਛਿਆ ਜਾਵੇ ਪੇਟ ਤਾਂ ਤੁਹਾਡਾ ਹੀ ਸੀ ਕਿਉਂ ਬੇਸਬਰਾ ਦੀ ਤਰ੍ਹਾਂ ਖਾਂਦੇ ਹੋ। ਅਕਸਰ ਅਜਿਹਾ ਉਹੀ ਲੋਕ ਕਰਦੇ ਹਨ ਜੋ ਆਪਣੇ ਘਰਾਂ ਵਿੱਚ ਖਾਣ ਪੀਣ ਲਈ ਚੀਜ਼ਾਂ ਨਹੀਂ ਲਿਆਉਂਦੇ। ਬੱਸ ਵਿਆਹਾਂ ਹੋਰ ਪ੍ਰੋਗਰਾਮਾਂ ਦੀ ਉਡੀਕ ਹੀ ਕਰਦੇ ਰਹਿੰਦੇ ਹਨ ,ਕੀ ਕਦੋਂ ਕੋਈ ਪ੍ਰੋਗਰਾਮ ਆਵੇ ਤੇ ਉੱਥੇ ਰੱਜ ਕੇ ਪੇਟ ਭਰ ਖਾਈਏ ।ਇਹ ਨਹੀਂ ਸੋਚਦੇ ਕਿ ਇੱਕ ਦਿਨ ਦੇ ਖਾਣ ਨਾਲ ਫਿਰ ਦਸ ਦਿਨ ਡਾਕਟਰਾਂ ਦੀਆਂ ਜਾਂ ਮੈਡੀਕਲ ਦੀਆਂ ਦੁਕਾਨਾਂ ਤੇ ਹਾਜਰੀ ਲਗਵਾਉਣੀ ਪੈਂਦੀ ਹੈ। ਅੱਜ ਕੱਲ੍ਹ ਤਾਂ ਵੈਸੇ ਹਰੇਕ ਚੀਜ ਮਿਲਾਵਟ ਵਾਲੀ ਹੈ ।ਬੜੇ ਸੋਚ ਸਮਝ ਕੇ ਹੀ ਖਾਣਾ ਚਾਹੀਦਾ ਹੈ ।ਅਕਸਰ ਘਰਾਂ ਚ ਵੀ ਦੇਖਣ ਨੂੰ ਮਿਲਦਾ ਹੈ ਕਿ ਕਈ ਪਰਿਵਾਰਾਂ ਵਿੱਚ ਬਾਹਰ ਤੋਂ ਖਾਣਾ ਮੰਗਵਾਇਆ ਜਾਂਦਾ ਹੈ ।ਚਲੋ ਕਈ ਵਾਰ ਦਿਲ ਵੀ ਕਰ ਜਾਂਦਾ ਹੈ ਕਿ ਬਾਹਰ ਤੋਂ ਖਾਣਾ ਮੰਗਵਾਇਆ ਜਾਵੇ। ਪਰ ਕਈ ਅਜਿਹੇ ਪਰਿਵਾਰ ਹਨ ,ਜੋ ਦਿਨ ਵਿੱਚ ਇੱਕ ਸਮੇਂ ਦਾ ਖਾਣਾ ਬਾਹਰ ਤੋਂ ਮੰਗਵਾਉਂਦੇ ਹਨ ।ਕਿਉਂਕਿ ਉਨ੍ਹਾਂ ਨੂੰ ਆਦਤ ਪੈ ਚੁੱਕੀ ਹੈ ਬਾਹਰ ਦਾ ਖਾਣਾ ਖਾਣ ਦੀ। ਕਿਉਂਕਿ ਉਹ ਜ਼ਿਆਦਾ ਮਸਾਲੇਦਾਰ ਹੁੰਦਾ ਹੈ ।ਹੁਣ ਇਹ ਨਹੀਂ ਪਤਾ ਹੁੰਦਾ ਕਿ ਉਹ ਖਾਣਾ ਸਰੀਰ ਲਈ ਕਿੰਨਾ ਨੁਕਸਾਨ ਦਾਇਕ ਹੁੰਦਾ ਹੈ ।ਪਤਾ ਨਹੀਂ ਸਾਫ਼ ਸੁਥਰੀ ਰਸੋਈ ਵਿੱਚ ਉਹ ਖਾਣਾ ਬਣਾਇਆ ਜਾਂਦਾ ਹੈ ਜਾਂ ਨਹੀਂ ।ਸਾਨੂੰ ਹਮੇਸ਼ਾ ਘਰ ਦਾ ਸਾਫ ਸੁਥਰਾ ਖਾਣਾ ਹੀ ਖਾਣਾ ਚਾਹੀਦਾ ਹੈ । ਸਵੇਰ ਦਾ ਨਾਸ਼ਤਾ ਭਾਰੀ ਕਰਨਾ ਚਾਹੀਦਾ ਹੈ ।ਭਾਵ ਰਾਜੇ ਮਹਾਰਾਜਿਆਂ ਵਾਲਾ ਸ਼ਾਹੀ ਖਾਣਾ ਖਾਣਾ ਚਾਹੀਦਾ ਹੈ, ਮਤਲਬ ਘਰ ਦਾ ਬਣਿਆ ਸਾਫ਼ ਸੁਥਰਾ ਖਾਣਾ ।ਦੁਪਹਿਰ ਦਾ ਖਾਣਾ ਉਸ ਤੋਂ ਹਲਕਾ ਖਾਣਾ ਚਾਹੀਦਾ ਹੈ। ਤੇ ਰਾਤ ਨੂੰ ਨਾ ਬਰਾਬਰ ਹੀ ਖਾਣਾ ਚਾਹੀਦਾ ਹੈ ,ਭਾਵ ਰਾਤ ਦਾ ਖਾਣਾ ਫਕੀਰ ਦੀ ਤਰ੍ਹਾਂ ਖਾਣਾ ਚਾਹੀਦਾ ਹੈ ।ਕਿਉਂਕਿ ਰਾਤ ਨੂੰ ਮੰਜੇ ਤੇ ਸੌਣਾ ਹੀ ਹੁੰਦਾ ਹੈ। ਫਿਰ ਕੀ ਫਾਇਦਾ ਅਸੀਂ ਰਾਤ ਨੂੰ ਪੇਟ ਭਰ ਕੇ ਖਾਵਾਂਗੇ ਤਾਂ ਫਿਰ ਵਧੀਆ ਨੀਂਦ ਵੀ ਨਹੀਂ ਆਵੇਗੀ ਸੋ ਘੱਟ ਬੋਲਣਾ ਅਤੇ ਘੱਟ ਖਾਣਾ ਕਦੇ ਵੀ ਨੁਕਸਾਨ ਨਹੀਂ ਕਰਦਾ ।ਹਮੇਸਾ ਫਾਇਦੇਮੰਦ ਹੀ ਰਹਿੰਦਾ ਹੈ।

# ਪਾਲਮਪੁਰ ਦੇ ਝਰਨੇ



ਸ਼ਹਿਰ ਵਿਚਲੇ ਤਣਾਅ ਭਰੇ ਮਾਹੌਲ ਤੇ ਗਰਮੀ ਤੋਂ ਨਿਜਾਤ ਪਾਉਣ ਲਈ ਹਰ ਕੋਈ ਗਰਮੀਆਂ ਦੀਆਂ ਛੁੱਟੀਆਂ ਵਿੱਚ ਕਿਸੇ ਠੰਢੇ ਸਥਾਨ 'ਤੇ ਜਾਣਾ ਲੋਚਦਾ ਹੈ।ਜ਼ਾਹਿਰ ਹੈ ਕਿ ਅਜਿਹੀ ਜਗਾ ਉਹ ਹੀ ਹੋ ਸਕਦੀ ਹੈ ਜਿੱਥੇ ਬਰਫ਼ ਨਾਲ ਲੱਦੇ ਹੋਏ ਉੱਚੇ-ਉੱਚੇ ਪਹਾੜ ਅਸਮਾਨ ਨੂੰ ਛੂੰਹਦੇ ਹੋਣ ਤੇ ਵਾਦੀਆਂ ਦੀਆਂ ਠੰਢੀਆਂ-ਠਾਰ ਹਵਾਵਾਂ ਦੇ ਬੁੱਲੇ ਤਨ ਤੇ ਮਨ ਨੂੰ ਠੰਢਕ ਪਹੁੰਚਾ ਦੇਣ।ਆਮ ਤੌਰ 'ਤੇ ਅਜਿਹੇ ਰਸਤਿਆਂ ਦੇ ਇੱਕ ਪਾਸੇ ਬਹੁਤ ਉੱਚੇ-ਉੱਚੇ ਕੂਹਣੀ ਮੋੜ ਵਾਲੇ ਪਹਾੜ ਹੁੰਦੇ ਹਨ ਅਤੇ ਸੜਕ ਦੇ ਦੂਜੇ ਪਾਸੇ ਡੂੰਘੀਆਂ-ਡੂੰਘੀਆਂ ਖਾਈਆਂ ਜਾਂ ਬਿਲਕੁਲ ਹੇਠਾਂ ਤੋਂ ਕੋਈ ਡੂੰਘੀ ਨਦੀ ਵਗਦੀ ਹੁੰਦੀ ਹੈ।ਇਸ ਤਰਾਂ ਦੇ ਰਸਤਿਆਂ 'ਤੇ ਜਰਾ ਜਿੰਨੀ ਲਾਪਰਵਾਹੀ ਵੀ ਕਈ ਵਾਰ ਜਾਨ ਲੇਵਾ ਸਾਬਤ ਹੋ ਸਕਦੀ ਹੈ।ਘੁੰਮਣ ਫਿਰਨ ਦੇ ਸ਼ੌਕੀਨ ਲੋਕਾਂ ਵਿੱਚੋਂ ਜ਼ਿਆਦਾ ਲੋਕਾਂ ਦਾ ਮਕਸਦ ਅਜਿਹੀਆਂ ਪਹਾੜੀ ਸੜਕਾਂ 'ਤੇ ਬਹੁਤ ਦੂਰ ਤੇ ਲੰਬੀ ਡਰਾਈਵ ਕਰਨਾ ਹੁੰਦਾ ਹੈ ਪਰ ਕੁੱਝ ਸੈਲਾਨੀ ਇਸ ਤਰਾਂ ਦੇ ਵੀ ਹੁੰਦੇ ਹਨ ਜਿਹੜੇ ਜ਼ਿਆਦਾ ਉੱਚੇ ਪਹਾੜ ਤੇ ਡੂੰਘੀਆਂ ਨਦੀਆਂ ਦੇਖ ਕੇ ਘਬਰਾ ਜਾਂਦੇ ਹਨ।ਉਹ ਕਿਸੇ ਅਜਿਹੀ ਸੁਰੱਖਿਅਤ ਜਗਾ ਦੀ ਭਾਲ ਵਿੱਚ ਹੁੰਦੇ ਹਨ ਜਿੱਥੇ ਬੈਠ ਕੇ ਉਹ ਕੁਦਰਤ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਗੱਲਾਂ ਕਰ ਸਕਣ।ਅਜਿਹੇ ਲੋਕਾਂ ਲਈ ਹਿਮਾਚਲ ਪ੍ਰਦੇਸ ਦੇ ਜ਼ਿਲੇ ਕਾਂਗੜੇ ਦੀ ਤਹਿਸੀਲ ਪਾਲਮਪੁਰ ਖ਼ਾਸ ਹੈ।ਪਾਲਮਪੁਰ ਨਵੀਂ ਦਿੱਲੀ ਤੋਂ ਲਗਭਗ ਪੰਜ ਸੌ ਕਿੱਲੋਮੀਟਰ ਅਤੇ ਚੰਡੀਗੜ ਤੋਂ ਕਰੀਬ ਢਾਈ ਸੌ ਕਿੱਲੋਮੀਟਰ ਦੀ ਦੂਰੀ ਉੱਤੇ ਸਥਿਤ ਹੈ।ਚੰਡੀਗੜ ਤੋਂ ਸੜਕੀ ਰਸਤੇ ਰਾਹੀਂ ਪਾਲਮਪੁਰ ਪਹੁੰਚਣ ਲਈ ਰੋਪੜ, ਅਨੰਦਪੁਰ ਸਾਹਿਬ, ਊਨਾ, ਅੰਬ, ਰਾਣੀ ਤਾਲ ਹੁੰਦੇ ਹੋਏ ਕਾਂਗੜਾ ਪਹੁੰਚ ਜਾਣ 'ਤੇ ਹਾਈਵੇ ਛੱਡ ਕੇ ਸੱਜੇ ਪਾਸੇ ਵੱਲ ਨੂੰ ਮੁੜ ਕੇ ਪੈਂਤੀ-ਚਾਲੀ ਕਿੱਲੋਮੀਟਰ ਡਰਾਈਵ ਕਰ ਕੇ ਜਾਣਾ ਪੈਂਦਾ ਹੈ।ਪਾਲਮਪੁਰ ਲਈ ਨੇੜਲਾ ਏਅਰਪੋਰਟ ਕਾਂਗੜਾ ਵਿਖੇ ਹੈ ਜਿਹੜਾ ਕਿ ਪਾਲਮਪੁਰ ਤੋਂ ਕੋਈ ਪੈਂਤੀ-ਛੱਤੀ ਕਿੱਲੋਮੀਟਰ ਦੀ ਦੂਰੀ 'ਤੇ ਹੈ।ਇੱਥੇ ਰੇਲ ਗੱਡੀ ਰਾਹੀਂ ਵੀ ਪਹੁੰਚਿਆ ਜਾ ਸਕਦਾ ਹੈ।ਕਾਂਗੜਾ ਦੀਆਂ ਵਾਦੀਆਂ ਤੋਂ ਪਾਲਮਪੁਰ ਲਈ ਰੇਲਵੇ ਦਾ ਨੈਰੋ-ਗੇਜ਼ ਟਰੈਕ ਬਣਿਆ ਹੋਇਆ ਹੈ ਜਿਸ ਦੀ ਸਵਾਰੀ ਵੀ ਯਾਦਗਾਰ ਬਣ ਜਾਂਦੀ ਹੈ।ਪਾਲਮਪੁਰ ਦੀ ਸਮੁੰਦਰੀ ਤਲ ਤੋਂ ਉਚਾਈ ੧੪੭੦ ਮੀਟਰ ਹੈ।

ਪਾਲਮਪੁਰ ਵਿਖੇ ਹਰਿਆਲੀ ਅਤੇ ਥਾਂ-ਥਾਂ 'ਤੇ ਵਗਦੇ ਪਾਣੀ ਦੇ ਝਰਨਿਆਂ ਦਾ ਸੁਮੇਲ ਦੇਖ ਕੇ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਸਾਰਾ ਸ਼ਹਿਰ ਨਾਹ-ਧੋਹ ਕੇ ਸੈਲਾਨੀਆਂ ਦੀ ਆਮਦ ਵਿੱਚ ਬਾਂਹਾਂ ਫੈਲਾ ਕੇ ਖੜ ਗਿਆ ਹੋਵੇ।ਇੱਥੇ ਪਹਾੜੀਆਂ ਤੋਂ ਮੈਦਾਨਾਂ ਵੱਲ ਕੁਦਰਤੀ ਪਾਣੀ ਦੇ ਅਣਗਿਣਤ ਝਰਨੇ ਵਗਦੇ ਹਨ।ਇਹਨਾਂ ਝਰਨਿਆਂ ਦੇ ਪਾਣੀ ਸਾਹਮਣੇ ਅੱਜ ਦੇ ਫ਼ਿਲਟਰ ਵਾਲੇ ਪਾਣੀ ਆਪ ਵੀ ਪਿਆਸੇ-ਪਿਆਸੇ ਲੱਗਦੇ ਹਨ।ਇਸ ਸ਼ਹਿਰ ਦਾ ਨਾਂ ਪਹਾੜੀ ਸ਼ਬਦ 'ਪਾਲੁਮ' ਤੋਂ ਪਿਆ।ਪਾਲੁਮ ਤੋਂ ਭਾਵ ਹੈ ਜਿੱਥੇ ਬਹੁਤ ਸਾਰਾ ਪਾਣੀ ਹੋਵੇ।ਪਾਲਮਪੁਰ ਦੇ ਜੰਗਲਾਂ ਵਿੱਚ ਪਾਈਨ (ਚੀੜ) ਤੇ ਦੇਵਦਾਰ ਦਰਖ਼ਤਾਂ ਦੀ ਭਰਮਾਰ ਹੈ।ਇੱਥੇ ਪਹੁੰਚ ਕੇ ਹਰਿਆ-ਭਰਿਆ ਵਾਤਾਵਾਰਣ ਦੇਖਦਿਆਂ ਸਫ਼ਰ ਦੀ ਸਾਰੀ ਥਕਾਵਟ ਪਲਾਂ ਵਿੱਚ ਹੀ ਦੂਰ ਹੋ ਜਾਂਦੀ ਹੈ ਤੇ ਮਨ ਰੁਮਾਂਚਿਤ ਹੋ ਉੱਠਦਾ ਹੈ।ਏਦਾਂ ਲੱਗਦਾ ਹੈ ਕਿ ਜਿਵੇਂ ਕੁਦਰਤ ਦੀ ਗੋਦ ਵਿੱਚ ਬੈਠੇ ਹੋਈਏ।ਸਵੇਰ ਵੇਲੇ ਦੀ ਸ਼ੁੱਧ ਤੇ ਤਾਜ਼ੀ ਹਵਾ ਜਿੰਨੀ ਵੀ ਮਾਣ ਲਈਏ ਉੰਨੀ ਹੀ ਘੱਟ ਹੈ।ਹਰ ਸ਼ਾਮ ਨੂੰ ਢਲਦੇ ਸੂਰਜ ਦੀ ਲਾਲੀ ਦਾ ਪਰਛਾਵਾਂ ਨੇੜੇ ਵਗਦੇ ਝਰਨਿਆਂ ਦੇ ਵਿੱਚੋਂ ਦੀ ਦੇਖਣ 'ਤੇ ਪਾਣੀ ਦੇ ਸੁਨਹਿਰੀ ਰੰਗ ਦਾ ਹੋਣ ਜਾਣ ਦਾ ਭੁਲੇਖਾ ਪਾਉਂਦਾ ਹੈ।ਠੰਢੇ ਪਾਣੀ ਦੇ ਵਗਦੇ ਚਸ਼ਮੇ ਕਿਸੇ ਹਸੀਨ ਜਿਹੀ ਕੁੜੀ ਦੀਆਂ ਭਿੱਜੀਆਂ ਹੋਈਆਂ ਜ਼ੁਲਫਾਂ ਪ੍ਰਤੀਤ ਹੁੰਦੇ ਹਨ।ਇੱਥੋਂ ਦੀਆ ਛੋਟੀਆਂ-ਛੋਟੀਆਂ ਪਹਾੜੀਆਂ ਹਰ ਕਿਸੇ ਦਾ ਮਨ ਮੋਹ ਲੈਂਦੀਆਂ ਹਨ ਤੇ ਇੱਥੇ ਆਉਣ ਵਾਲਾ ਹਰ ਸੈਲਾਨੀ ਇੱਥੋਂ ਦਾ ਹੀ ਹੋ ਕੇ ਰਹਿ ਜਾਂਦਾ ਹੈ।ਇਸ ਗੱਲ ਦੀ ਗਵਾਹੀ ਚਿੱਤਰਕਾਰ ਸੋਭਾ ਸਿੰਘ ਅਤੇ ਥੀਏਟਰ ਕਲਾਕਾਰ ਨੋਰਾ ਰਿਚਰਡਜ਼ ਦੇ ਇੱਥੇ ਪੱਕੇ ਤੌਰ 'ਤੇ ਵੱਸ ਜਾਣ ਤੋਂ ਮਿਲਦੀ ਹੈ।

੧੯੪੭ ਵਿੱਚ ਦੇਸ਼ ਦੀ ਆਜ਼ਾਦੀ ਤੋਂ ਬਾਅਦ ਚਿੱਤਰਕਾਰ ਸੋਭਾ ਸਿੰਘ ਨੇ ਪਾਲਮਪੁਰ ਦੀ ਵਿਲੱਖਣ ਸੁੰਦਰਤਾ ਤੋਂ ਕਾਇਲ ਹੋ ਕੇ ਇੱਥੋਂ ਬਾਰਾਂ ਕਿੱਲੋਮੀਟਰ ਦੂਰ ਪਹਾੜੀ ਪਿੰਡ ਅੰਧਰੇਟਾ ਵਿਖੇ ਆਪਣਾ ਵਸੇਬਾ ਕਰ ਲਿਆ ਸੀ।ਇੱਥੇ ਹੀ 'ਸੋਭਾ ਸਿੰਘ ਆਰਟ ਗੈਲਰੀ' ਬਣੀ ਹੋਈ ਹੈ ਜਿਹੜੀ ਕਿ ਅੱਜ ਵੀ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਹੈ।ਇੱਥੇ ਆ ਕੇ ਮਨ ਨੂੰ ਅਸੀਮ ਸ਼ਾਂਤੀ ਮਿਲਦੀ ਹੈ ਤੇ ਸੋਭਾ ਸਿੰਘ ਦੀਆਂ ਹੱਥੀਂ ਬਣਾਈਆਂ ਹੋਈਆਂ ਕਲਾਕ੍ਰਿਤੀਆਂ ਨੂੰ ਨੇੜੇ ਤੋਂ ਦੇਖਣ ਦਾ ਸੁਭਾਗ ਪ੍ਰਾਪਤ ਹੁੰਦਾ ਹੈ।ਸੋਭਾ ਸਿੰਘ ਨੇ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਤੇ ਸੋਹਣੀ-ਮਹੀਵਾਲ ਸਮੇਤ ਹੋਰ ਬਹੁਤ ਸਾਰੀਆਂ ਤਸਵੀਰਾਂ ਇਸ ਸਥਾਨ 'ਤੇ ਰਹਿ ਕੇ ਹੀ ਬਣਾਈਆਂ ਸਨ।ਉਸ ਵੱਲੋਂ ਬਣਾਇਆ ਹੋਇਆ ਉਸ ਦਾ ਆਪਣਾ ਆਦਮ-ਕੱਦ ਬੁੱਤ ਦੇਖ ਕੇ ਪ੍ਰਤੀਤ ਹੁੰਦਾ ਹੈ ਜਿਵੇਂ ਸੋਭਾ ਸਿੰਘ ਆਪ ਹੀ ਸਾਹਮਣੇ ਬੈਠਾ ਹੋਵੇ।ਕੁਦਰਤ ਪ੍ਰੇਮੀਆਂ ਲਈ ਇਹ ਸਥਾਨ ਸਵਰਗ ਵਾਂਗੂੰ ਹੈ।

ਇਸ ਤੋਂ ਇਲਾਵਾ ਇਰੀਸ਼ ਦੀ ਜੰਮਪਲ ਤੇ ਥੀਏਟਰ ਕਲਾਕਾਰ ਨੋਰਾ ਰਿਚਰਡਜ਼ ਵੀ ੧੯੧੧ ਵਿੱਚ ਪੰਜਾਬ ਆਈ ↔9[੧੯੨੪ ਵਿੱਚ ਉਸ ਦੇ ਪਤੀ ਦੀ ਮੌਤ ਤੋਂ ਬਾਅਦ ਉਹ ਵਾਪਸ ਇੰਗਲੈਂਡ ਚਲੀ ਗਈ ਤੇ ਦੁਬਾਰਾ ੧੯੨੪ ਵਿੱਚ ਅੰਧਰੇਟਾ ਪਿੰਡ ਵਿਖੇ ਆਪਣਾ 'ਚਮੇਲੀ ਨਿਵਾਸ' ਨਾਮਕ ਮਿੱਟੀ ਦਾ ਕੱਚਾ ਘਰ ਬਣਾ ਲਿਆ।ਉਹ ਪੂਰੀ ਤਰਾਂ ਨਾਲ ਪੰਜਾਬੀ ਡਰਾਮੇ ਨੂੰ ਸਮਰਪਿਤ ਸੀ।ਇਸ ਲਈ ਉਸ ਦੇ ਹੁਨਰ ਨੂੰ ਪਛਾਣਦੇ ਹੋਏ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਉਸ ਨੂੰ 'ਆਨਰੇਰੀ ਡੌਕਟੋਰੇਟ' ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ।੩ ਮਾਰਚ, ੧੯੭੧ ਨੂੰ ਉਸ ਦੀ ਮੌਤ ਤੋਂ ਬਾਅਦ ਅੱਜ-ਕੱਲ ਇਹ ਜਗਾ 'ਵੁੱਡਲੈਂਡ' ਦੇ ਨਾਂ ਨਾਲ ਜਾਣੀ ਜਾਂਦੀ ਹੈ।ਇਸ ਦਾ ਪ੍ਰਬੰਧ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਧੀਨ ਹੈ ਤੇ ਇਹ ਸਥਾਨ ਵੀ ਸੈਲਾਨੀਆਂ ਲਈ ਵੇਖਣਯੋਗ ਹੈ।

ਪਾਲਮਪੁਰ ਵਾਸੀਆਂ ਨੇ ਲੋੜੀਂਦੀ ਖੇਤੀਬਾੜੀ ਕਰਨ ਲਈ ਆਪਣੀਆਂ ਜ਼ਮੀਨਾਂ ਵਿੱਚ ਛੋਟੇ-ਛੋਟੇ ਕਿਆਰੀ ਨੁਮਾ ਖੇਤ ਬਣਾਏ ਹੋਏ ਹਨ।ਖੇਤਾਂ ਨੂੰ ਸਿੰਜਣ ਲਈ ਉਹ ਪੂਰੀ ਤਰਾਂ ਨਾਲ ਬਰਸਾਤੀ ਪਾਣੀ 'ਤੇ ਹੀ ਨਿਰਭਰ ਹਨ।ਇੱਥੇ ਅਕਸਰ ਮੀਂਹ ਪੈਂਦੇ ਰਹਿੰਦੇ ਹਨ ਤੇ ਮੀਂਹ ਦਾ ਪਾਣੀ ਉੱਪਰਲੇ ਖੇਤਾਂ ਤੋਂ ਹੁੰਦਾ ਹੋਇਆ ਥੱਲੇ ਵੱਲ ਨੂੰ ਆਉਂਦਾ ਰਹਿੰਦਾ ਹੈ।ਇੱਥੋਂ ਦੇ ਚਾਹ ਦੇ ਬਾਗ਼ਾਂ ਵਿੱਚ ਪਹੁੰਚਣ ਸਾਰ ਤਨ-ਮਨ ਇੱਕ ਅਜੀਬ ਜਿਹੀ ਖ਼ੁਸ਼ਬੂ ਤੇ ਤਾਜ਼ਗੀ ਨਾਲ ਮਹਿਕ ਉੱਠਦਾ ਹੈ।ਕਾਂਗੜਾ ਘਾਟੀ ਨੂੰ ਭਾਰਤ ਦੀ ਚਾਹ ਦੀ ਰਾਜਧਾਨੀ ਕਿਹਾ ਜਾਂਦਾ ਹੈ।ਇੱਥੋਂ ਦੀ ਚਾਹ ਬਰਤਾਨੀਆ ਸਮੇਤ ਪੂਰੀ ਦੁਨੀਆ ਵਿੱਚ ਮਸ਼ਹੂਰ ਹੈ ਤੇ ਇੱਥੇ ਆਉਣ 'ਤੇ ਇੱਥੋਂ ਦੀ ਤਾਜ਼ਾ ਚਾਹ-ਪੱਤੀ ਲਿਜਾਣਾ ਕਦੇ ਨਾ ਭੁੱਲੋ।ਅਪ੍ਰੈਲ ਤੋਂ ਲੈ ਕੇ ਅਕਤੂਬਰ ਤੱਕ ਇੱਥੋਂ ਦੀਆਂ ਸਥਾਨਕ ਔਰਤਾਂ ਚਾਹ ਦਿਆਂ ਬਾਗ਼ਾਂ ਵਿੱਚ ਆਪਣੀਆਂ ਪਿੱਠਾਂ 'ਤੇ ਪਿੱਠੂ ਬੰਨ ਕੇ ਚਾਹ ਦੀਆਂ ਪੱਤੀਆਂ ਤੋੜਦੀਆਂ ਆਮ ਹੀ ਦੇਖੀਆਂ ਜਾਂਦੀਆਂ ਹਨ।ਚਾਹ ਪੱਤੀ ਦਿਆਂ ਬਾਗ਼ਾਂ ਵਿੱਚ ਕੀਤੀ ਫ਼ੋਟੋਗਰਾਫੀ ਵੀ ਯਾਦਗਾਰੀ ਹੋ ਨਿੱਬੜਦੀ ਹੈ।ਪਾਲਮਪੁਰ ਸ਼ਹਿਰ ਤੋਂ ਨਿਊਗਲ ਕੈਫ਼ੇ ਵੱਲ ਜਾਂਦਿਆਂ ਬਰਸਾਤ ਦੇ ਮੌਸਮ ਵਿੱਚ ਚਾਹ ਦੇ ਬਾਗ਼ਾਂ ਦੀ ਹਰਿਆਲੀ ਆਪਣੇ ਸਿਖਰ 'ਤੇ ਆ ਜਾਂਦੀ ਹੈ।ਇਸ ਸੜਕ 'ਤੇ ਦੋ ਸੌ ਸਾਲ ਪੁਰਾਣਾ ਬੰਗਲਾ ਟੀ ਐਸਟੇਟ ਕੰਪਲੈਕਸ ਦਾ ਨਜ਼ਾਰਾ ਵੀ ਦੇਖਣ ਵਾਲਾ ਹੈ।

ਇੱਥੇ ਸੈਲਾਨੀਆਂ ਦੇ ਰਹਿਣ ਲਈ ਹਰ ਬਜਟ ਦੇ ਹੋਟਲ ਉਪਲਬਧ ਹਨ।ਇੱਥੋਂ ਦੇ ਲੋਕਾਂ ਦੀ ਇਮਾਨਦਾਰੀ ਅੱਜ ਦੀ ਤੇਜ਼-ਤਰਾਰ ਜ਼ਿੰਦਗੀ ਵਿੱਚ ਵੀ ਬਰਕਰਾਰ ਹੈ।ਇੱਥੋਂ ਦੇ ਨੇੜਲੇ ਪਿੰਡਾਂ ਵਿੱਚ ਛੋਟੀਆਂ-ਛੋਟੀਆਂ ਪਹਾੜੀਆਂ ਟੱਪ ਕੇ ਕੱਚਿਆਂ ਘਰਾਂ ਤੇ ਢਾਬਿਆਂ ਵਿੱਚ ਬੈਠ ਕੇ ਚਾਹ ਪੀਣ ਦਾ ਸੁਆਦ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ, ਬੱਸ ਮਹਿਸੂਸ ਹੀ ਕੀਤਾ ਜਾ ਸਕਦਾ ਹੈ।ਸਵੇਰ ਦੀ ਸੈਰ ਅਤੇ ਟਰੈਕਿੰਗ ਕਰਨ ਲਈ ਇਸ ਦਾ ਕੋਈ ਬਦਲ ਨਹੀਂ ਹੈ।ਟਰੈਕਿੰਗ ਕਰਨ ਲਈ ਜਿਹੜੀ ਮਰਜ਼ੀ ਪਹਾੜੀ 'ਤੇ ਚੜ ਜਾਵੋ ਤੇ ਥਕਾਨ ਹੋ ਜਾਣ 'ਤੇ ਜਿਹੜੇ ਮਰਜ਼ੀ ਵਹਿੰਦੇ ਝਰਨੇ ਵਿੱਚ ਨਹਾ ਲਵੋ ਪਰ ਜਰਾ ਸਾਵਧਾਨੀ ਨਾਲ।ਇੱਥੇ ਖ਼ਰੀਦਦਾਰੀ ਕਰਨ ਲਈ ਅੰਗਰੇਜ਼ਾਂ ਵੇਲਿਆਂ ਦੀਆਂ ਪੁਰਾਣੀਆਂ ਦੁਕਾਨਾਂ ਤੋਂ ਲੈ ਕੇ ਆਧੁਨਿਕ ਕਿਸਮ ਦੇ ਸ਼ਾਪਿੰਗ-ਮਾਲ ਤੱਕ ਹਨ।ਇੱਥੋਂ ਨੇੜਲੇ ਹੋਰ ਪਹਾੜੀ ਸ਼ਹਿਰ ਕਾਂਗੜਾ, ਧਰਮਸ਼ਾਲਾ, ਮੈਕਲਿਓਡਗੰਜ਼ ਆਦਿ ਵੀ ਵੇਖਣਯੋਗ ਸਥਾਨ ਹਨ।ਹਿਮਾਚਲ ਟੂਰਿਜ਼ਮ ਦੁਆਰਾ ਬਣਿਆ 'ਨਿਊਗਲ ਕੈਫ਼ੇ' ਵੀ ਵੇਖਣਯੋਗ ਸਥਾਨਾਂ ਵਿੱਚੋਂ ਇੱਕ ਹੈ।

ਅੰਧਰੇਟਾ ਤੋਂ ਬਾਰਾਂ ਕਿੱਲੋਮੀਟਰ ਅੱਗੇ ਚੱਲ ਕੇ ਤੇਹਰਵੀਂ ਸਦੀ ਦਾ ਬਣਿਆ ਬਹੁਤ ਹੀ ਪੁਰਾਤਨ ਮੰਦਿਰ 'ਬੈਜ਼ਨਾਥ' ਆ ਜਾਂਦਾ ਹੈ।ਇਸ ਮੰਦਿਰ ਦਾ ਨਿਰਮਾਣ ੧੨੦੪ ਏ.ਡੀ. ਨੂੰ ਹੋਇਆ ਸੀ।ਇਹ ਮੰਦਿਰ ਓਦੋਂ ਤੋਂ ਹੀ ਪੂਜਿਆ ਜਾਂਦਾ ਹੈ।ਬੈਜ਼ਨਾਥ ਮੰਦਿਰ ਤੋਂ ਪਠਾਨਕੋਟ-ਮੰਡੀ ਨੈਸ਼ਨਲ ਹਾਈਵੇ 'ਤੇ ਦਸ-ਬਾਰਾਂ ਕਿੱਲੋਮੀਟਰ ਚੱਲ ਕੇ ਬੀਰ-ਬਿਲਿੰਗ ਨਾਮਕ ਜਗਾ ਆ ਜਾਂਦੀ ਹੈ।ਇਹ ਸਥਾਨ ਪੈਰਾਗਲਾਈਡਿੰਗ ਦੇ ਸ਼ੌਕੀਨਾਂ ਲਈ ਖ਼ਾਸ ਹੈ।ਇਸ ਨੂੰ ਉੱਤਰੀ ਭਾਰਤ ਦੀ ਪੈਰਾਗਲਾਈਡਿੰਗ ਰਾਜਧਾਨੀ ਵੀ ਕਿਹਾ ਜਾਂਦਾ ਹੈ।ਇਸ ਤੋਂ ਅਗਲਾ ਪੜਾਅ ਕੁੱਲੂ-ਮਨਾਲੀ ਮੁੱਖ ਮਾਰਗ 'ਤੇ ਮੰਡੀ ਸ਼ਹਿਰ ਦਾ ਹੈ ਜੋ ਕਿ ਇੱਥੋਂ ੮੫ ਕਿੱਲੋਮੀਟਰ ਦੀ ਦੂਰੀ 'ਤੇ ਹੈ।ਇੱਥੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿੱਚ ਇਤਿਹਾਸਕ ਗੁਰਦਵਾਰਾ ਬਣਿਆ ਹੋਇਆ ਹੈ।

ਸੈਲਾਨੀ ਆਪਣੀ ਮਰਜ਼ੀ, ਬਜਟ ਜਾਂ ਸਮੇਂ ਅਨੁਸਾਰ ਪਾਲਮਪੁਰ, ਬੈਜ਼ਨਾਥ ਜਾਂ ਬੀਰ-ਬਿਲਿੰਗ ਤੋਂ ਉਸੇ ਰਸਤੇ ਵਾਪਸ ਜਾ ਸਕਦੇ ਹਨ ਤੇ ਜਾਂ ਫਿਰ ਮੰਡੀ ਪਹੁੰਚ ਕੇ ਉੱਥੋਂ ਵਾਇਆ ਸੁੰਦਰ ਨਗਰ, ਬਿਲਾਸਪੁਰ ਰਾਹੀਂ ਕੀਰਤਪੁਰ ਸਾਹਿਬ ਹੋ ਕੇ ਵਾਪਸੀ ਕਰ ਸਕਦੇ ਹਨ।ਜੇਕਰ ਘੁੰਮਣ ਵਾਸਤੇ ਅਜੇ ਹੋਰ ਸਮਾਂ ਹੈ ਤਾਂ ਮੰਡੀ ਤੋਂ ਹੋਰ ਉੱਪਰ ਵੱਲ ਨੂੰ ਜਾਂਦੇ ਹੋਏ ਕੁੱਲੂ-ਮਨਾਲੀ, ਮਣੀਕਰਨ ਸਾਹਿਬ, ਰੋਹਤਾਂਗ ਪਾਸ ਆਦਿ ਵੀ ਦੇਖ ਸਕਦੇ ਹਨ ਪਰ ਯਾਦ ਰਹੇ ਇਹ ਰਸਤਾ ਪੂਰੀ ਤਰਾਂ ਨਾਲ਼ ਵੱਡੇ-ਵੱਡੇ ਪਹਾੜਾਂ ਤੇ ਨਦੀਆਂ-ਦਰਿਆਵਾਂ ਨਾਲ ਘਿਰਿਆ ਹੋਇਆ ਹੈ।

**ਅਮਰਬੀਰ ਸਿੰਘ ਚੀਮਾ**
**ਸਰਹਿੰਦ, ਫ਼ਤਿਹਗੜ ਸਾਹਿਬ**
**ਮੋਬਾਈਲ ਨੰ: 9888940211**

# ਬੱਚਿਆਂ ਦੇ ਖਿਡਾਉਣੇ ਨਹੀਂ ਹਨ ਮੋਬਾਈਲ ਫੋਨ

ਸਾਇੰਸ ਅਤੇ ਤਕਨੀਕ ਦੀ ਤਰੱਕੀ ਨੇ ਇਨਸਾਨ ਦੀ ਸੁੱਖ-ਸਹੂਲਤ ਲਈ ਬਹੁਤ ਸਾਰਿਆਂ ਚੀਜ਼ਾਂ ਦਾ ਨਿਰਮਾਣ ਕੀਤਾ ਹੈ। ਸਾਇੰਸ ਦੀਆਂ ਕੁਝ ਕਾਢਾਂ ਨੇ ਤਾਂ ਇਨਸਾਨ ਦਾ ਜੀਵਨ ਹੀ ਬਦਲ ਕੇ ਰੱਖ ਦਿੱਤਾ ਹੈ। ਜਿਵੇਂ ਹਵਾ ਅਤੇ ਪਾਣੀ ਤੋਂ ਬਾਅਦ ਬਿਜਲੀ ਮਨੁੱਖ ਦੀ ਤੀਜੀ ਬੁਨਿਆਦੀ ਜ਼ਰੂਰਤ ਬਣ ਗ ?ੀ ਹੈ। ਜੇਕਰ ਕੁਝ ਸਮੇਂ ਲਈ ਬਿਜਲੀ ਚਲੀ ਜਾਵੇ ਤਾਂ ਜ਼ਿੰਦਗੀ ਦੀ ਰਫ਼ਤਾਰ ਹੀ ਰੁਕ ਜਾਂਦੀ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਉਪਕਰਣ ਸਾਡੀ ਜ਼ਿੰਦਗੀ ਦਾ ਅੰਗ ਬਣ ਗਏ ਹਨ। ਪਹਿਲਾਂ ਕਿਸੇ ਨੇ ਕਦੇ ਇਹ ਨਹੀਂ ਸੋਚਿਆ ਹੋਵੇਗਾ ਕਿ ਮੋਬਾਇਲ ਫੋਨ ਨਾਂ ਦਾ ਯੰਤਰ ਮਨੁੱਖੀ ਸਰੀਰ ਦਾ ਅੰਗ ਹੀ ਬਣ ਜਾਵੇਗਾ। ਇਸ ਮੋਬਾਇਲ ਫੋਨ ਨੇ ਬਹੁਤ ਸਾਰੇ ਹੋਰ ਉਪਕਰਣ ਜਿਵੇਂ ਘੜੀ, ਕੈਲਕੁਲੇਟਰ, ਅਲਾਰਮ ਘੜੀ, ਰੇਡੀਓ, ਟੀ ਵੀ, ਟੇਪ ਰਿਕਾਰਡਰ, ਕੈਮਰਾ ਆਦਿ ਆਪਣੇ ਵਿੱਚ ਸਮੇਟ ਲਏ ਹਨ। ਸ਼ਾਇਦ ਹੀ ਕੋਈ ਵਿਰਲਾ ਹੋਵੇ ਜੋ ਇਸ ਉਪਕਰਣ ਦੀ ਵਰਤੋਂ ਨਾ ਕਰਦਾ ਹੋਵੇ। ਇਸ ਇਲੈਕਟ੍ਰਾਨਿਕ ਯੰਤਰ ਦਾ ਮਨੁੱਖੀ ਜੀਵਨ ਤੇ ਚੰਗਾ ਅਤੇ ਮਾੜਾ ਦੋਵੇਂ ਤਰ੍ਹਾਂ ਦਾ ਪ੍ਰਭਾਵ ਪਿਆ ਹੈ। ਬਿਨਾਂ ਸ਼ੱਕ ਮੋਬਾਇਲ ਫੋਨ ਜਾਂ ਸਮਾਰਟ ਫੋਨ ਨੇ ਮਨੁੱਖੀ ਜੀਵਨ ਦਾ ਹਰ ਕੰਮ ਬਹੁਤ ਸੌਖਾਲਾ ਬਣਾ ਦਿੱਤਾ ਹੈ। ਕਿਸੇ ਮਿੱਤਰ ਪਿਆਰੇ ਨੂੰ ਸੁਨੇਹਾ ਭੇਜਣ ਜਾਂ ਪ੍ਰਾਪਤ ਕਰਨ ਲਈ ਹੁਣ ਹਫਤਿਆਂ ਤੱਕ ਚਿੱਠੀਆਂ ਦਾ ਇੰਤਜ਼ਾਰ ਨਹੀਂ ਕਰਨਾ ਪੈਂਦਾ। ਸਗੋਂ ਹੁਣ ਤਾਂ ਸਮਾਰਟ ਫੋਨ ਦੀ ਵਰਤੋਂ ਨਾਲ ਆਹਮਣੇ-ਸਾਹਮਣੇ ਵੀਡੀਓ ਗੱਲਬਾਤ ਵੀ ਕੀਤੀ ਜਾ ਸਕਦੀ ਹੈ। ਇੰਟਰਨੈੱਟ ਦੀ ਵਰਤੋਂ ਨਾਲ ਦੇਸ਼ ਦੁਨੀਆਂ ਦੀ ਜਾਣਕਾਰੀ ਪਲਾਂ ਵਿੱਚ ਪ੍ਰਾਪਤ ਕੀਤੀ ਜਾ ਸਕਦੀ ਹੈ।



ਬੈਂਕਿੰਗ ਲੈਣ ਦੇਣ ਬਹੁਤ ਅਸਾਨ ਹੋ ਗਿਆ ਹੈ। ਇਸ ਦੇ ਫਾਇਦਿਆਂ ਦੀ ਕੀ ਕੀ ਗੱਲ ਕਰੀਏ ਇਸ ਨਾਲ ਸੱਚਮੁੱਚ ਦੁਨੀਆਂ ਮੁੱਠੀ ਦੇ ਵਿੱਚ ਹੋ ਗਈ ਹੈ। ਮੋਬਾਇਲ ਫੋਨ ਬਿਨਾਂ ਹੁਣ ਜ਼ਿੰਦਗੀ ਦੀ ਕਲਪਨਾ ਕਰਨੀ ਵੀ ਮੁਸ਼ਕਲ ਲੱਗਦੀ ਹੈ। ਮਹਾਂਮਾਰੀ ਵਿੱਚ ਲਾਕਡਾਉਨ ਦੌਰਾਨ ਮੋਬਾਇਲ ਫੋਨ ਹੀ ਸਭ ਦਾ ਸਹਾਰਾ ਬਣਿਆ। ਸਕੂਲ ਬੰਦ ਹੋਣ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਤੱਕ ਮੋਬਾਇਲ ਫੋਨ ਤੇ ਹੋ ਰਹੀ ਹੈ।ਮੋਬਾਇਲ ਫੋਨ ਖ਼ਾਸਕਰ ਨੌਜਵਾਨਾਂ ਅਤੇ ਬੱਚਿਆਂ ਦੀ ਪਹਿਲੀ ਪਸੰਦ ਬਣ ਗਿਆ ਹੈ। ਉਹ ਆਪਣਾ ਜ਼ਿਆਦਾਤਰ ਸਮਾਂ ਮੋਬਾਇਲ ਫੋਨ ਤੇ ਸੋਸ਼ਲ ਮੀਡੀਆ ਵਰਤਣ, ਵੀਡੀਓ ਵੇਖਣ , ਚੈਟ ਕਰਨ ਅਤੇ ਗੇਮਾਂ ਖੇਡਣ ਤੇ ਬਿਤਾਉਂਦੇ ਹਨ। ਸੀਮਤ ਸਮੇਂ ਲਈ ਤਾਂ ਠੀਕ ਹੈ ਪਰ ਵਧੇਰੇ ਸਮਾਂ ਸਮਾਰਟ ਫੋਨ ਦੀ ਵਰਤੋਂ ਉਨ੍ਹਾਂ ਲਈ ਬਹੁਤ ਹਾਨੀਕਾਰਕ ਹੈ। ਇਸਦਾ ਜਿਥੇ ਉਨ੍ਹਾਂ ਦੀ ਪੜ੍ਹਾਈ ਤੇ ਮਾੜਾ ਪ੍ਰਭਾਵ ਪੈਂਦਾ ਹੈ ਉਥੇ ਇਹ ਉਨ੍ਹਾਂ ਦੀਆਂ ਅੱਖਾਂ ਤੇ ਵੀ ਅਸਰ ਪਾਉਂਦਾ ਹੈ। ਹੁਣ ਬੱਚੇ ਬਾਹਰੀ ਖੇਡਾਂ ਬਹੁਤ ਘੱਟ ਖੇਡਦੇ ਹਨ ਅਤੇ ਪਬਜੀ ਵਰਗੀਆਂ ਮੋਬਾਈਲ ਗੇਮਾਂ ਦੇ ਆਦੀ ਬਣਦੇ ਜਾ ਰਹੇ ਹਨ। ਮੋਬਾਇਲ ਫੋਨ ਦੀ ਰੇਡੀਏਸ਼ਨ ਵੀ ਉਨ੍ਹਾਂ ਦੀ ਸਿਹਤ ਤੇ ਬੁਰਾ ਅਸਰ ਪਾਉਂਦੀ ਹੈ। ਉਹ ਸਾਰਾ ਦਿਨ ਮੋਬਾਈਲ ਫੋਨ ਵਿੱਚ ਇਨ੍ਹਾਂ ਵਿਅਸਤ ਰਹਿੰਦੇ ਹਨ ਕਿ ਕਿਸੇ ਨਾਲ ਗੱਲਬਾਤ ਤੱਕ ਨਹੀਂ ਕਰਦੇ ਜਿਸ ਨਾਲ ?ੁਨ੍ਹਾਂ ਦਾ ਬੋਧਿਕ ਵਿਕਾਸ ਰੁਕ ਰਿਹਾ ਹੈ। ਉਹ ਆਪਣੇ ਆਸ ਪਾਸ ਤੋਂ ਅਣਜਾਣ ਬਣਦੇ ਜਾ ਰਹੇ ਹਨ। ਅੱਜਕਲ੍ਹ ਆਮ ਵੇਖਣ ਵਿਚ ਆਉਂਦਾ ਹੈ ਕਿ ਅਣਜਾਣਤਾ ਵਿੱਚ ਨੌਜਵਾਨ ਜਾਂ ਬੱਚੇ ਮਾਪਿਆਂ ਦੀ ਕਮਾਈ ਲੁਟਾ ਲੈਂਦੇ ਹਨ ਜਾਂ ਕ ?ੀ ਵਾਰ ਕੋਈ ਸਾਈਬਰ ਕਰਾਈਮ ਕਰ ਬੈਠਦੇ ਹਨ। ਨਤੀਜੇ ਤੋਂ ਅਣਜਾਣ ਕਿਸੇ ਨੂੰ ਗਲਤ ਸੰਦੇਸ਼ ਭੇਜਣ ਜਾਂ ਅਸ਼ਲੀਲ ਸਮੱਗਰੀ ਵੇਖਣ ਦੇ ਮਾਮਲੇ ਵੀ ਸਾਹਮਣੇ ਆ ਰਹੇ ਹਨ। ਵਰਚੁਅਲ ਦੁਨੀਆਂ ਵਿੱਚ ਗੁਆਚੇ ਬਹੁਤਿਆਂ ਨੇ ਖੁਦਕੁਸ਼ੀ ਤੱਕ ਵੀ ਕੀਤੀ ਹੈ। ਗੂਗਲ ਪਲੇਅ ਸਟੋਰ ਅਤੇ ਐਪ ਸਟੋਰ ਤੇ ਹਜ਼ਾਰਾਂ ਮੁਫ਼ਤ ਐਪਸ ਮੌਜੂਦ ਹਨ ਜਿਨ੍ਹਾਂ ਵਿੱਚੋਂ ਬੱਚੇ ਤਰ੍ਹਾਂ ਤਰ੍ਹਾਂ ਦੀਆਂ ਐਪਸ ਆਪਣੇ ਫੋਨ ਵਿੱਚ ਇੰਸਟਾਲ ਕਰਕੇ ਵਰਤੋਂ ਕਰਦੇ ਹਨ। ਪਰ ਇਨ੍ਹਾਂ ਮੁਫ਼ਤ ਐਪਸ ਬਣਾਉਣ ਵਾਲੇ ਐਪ ਡਿਵੈਲਪਰ ਵੀ ਲੁਕਵੇਂ ਢੰਗ ਨਾਲ ਪੈਸੇ ਕਮਾਉਂਦੇ ਹਨ। ਉਹ ਅਲਾਓ ਕੀਤੀਆਂ ਫੋਨ ਵਿਚਲੀਆਂ ਸੂਚਨਾਵਾਂ ਦੀ ਵਰਤੋਂ ਪੈਸਾ ਕਮਾਉਣ ਅਤੇ ਹੋਰ ਗਲਤ ਕੰਮਾਂ ਲਈ ਵੀ ਕਰ ਸਕਦੇ ਹਨ। ਉਦਹਾਰਣ ਦੇ ਤੌਰ ਤੇ ਵੱਖ-ਵੱਖ ਵੀਡੀਓਜ਼ ਵਿੱਚ ਮਸ਼ਹੂਰ ਸਿਤਾਰਿਆਂ ਦੇ ਫੇਸ ਦੀ ਥਾਂ ਆਪਣਾ ਫੇਸ ਲਗਾਉਣ ਵਾਲੀ ਐਪ ਪੂਰੇ ਕੈਮਰਾ ਰੋਲ ਦੀਆਂ ਫੋਟੋਆਂ ਨੂੰ ਐਕਸੈੱਸ ਕਰ ਕੇ ਸਾਡੇ ਫੇਸ ਦੇ ਵੱਖ-ਵੱਖ ਕੋਣਾਂ ਨੂੰ ਪਹਿਚਾਣਦੀ ਹੈ। ਉਹ ਇਸ ਜਾਣਕਾਰੀ ਨੂੰ ਬਾਇਓਮੈਟ੍ਰਿਕ ਪਹਿਚਾਣ ਦੀ ਤਰ੍ਹਾਂ ਗਲਤ ਮਕਸਦ ਲਈ ਵੀ ਵਰਤ ਸਕਦੀ ਹੈ। ਸੋ ਮੋਬਾਇਲ ਫੋਨ ਦੇ ਫਾਇਦਿਆਂ ਦੇ ਨਾਲ ਨਾਲ ਸਾਨੂੰ ਇਸ ਤੋਂ ਹੋ ਸਕਣ ਵਾਲੇ ਨੁਕਸਾਨਾਂ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਮੋਬਾਈਲ ਫੋਨ ਬੱਚਿਆਂ ਦੇ ਖਿਡਾਉਣੇ ਨਹੀਂ ਹਨ। ਇਹ ਸੁਵਿਧਾ ਦੇ ਨਾਲ ਨਾਲ ਵੱਡੀ ਦੁਵਿਧਾ ਵੀ ਬਣ ਸਕਦੇ ਹਨ। ਇਸਦੀ ਸੀਮਤ ਵਰਤੋਂ ਅਤੇ ਮਾੜੇ ਪ੍ਰਭਾਵਾਂ ਬਾਰੇ ਬੱਚਿਆਂ ਅਤੇ ਨੌਜਵਾਨਾਂ ਨੂੰ ਜਾਣੂ ਕਰਾਇਆ ਜਾਣਾ ਬਹੁਤ ਜ਼ਰੂਰੀ ਹੈ।

**ਚਾਨਣ ਦੀਪ ਸਿੰਘ ਔਲਖ**
**ਸੰਪਰਕ : 9876888177**



# ਪਰਿਵਾਰ ਵਿਚ ਪਿਤਾ ਦੀ ਭੂਮਿਕਾ ਅੱਜ ਅਤੇ ਪਿਛਲੇ ਸਮੇਂ ਵਿਚ

**ਪਰਿਵਾਰ ਵਿਚ ਪਿਤਾ ਦੀ ਭੂਮਿਕਾ**

ਪਿਤਾ ਦੇ ਵਿਅਕਤੀ ਪਰਿਵਾਰ ਪ੍ਰਣਾਲੀ ਦੇ ਅੰਦਰ ਬਹੁਤ ਸਾਰੀਆਂ ਭੂਮਿਕਾਵਾਂ ਨਿਭਾ ਸਕਦੇ ਹਨ. ਇਹ ਯਾਦ ਰੱਖੋ ਕਿ ਪਿਤਾ ਸਬਦ ਇਕੱਲੇ ਜੀਵ-ਸਬੰਧਾਂ 'ਤੇ ਲਾਗੂ ਨਹੀਂ ਹੁੰਦਾ, ਅਤੇ ਨਾ ਹੀ ਇਹ ਸਿਰਫ ਪਤੀ-ਪਤਨੀ ਦੇ ਰਿਸਤੇਂ ਤੇ ਲਾਗੂ ਹੁੰਦਾ ਹੈ. ਸਮਲਿੰਗੀ ਜੋੜੇ, ਟ੍ਰਾਂਸਜੈਂਡਰ ਆਦਮੀ ਜੋ ਮਾਪੇ ਹਨ, ਅਤੇ ਇਕੱਲੇ ਪਿਤਾ, ਮਾਪਿਆਂ ਅਤੇ ਬੱਚਿਆਂ ਦੇ ਰਿਸਤੇ ਨੂੰ ਉਨੇ ਹੀ ਸਾਰਥਕੰ ਗ ਨਾਲ ਪ੍ਰਦਾਨ ਕਰ ਸਕਦੇ ਹਨ ਜਿੰਨੇ ਪਤੀ ਅਤੇ ਪਤਨੀ ਦੇ ਪਰਿਵਾਰਕ ਹਨ. ਇੱਥੇ ਕੋਈ ਇੱਕ ਵੀ ਪਰਿਵਾਰ ਨਹੀਂ ਹੁੰਦਾ ਜਿੱਥੇ ਬੱਚਾ ਸਭ ਤੋਂ ਸਿਹਤਮੰਦ ਪਿਤਾ-ਬੱਚੇ ਦੇ ਰਿਸਤੇ ਦਾ ਅਨੰਦ ਲੈਂਦਾ ਹੋਵੇ. ਪਿਤਾ ਦੇ ਅੰਕੜੇ:

**ਅੱਜ ਪਰਿਵਾਰਾਂ ਵਿੱਚ ਪਿਤਾ ਦੀਆਂ ਭੂਮਿਕਾਵਾਂ ਕੀ ਹਨ ?**

ਅੱਜ ਪਿਤਾਵਾਂ ਤੋਂ ਮਾਪਿਆਂ ਤੋਂ ਉਮੀਦ ਕੀਤੀ ਜਾ ਸਕਦੀ ਹੈ ਅਤੇ ਉਨ੍ਹਾਂ ਦੇ ਭਾਈਵਾਲਾਂ ਨਾਲ ਘਰੇਲੂ ਕੰਮਾਂ ਦੀ ਸਮਾਨ ਸਹਾਇਤਾ ਕੀਤੀ ਜਾ ਸਕਦੀ ਹੈ. ਵਿਆਹੇ ਆਦਮੀਆਂ ਅਤੇ ਰਤਾਂ ਦੇ ਅਧਿਐਨ ਵਿਚ, ਜਿਨ੍ਹਾਂ ਨੇ ਹਾਲ ਹੀ ਵਿਚ ਆਪਣਾ ਪਹਿਲਾ ਬੱਚਾ ਪੈਦਾ ਕੀਤਾ ਸੀ, ਨੇ ਦਰਸਾਇਆ ਕਿ ਇਕ ਚੰਗੀ ਸਾਂਝੇਦਾਰੀ, ਅਤੇ ਨਾਲ ਹੀ ਆਪਣੀ ਪਤਨੀ ਦਾ ਤਣਾਅ ਘਟਾਉਣ ਦੀ ਕੋਸਸਿ, ਦੋਵਾਂ ਭਾਈਵਾਲਾਂ ਲਈ ਸਮੁੱਚੀ ਪਰੇਸਾਨੀ ਦਾ ਕਾਰਨ ਬਣ ਗਈ, ਭਾਵੇਂ ਉਨ੍ਹਾਂ ਦਾ ਬੱਚਾ ਬੇਚੈਨ ਸੀ. ਪਰਿਵਾਰ ਵਿਚ, ਪਿਉ ਬਹੁਤ ਸਾਰੀਆਂ ਭੂਮਿਕਾਵਾਂ ਨਿਭਾ ਸਕਦੇ ਹਨ ਜਿਸ ਵਿਚ ਇਹ ਸਾਮਲ ਹੋ ਸਕਦੇ ਹਨ:

**ਪਿਤਾ ਹੋਣਾ ਕਿਉਂ ਜਰੂਰੀ ਹੈ**

ਇੱਕ ਪਿਤਾ ਦੀ ਸਖਸੀਅਤ ਆਪਣੇ ਬੱਚੇ ਦੀ ਜੀਂਦਗੀ ਅਤੇ ਤੰਦਰੁਸਤੀ ਨੂੰ ਪ੍ਰਭਾਵਤ ਕਰ ਸਕਦੀ ਹੈ. ਉਨ੍ਹਾਂ ਪਰਿਵਾਰਾਂ ਵਿੱਚ ਜਿੱਥੇ ਪਿਤਾ ਦੀ ਸਖਸੀਅਤ ਮੌਜੂਦ ਹੁੰਦੀ ਹੈ, ਪਿਤਾ ਸਭ ਤੋਂ ਪਹਿਲਾਂ ਪੁਰਸ ਰੋਲ ਮਾਡਲਾਂ ਅਤੇ ਪੁਰਸ ਸੰਬੰਧਾਂ ਵਿੱਚੋਂ ਇੱਕ ਵਜੋਂ ਕੰਮ ਕਰਦਾ ਹੈ ਜਿਸਦਾ ਬੱਚਾ ਸਾਹਮਣਾ ਕਰੇਗਾ. ਬੱਚੇ ਬਹੁਤ ਹੀ ਸੰਵੇਦਨਸੀਲ ਅਤੇ ਪਾਲਣਹਾਰ ਜੀਵ ਹੁੰਦੇ ਹਨ ਅਤੇ ਰਿਸਤੇ ਦੇ ਅਨੁਭਵਾਂ ਨੂੰ ਅੰਦਰੂਨੀ ਕਰਦੇ ਹਨ. ਆਪਣੇ ਪਿਤਾ ਨਾਲ ਇਹ ਮੁ ਲੇ ਗੱਲਬਾਤ ਇਸ ਗੱਲ ਲਈ ਇਕ ਝਲਕ ਵਜੋਂ ਕੰਮ ਕਰਦੀਆਂ ਹਨ ਕਿ ਆਦਮੀ ਨਾਲ ਰਿਸਤਾ ਕਿਵੇਂ ਦਿਸਦਾ ਹੈ ਅਤੇ ਪਿਤਾ-ਪੁੱਤਰ ਦੇ ਰਿਸਤੇ, ਅਤੇ ਪਿਤਾ-ਧੀ ਦੇ ਰਿਸਤੇ ਨੂੰ ਪ੍ਰਭਾਵਿਤ ਕਰਦਾ ਹੈ. ਇਸਦਾ ਅਰਥ ਇਹ ਹੈ ਕਿ ਪਿਤਾ ਦੀ ਸਖਸੀਅਤ ਦੇ ਨਾਲ ਗੈਰ-ਸਿਹਤਮੰਦ ਸੰਬੰਧ ਨਾ ਸਿਰਫ ਬੱਚੇ ਦੀ ਮਨੋਵਿਗਿਆਨਕ ਤੰਦਰੁਸਤੀ ਨੂੰ ਪ੍ਰਭਾਵਤ ਕਰ ਸਕਦੇ ਹਨ, ਬਲਕਿ ਉਨ੍ਹਾਂ ਦੇ ਬੇਹੋਸ ਸੰਬੰਧ ਸੰਬੰਧੀ ਵਿਕਲਪ ਜਦੋਂ ਉਹ ਬਾਲਗ ਬਣ ਜਾਂਦੇ ਹਨ.

ਜੇ ਇਕ ਬੱਚੇ ਦੇ ਆਪਣੇ ਪਿਤਾ ਨਾਲ ਸਿਹਤਮੰਦ ਸੰਬੰਧ ਹਨ, ਤਾਂ ਉਹ ਆਮ ਤੌਰ 'ਤੇ ਪੁਰਸਾਂ ਨਾਲ ਉੱਚ ਪੱਧਰ' ਤੇ ਸਵੈ-ਮਾਣ, ਵਿਸਵਾਸ ਅਤੇ ਵਧੇਰੇ ਸਥਿਰ ਸੰਬੰਧ ਰੱਖਦੇ ਹਨ.

ਜੇ ਇਕ ਬੱਚੇ ਦੇ ਆਪਣੇ ਪਿਤਾ ਨਾਲ ਗੈਰ-ਸਿਹਤਮੰਦ ਸੰਬੰਧ ਹਨ, ਤਾਂ ਉਹ ਬਾਲਗ ਬਣਨ 'ਤੇ ਮਰਦਾਂ ਨਾਲ ਸਿਹਤਮੰਦ ਸੰਬੰਧ ਬਣਾਉਣ ਵਿਚ ਵਧੇਰੇ ਮਾਨਸਿਕ ਪ੍ਰੇਸਾਨੀ ਅਤੇ ਸੰਘਰਸ ਦਾ ਅਨੁਭਵ ਕਰ ਸਕਦੇ ਹਨ.

ਯਾਦ ਰੱਖੋ ਕਿ ਅੰਦਰੂਨੀ ਤੌਰ 'ਤੇ ਰਿਲੇਸਨਲ ਬਲੂਪ੍ਰਿੰਟ ਨੂੰ ਬਦਲਣਾ ਬਹੁਤ ਮੁਸਕਲ ਹੈ ਜੋ ਉਦੋਂ ਬਣਦੇ ਹਨ ਜਦੋਂ ਬੱਚੇ ਕਾਫੀ ਛੋਟੇ ਹੁੰਦੇ ਹਨ. ਜਦੋਂ ਕਿ ਇਹ ਸੰਭਵ ਹੈ, ਇਹ ਡੂੰਘੀ ਜੜ੍ਹਾਂ ਨੂੰ ਬਦਲਣ ਲਈ ਅਕਸਰ ਉੱਚ ਪੱਧਰ ਦੀ ਸੂਝ ਦੇ ਨਾਲ ਨਾਲ ਮਹੱਤਵਪੂਰਣ ਮਨੋਚਿਕਿਤਸਕ ਦਖਲਅੰਦਾਜੀ ਲੈਂਦਾ ਹੈ, ਅਤੇ ਅਕਸਰ ਬੇਹੋਸ ਮਾਨਸਿਕ ਰਸਤੇ.

**ਆਧੁਨਿਕ ਦਿਨ ਪਿਤਾ ਦੀ ਬਦਲੋ ਭੂਮਿਕਾ**

ਇਹ ਪਿਛਲੇ ਕਈ ਦਹਾਕਿਆਂ ਵਿੱਚ ਹੀ ਹੋਇਆ ਹੈ ਕਿ "ਸਾਮਲ ਪਿਤਾ" ਦੇ ਵਿਚਾਰ ਨੇ ਰੂਪ ਧਾਰਨ ਕੀਤਾ. ਇਤਿਹਾਸਕ ਤੌਰ 'ਤੇ, ਪੁਰਸਾਂ ਦੀ ਪਹਿਚਾਣ ਉਨ੍ਹਾਂ ਦੇ ਕਰੀਅਰ ਨਾਲ ਬਹੁਤ ਜਿਆਦਾ ਬੱਝੀ ਹੋਈ ਸੀ, ਅਤੇ ਇਹ ਅੱਜ ਵੀ ਕੁਝ ਸੱਚ ਹੈ, ਲਗਭਗ 76% ਆਦਮੀ ਰਿਪੋਰਟ ਕਰਦੇ ਹਨ ਕਿ ਉਹ ਆਪਣੇ ਪਰਿਵਾਰਾਂ ਦੀ ਦੇਖਭਾਲ ਕਰਨ ਲਈ ਵਿੱਤੀ ਦਬਾਅ ਮਹਿਸੂਸ ਕਰਦੇ ਹਨ. ਪਹਿਲਾਂ ਨਾਲੋਂ ਜਿਆਦਾ, ਆਦਮੀ ਪਾਲਣ-ਪੋਸਣ ਵਿਚ ਵਧੇਰੇ ਸਰਗਰਮ ਭੂਮਿਕਾ ਲੈ ਰਹੇ ਹਨ,

**63% ਆਦਮੀ ਮਹਿਸੂਸ ਕਰਦੇ ਹਨ ਕਿ ਉਹ ਆਪਣੇ ਬੱਚਿਆਂ ਨਾਲ ਕਾਫੀ ਸਮਾਂ ਨਹੀਂ ਬਿਤਾਉਂਦੇ.**

ਅਜੇ ਵੀ ਇਹ ਧਾਰਣਾ ਹੈ ਕਿ ਅੱਧੇ ਤੋਂ ਵੱਧ ਅਮਰੀਕੀ ਸਾਂਝੇ ਕਰਦੇ ਹਨ ਕਿ ਜਦੋਂ ਬੱਚੇ ਪਾਲਣ-ਪੋਸਣ ਦੀ ਗੱਲ ਆਉਂਦੀ ਹੈ ਤਾਂ ਰਤਾਂ ਵਧੀਆ ਦੇਖਭਾਲ ਕਰਨ ਵਾਲੀਆਂ ਹੁੰਦੀਆਂ ਹਨ ਅਤੇ ਸਿਰਫ 1% ਨੇ ਕਿਹਾ ਕਿ ਮਰਦ ਰਤਾਂ ਨਾਲੋਂ ਵਧੀਆ ਦੇਖਭਾਲ ਕਰਨ ਵਾਲੇ ਹਨ. ਹਾਲਾਂਕਿ ਪੁਰਸਾਂ ਦੀ ਪਾਲਣ-ਪੋਸਣ ਦੀ ਗੱਲ ਆਉਂਦੀ ਹੈ, ਪਰ ਹਾਲੇ ਵੀ ਕੁਝ ਡੂੰਘੇ ਜੜ੍ਹਾਂ ਵਾਲੇ ਪੱਖਪਾਤ ਹਨ ਜੋ ਅਮਰੀਕੀ ਮਰਦ ਅਤੇ ਰਤਾਂ ਦੇ ਸੰਬੰਧ ਵਿੱਚ ਸਹੀ ਸਮਝਦੇ ਹਨ ਜਦੋਂ ਪਤੀ, ਪਤਨੀ ਅਤੇ ਬੱਚੇ ਦੇ ਨਾਲ ਘਰ ਵਿੱਚ ਪਾਲਣ ਪੋਸਣ ਦੀ ਗੱਲ ਆਉਂਦੀ ਹੈ.

**ਇੱਕ ਪਰਿਵਾਰ ਵਿੱਚ ਪਿਤਾ ਅਤੇ ਮਾਤਾ ਦੀ ਕੀ ਭੂਮਿਕਾ ਹੈ ?**

ਇਹ ਯਾਦ ਰੱਖੋ ਕਿ ਇਕ ਪਰਿਵਾਰ ਇਕ ਮਾਂ ਅਤੇ ਪਿਤਾ ਨਾਲ ਇਕੋ ਇਕ ਪ੍ਰਕਾਰ ਦਾ ਪਰਿਵਾਰ ਨਹੀਂ ਹੁੰਦਾ ਜਿੱਥੇ ਇਕ ਪਿਤਾ ਚਿੱਤਰ ਸਿਹਤਮੰਦ ਤਰੀਕਿਆਂ ਨਾਲ ਸਾਮਲ ਹੋ ਸਕਦਾ ਹੈ. ਪਿਤਾ ਅਤੇ ਮਾਵਾਂ ਅੱਜ ਕੱਲ ਬੱਚਿਆਂ ਦੀ ਪਾਲਣ ਪੋਸਣ ਦੀ ਜੰਮਿਵਾਰੀ ਸਾਂਝੀ ਕਰਦੇ ਹਨ. ਖਾਸ ਭੂਮਿਕਾਵਾਂ ਦੇ ਸੰਦਰਭ ਵਿੱਚ, ਇਹ ਹਰੇਕ ਵਿਲੱਖਣ ਪਰਿਵਾਰ ਦੀਆਂ ਜਰੂਰਤਾਂ ਦੇ ਅਧਾਰ ਤੇ ਬਹੁਤ ਵੱਖਰੇ ਹੁੰਦੇ ਹਨ. ਹਾਲਾਂਕਿ, ਤੰਦਰੁਸਤ ਪਰਿਵਾਰਾਂ ਵਿੱਚ, ਆਦਰਸਕ ਤੌਰ ਤੇ ਦੋਵੇਂ ਮਾਪੇ ਲਚਕਦਾਰ ਹੁੰਦੇ ਹਨ ਅਤੇ ਇੱਕ ਦੂਜੇ ਨੂੰ ਮਾਪਿਆਂ ਅਤੇ ਸਹਿਭਾਗੀਆਂ ਵਜੋਂ ਸਹਾਇਤਾ ਕਰਦੇ ਹੋਏ ਇੱਕੋ ਜਿਹੀ ਭੂਮਿਕਾ ਨਿਭਾਉਣ ਦੇ ਯੋਗ ਹੁੰਦੇ ਹਨ.

**ਪਿਤਾ ਅਤੇ ਮਾਤਾ ਦੀ ਜੰਮਿਵਾਰੀ ਕੀ ਹੈ ?**

ਪਰਿਵਾਰਕ ਇਕਾਈ 'ਤੇ ਨਿਰਭਰ ਕਰਦਿਆਂ, ਮਾਂ ਅਤੇ ਪਿਓ ਜੰਮਿਵਾਰੀਆਂ ਦੇ ਅਨੁਸਾਰ ਵਪਾਰ ਕਰ ਸਕਦੇ ਹਨ, ਜਾਂ ਜੰਮਿਵਾਰੀਆਂ ਨੂੰ ਵੰਡਣ ਦੇ ਆਪਣੇ ਸੰਤੁਲਿਤੰ ਗ ਨਾਲ ਅੱਗੇ ਆ ਸਕਦੇ ਹਨ. ਜਦੋਂ ਪਾਲਣ ਪੋਸਣ ਦੀ ਗੱਲ ਆਉਂਦੀ ਹੈ, ਤਾਂ ਆਦਰਸਕ ਤੌਰ 'ਤੇ ਮਾਂ ਅਤੇ ਪਿਤਾ ਦੋਵਾਂ ਦੇ ਆਪਣੇ ਬੱਚੇ ਜਾਂ ਬੱਚਿਆਂ ਨਾਲ ਸਿਹਤਮੰਦ ਸੰਬੰਧ ਹੁੰਦੇ ਹਨ ਅਤੇ ਬੱਚੇ ਪਾਲਣ-ਪੋਸਣ ਵਿੱਚ ਬਰਾਬਰ ਸਾਮਲ ਹੁੰਦੇ ਹਨ.

**ਪਿਤਾ ਦੀ ਮਹੱਤਤਾ**

ਪਿਤਾ ਚਿੱਤਰ ਆਪਣੇ ਬੱਚੇ ਜਾਂ ਬੱਚਿਆਂ ਦੀ ਮਾਨਸਿਕ ਅਤੇ ਸਰੀਰਕ ਸਿਹਤ ਨੂੰ ਪ੍ਰਭਾਵਤ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਅਦਾ ਕਰਦਾ ਹੈ. ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਪਿਤਾ ਦਾ ਚਿੱਤਰ ਬੱਚੇ ਨਾਲ ਕਿਵੇਂ ਜੁੜਿਆ ਹੋਇਆ ਹੈ, ਮਾਪੇ-ਬੱਚੇ ਦੇ ਰਿਸਤੇ ਦਾ ਸਭ ਤੋਂ ਮਹੱਤਵਪੂਰਣ ਪਹਿਲੂ ਇਸ ਦੀ ਗੁਣਵਤਾ ਹੈ, ਅਤੇ ਇਹ ਨਹੀਂ ਕਿ ਕੀ ਬੱਚਾ ਅਤੇ ਪਿਤਾ ਖੂਨ ਦੇ ਰਿਸਤੇਦਾਰ ਹਨ.

**ਵਿਜੈ ਗਰਗ ਸਾਬਕਾ ਪੀ.ਈ.ਐਸ. - 1**
**ਸੇਵਾਮੁਕਤ ਪ੍ਰਿੰਸਪਲ, ਮਲੋਟ**

# ਪਿਤਾ ਹੀ ਹੁੰਦਾ ਹੈ ਬੱਚਿਆ ਲਈ ਰਾਹ ਦਸੇਰਾ ਅਤੇ ਫਰਿਸ਼ਤਾ

ਬਿੱਲਕੁੱਲ ਸੱਚ ਹੈ ਜੀ ਇੱਕ ਪਿਤਾ ਹੀ ਹੁੰਦਾ ਹੈ ਬੱਚਿਆ ਲਈ ਰਾਹ ਦਸੇਰਾ ਅਤੇ ਫਰਿਸ਼ਤਾ।ਕਿਉਕਿ ਸ਼ਿਰਜਨਹਾਰੇ ਉਸ ਵਾਹਿਗੁਰੂ ਤੋ ਬਾਅਦ ਇੱਕ ਪਿਤਾ ਹੀ ਆਪਣੇ ਬੱਚਿਆ ਲਈ ਉਹ ਫਰਿਸ਼ਤਾ ਹੈ ਜੋ ਆਪ ਹਰ ਦੁੱਖ,ਦਰਦ ਆਪਣੇ ਤਨ,ਮਨ ਤੇ ਝੱਲਕੇ ਆਪਣੇ ਬੱਚਿਆ ਲਈ ਸੁਖਾਵਾਂ ਅਤੇ ਸ਼ਾਨਦਾਰ ਮਹੌਲ ਸਿਰਜਦਾ ਹੈ ਜੀ।ਜੇਕਰ ਮਾਂ ਰੱਬ ਦਾ ਨਾਂਅ ਹੈ ਤਾਂ ਫਿਰ ਪਿਤਾ ਵੀ ਆਪਣੇ ਬੱਚਿਆ ਲਈ ਕਿਸੇ ਰੱਬ ਤੋਂ ਘੱਟ ਨਹੀ ਜੀ ਹੁੰਦਾ।ਜੇਕਰ ਇੱਕ ਬੱਚਾ ਰੱਬ ਤੋਂ ਬਾਅਦ ਕਿਸੇ ਇਨਸਾਨ ਤੋਂ ਆਪਣੀ ਹਰ ਗੱਲ ਮਨਵਾਉਣ ਜਾਂ ਆਪਣੀ ਜਿੰਦਗੀ ਵਿੱਚ ਹਰ ਤ੍ਰਾ ਦੇ ਸਹਿਜ ਮਹੌਲ ਦੀ ਉਮੀਦ ਰੱਖਦਾ ਹੈ ਤਾਂ ਮੈਂ ਬੜੀ ਇਮਾਨਦਾਰੀ ਨਾਲ ਕਹਾਂਗੀ ਕਿ ਬੱਚੇ ਦੀ ਇਸ ਉਮੀਦ ਤੇ ਸਿਰਫ ਅਤੇ ਸਿਰਫ ਇੱਕ ਪਿਤਾ ਹੀ ਖਰਾ ਉਤਰ ਸਕਦਾ ਹੈ।ਕਿਉਕਿ ਇੱਕ ਪਿਤਾ ਹੀ ਸਖਤ ਮਿਹਨਤ ਕਰਕੇ,ਦਿਨ,ਰਾਤ ਇੱਕ ਕਰਕੇ,ਆਪਣੇ ਸ਼ੌਕ ਅਧੂਰੇ ਰੱਖਕੇ ਇਸੇ ਜੱਦੋ,ਜਹਿਦ ਵਿੱਚ ਲੱਗਾ ਰਹਿੰਦਾ ਹੈ ਕਿ ਮੇਰੇ ਬੱਚਿਆ ਦੇ ਪਾਲਣ,ਪੋਸ਼ਣ,ਪੜਾਈ,ਲਿਖਾਈ ਵਿੱਚ ਕੋਈ ਕਸਰ ਨਾ ਰਹਿ ਜਾਵੇ। ਇੱਕ ਪਿਤਾ ਇਹ ਸਭ ਕੁਝ ਕਰਦਾ ਕਰਦਾ ਹੋਇਆ ਪਤਾ ਨਹੀ ਕਦੋ ਜਵਾਨੀ ਤੋਂ ਬੁਢਾਪੇ ਤੱਕ ਦਾ ਸਫਰ ਤਹਿ ਕਰ ਲੈਂਦਾ ਹੈ।ਜਾਣੀ ਕਹਿ ਲਵੋ ਇੱਕ ਪਿਤਾ ਆਪਣਾ ਸਾਰਾ ਜੀਵਨ ਹੀ ਬੱਚਿਆ ਦੇ ਲੇਖੇ ਖੁਸ਼ੀ ਨਾਲ ਲਾ ਦਿੰਦਾ ਹੈ।ਜਿਵੇ ਸਿਆਣੇ ਕਹਿੰਦੇ ਹਨ ਮਾਂ ਬਿਨਾ ਕੋਈ ਅਸ਼ੀਸ ਨਹੀ ਦਿੰਦਾ ਅਤੇ ਪਿਤਾ ਬਿਨਾ ਕੋਈ ਚੰਗੀ ਸਲਾਹ ਨਹੀ ਦਿੰਦਾ ਇਹ ਗੱਲਾ ਬਿਲਕੁੱਲ ਸੱਚ ਹਨ।ਕਿਉਕਿ ਜਿੱਥੇ ਮਾਪਿਆ ਨੇ ਖੜਨਾ ਬੇਗਾਨਾ ਕੋਈ ਨਹੀ ਖੜ ਸਕਦਾ।ਇੱਕ ਪਿਤਾ ਜਿੱਥੇ ਆਪਣੇ ਬੱਚਿਆ ਲਈ ਸੁਖਾਵਾਂ ਮਹੌਲ ਸਿਰਜਦਾ ਹੈ ਉਥੇ ਆਪਣੇ ਬੱਚਿਆ ਨੂੰ ਚੰਗੀ ਪ੍ਰੇਰਨਾ ਦੇ ਕੇ ਸਮਾਜ ਵਿੱਚ ਸਹੀ ਢੰਗ ਨਾਲ ਵਿਚਰਣ ਦੇ ਲਾਇਕ ਵੀ ਬਣਾਉਦਾ ਹੈ।ਤਾਂ ਜੋ ਬੱਚਾ ਸਹੀ ਢੰਗ ਨਾਲ ਆਪਣੀ ਜਿੰਦਗੀ ਜੀ ਸਕੇ ਤੇ ਲੋੜ ਪੈਣ ਤੇ ਕਿਸੇ ਲੋੜਵੰਦ ਦੇ ਕੰਮ ਵੀ ਆ ਸਕੇ।ਇੱਕ ਪਿਤਾ ਹੀ ਹੈ ਜੋ ਆਪਣੇ ਬੱਚੇ ਨੂੰ ਆਪਣੇ ਨਾਲੋ ਉੱਚੇ ਮੁਕਾਮ ਤੇ ਵੇਖ ਕੇ ਖੁਸ਼ ਹੁੰਦਾ ਹੈ ਤੇ ਸਾਰੀਆ ਜਿੰਮੇਵਾਰੀਆ ਨਿਰਸਵਾਰਥ ਹੋ ਕੇ ਨਿਭਾਉਦਾ ਹੈ।ਬੱਚਿਓ ਆਪਾ ਜਿੰਨੇ ਮਰਜੀ ਪੜ ਲਿਖ ਜਾਈਏ ਮਾਪਿਆ ਵੱਲੋ ਪੜਾਇਆ ਗਿਆ ਪਾਠ ਕਿਸੇ ਵੀ ਕਿਤਾਬ ਵਿੱਚੋ ਨਹੀ ਮਿਲਦਾ ਕਿਉਕਿ ਮਾਪਿਆ ਨੇ ਆਪਣੀ ਉਮਰ ਦੇ ਤਜਰਬੇ ਅਨੁਸਾਰ ਚੰਗੇ,ਮੰਦੇ ਦੀ ਪਹਿਚਾਣ ਕਰੀ ਹੋਈ ਹੁੰਦੀ ਹੈ ਅਤੇ ਮਾਪੇ ਚੁਹੰਦੇ ਹਨ ਜੋ ਨੁਕਸਾਨ ਅਸੀ ਕਰਵਾ ਚੁੱਕੇ ਹਾਂ ਸਾਡੇ ਬੱਚਿਆ ਦਾ ਕਦੇ ਵੀ ਨਾ ਹੋਵੇ। ਇਸ ਲਈ ਤਾਂ ਕਹਿੰਦੇ ਹਨ ਕਿਸੇ ਵੀ ਇਨਸਾਨ ਦੀ ਮਹਾਨਤਾ ਪਿੱਛੇ ਸਭ ਤੋਂ ਵੱਡਾ ਯੋਗਦਾਨ ਉਸਦੇ ਮਾਪਿਆ ਦਾ ਹੀ ਹੁੰਦਾ ਹੈ ਜੀ।ਦੁਨੀਆਂ ਦੇ ਹਰ ਕੋਨੇ ਵਿੱਚ ਜਾ ਕੇ ਭਵੇਂ ਲੱਖ ਵਾਰ ਲੱਭ ਲਵੋ ਪਿਤਾ ਜਿਹਾ ਵਫਾਦਾਰ ਦੋਸਤ ਤਹਾਨੂੰ ਕਿਤੋ ਵੀ ਨਹੀ ਲੱਭੇਗਾ।ਪਿਤਾ ਨਿੰਮ ਦੇ ਦਰੱਖਤ ਵਾਂਗੂ ਕੌੜਾ ਤਾਂ ਜਰੂਰ ਹੁੰਦਾ ਪਰ ਸੰਘਣੀ ਛਾਂ ਦੇ ਨਾਲ,ਨਾਲ ਬੱਚੇ ਨੂੰ ਸਫਲ ਬਣਾਉਣ ਵਿੱਚ ਬਹੁਤ ਕਾਰਗਰ ਸਿੱਧ ਹੁੰਦਾ ਹੈ ਜੀ।ਮੇਰੇ ਆਪਣੇ ਜੀਵਨ ਦੇ ਤਜਰਬੇ ਮੁਤਾਬਿਕ ਉਹ ਬੱਚੇ ਜਿੰਦਗੀ ਵਿੱਚ ਕਦੇ ਵੀ ਧੋਖਾ ਨਹੀ ਖਾਂਦੇ ਜੋ ਆਪਣੇ ਪਿਤਾ ਦੀ ਸਲਾਹ ਨਾਲ ਚੱਲਦੇ ਹਨ। ਅਤੇ ਪਿਤਾ ਦੀ ਛਤਰ ਛਾਇਆ ਹੇਠ ਰਹਿੰਦੇ ਹਨ।ਇਸ ਲਈ ਬੱਚਿਓ ਆਪਣੀ ਆਦਤ ਨੂੰ ਬਦਲੋ ਜਿਹੜੇ ਬੱਚੇ ਮਾਪਿਆਂ ਦਾ ਕਿਹਾ ਨਹੀ ਮੰਨਦੇ ਅੱਜ ਤੋਂ ਹੀ ਆਪਣੇ ਮਾਪਿਆ ਦੇ ਆਗਿਆਕਾਰੀ ਬੱਚੇ ਬਣ ਜੀਵਨ ਸਫਲ ਬਣਾਓ।

ਜਿਵੇ ਡਾ.(ਅਬਦੁਲ ਕਲਾਮ ਜੀ) ਲਿਖਦੇ ਹਨ ਤੁਸੀ ਆਪਣਾ ਭੱਵਿਖ ਤਾਂ ਨਹੀ ਬਦਲ ਸਕਦੇ ਪਰ ਆਪਣੀਆਂ ਆਦਤਾਂ ਤਾਂ ਬਦਲ ਸਕਦੇ ਹੋ

ਜੇਕਰ ਤੁਸੀ ਆਪਣੀਆ ਆਦਤਾਂ ਬਦਲ ਲਵੋਂਗੇ ਤਾਂ ਭੱਵਿਖ ਆਪਣੇ ਆਪ ਹੀ ਬਦਲ ਜਾਵੇਗਾ।

ਬੱਚਿਓ ਪਿਤਾ ਇੱਕ ਉਹ ਛਾਂ ਦਾਰ ਬੂਟਾ ਹੈ ਜੋ ਤਹਾਨੂੰ ਆਪ ਧੁੱਪ ਵਿੱਚ ਖੜਕੇ ਛਾਂ ਪ੍ਰਦਾਣ ਕਰਦਾ ਹੈ ਤੇ ਕਰਦਾ ਵੀ ਰਹੇਗਾ ਜਿੰਨਾ ਚਿਰ ਉਸਦੇ ਸਾਹ ਵੱਗਦੇ ਰਹਿਣਗੇ।ਪਰ ਬੱਚੇ ਪਿਤਾ ਲਈ ਕੀ ਕਰਦੇ ਹਨ ਜੇਕਰ ਪਿਤਾ ਕਿਤੇ ਗੁੱਸੇ ਵਿੱਚ ਦੋ ਬੋਲ ਹੀ ਕਹਿ ਦੇਵੇ ਤਾਂ ਘਰ ਵਿੱਚ ਵਿਵਾਦ ਖੜਾ ਕਰ ਦਿੰਦੇ ਹਨ।ਬੱਚੇ ਵੇਖਿਓ ਕਿਤੇ ਪਿਤਾ ਦੀ ਕੀਤੀ ਕਮਾਈ ਅਤੇ ਕੁਰਬਾਨੀ ਨਾਂ ਭੁੱਲ ਜਾਣਾ।ਕੋਈ ਵੀ ਗੱਲ ਆਪਣੀ ਸੋਚ ਤੋਂ ਵੱਡੀ ਤਾਂ ਨਹੀ ਹੋ ਸਕਦੀ।ਉਸਦਾ ਹੱਲ ਵੀ ਆਪਣੀ ਸੋਚ ਦੇ ਅੰਦਰ ਹੀ ਪਿਆ ਹੁੰਦਾ ਹੈ।ਇਸ ਲਈ ਕਦੇ ਵੀ ਭੁੱਲ ਭੁਲੇਖੇ ਆਪਣੇ ਮਾਪਿਆ ਨੂੰ ਕੌੜਾ ਸਬਦ ਨਾਂ ਹੀ ਬੋਲੋ।ਜੇਕਰ ਪਿਤਾ ਕਿਸੇ ਗੱਲ ਤੋਂ ਰੋਕੇ,ਟੋਕੇ ਤਾਂ ਤੁਹਾਡਾ ਮਿੱਠ ਬੋਲੜਾ ਸੁਭਾਅ ਜਾਂ ਚੁੱਪ ਹੋ ਜਾਣਾ ਤੁਹਾਨੂੰ ਤੁਹਾਡੇ ਪਿਤਾ ਜੀ ਦਾ ਹੋਰ ਵੀ ਚਹੇਤਾ ਬਣਾ ਦਵੇਗਾ।ਜਰਾ ਸੋਚੋ ਜਿੰਨਾ ਦੇ ਸਿਰ ਤੇ ਪਿਤਾ ਦਾ ਸਾਇਆ ਨਹੀ ਹੁੰਦਾ ਉਂਨਾ ਬੱਚਿਆ ਦਾ ਬਚਪਨ ਸੱਚੀ ਅਧੂਰਾ ਰਹਿ ਜਾਦਾ ਹੈ ਜੀ ਨਾਂ ਕਿਤੇ ਉਂਨਾ ਨੂੰ ਪਿਤਾ ਦੀ ਗੋਦ ਦਾ ਨਿੱਘ,ਨਾ ਹੀ ਪਿਤਾ ਦੀ ਝਿੜਕ ਅਤੇ ਨਾ ਹੀ ਪਿਤਾ ਦੀ ਸਲਾਹ ਤੇ ਪਿਆਰ ਮਿਲਿਆ।ਇਸ ਲਈ ਪਿਆਰੇ ਬੱਚਿਓ ਆਪਣੇ ਪਿਤਾ ਦੀਆਂ ਭਾਵਨਾਂਵਾ ਨੂੰ ਸਮਝੋ।ਜਿਵੇ ਇੱਕ ਬੱਚੇ ਨੂੰ ਪਿਤਾ ਤੋਂ ਬਿਨਾ ਇੱਕਲਤਾ ਮਹਿਸੂਸ ਹੁੰਦੀ ਹੈ ਉਵੇਂ ਬੁਢਾਪੇ ਵਿੱਚ ਮਾਪਿਆਂ ਨੂੰ ਵੀ ਬੱਚਿਆ ਤੋਂ ਬਿਨਾ ਇੱਕਲਤਾ ਮਹਿਸੂਸ ਹੁੰਦੀ ਹੈ।ਇਸ ਲਈ ਆਪਣੇ ਕੰਮਕਾਰ ਵਿੱਚੋ ਕੁਝ ਸਮਾਂ ਕੱਢਕੇ ਆਪਣੇ ਮਾਪਿਆਂ ਕੋਲ ਜਰੂਰ ਬੈਠੋ।ਉਨਾਂ ਦੀ ਸਲਾਹ ਲਵੋ,ਸੇਵਾ ਕਰੋ,ਸਤਿਕਾਰ ਕਰੋ ਅਤੇ ਉਂਨਾ ਨੂੰ ਚੰਗੀਆ ਸਹੂਲਤਾ ਮੁੱਹਈਆ ਕਰਵਾਓ।ਕਿਉਕਿ ਹਰ ਕੰਮ ਵਿੱਚ ਮਾਪਿਆ ਵੱਲੋ ਦਿੱਤੀ ਚੰਗੀ ਸਿੱਖਿਆ ਹੀ ਕਾਰਗਿਰ ਸਿੱਧ ਹੁੰਦੀ ਹੈ।ਅਤੇ ਸਮਾਜ ਵਿੱਚ ਸਿਰ ਉਠਾ ਕੇ ਜਿਉਣ ਜੋਗੇ ਵੀ ਤਾਂ ਸਾਨੂੰ ਮਾਪਿਆ ਨੇ ਹੀ ਕੀਤਾ ਹੈ।ਜੇਕਰ ਅੱਜ ਬਜੁਰਗ ਮਾਪੇ ਸਾਥੋ ਸਹਾਰਾ ਮੰਗਦੇ ਹਨ ਤਾਂ ਖੁਸ਼ੀ,ਖੁਸ਼ੀ ਆਪਣੇ ਫਰਜ ਨਿਭਾਓ ਕਿਉਕਿ ਮਾਪਿਆ ਨੂੰ ਪਿੱਛੇ ਸੁੱਟ ਅਸੀ ਜਿੰਦਗੀ ਵਿੱਚ ਕਦੇ ਵੀ ਅੱਗੇ ਨਹੀ ਵੱਧ ਸਕਦੇ। ਉਹ ਦਿਨ ਹਮੇਸ਼ਾ ਯਾਦ ਰੱਖੋ ਜਦੋ ਮਾਪਿਆ ਨੇ ਤਹਾਨੂੰ ਉਂਗਲੀ ਫੜ ਕੇ ਚੱਲਣਾ ਸਿਖਾਇਆ ਅਤੇ ਤੁਹਾਡੀ ਹਰ ਖੁਸ਼ੀ ਤੇ ਆਪਣੀ ਖੁਸ਼ੀ ਕੁਰਬਾਨ ਕੀਤੀ।ਸੋ ਬਚਿਓ ਤੁਸੀ ਵੀ ਆਪਣੇ ਮਾਪਿਆ ਦੇ ਬੁਢਾਪੇ ਦਾ ਸਹਾਰਾ ਬਣੋ ਤੇ ਖੁਸ਼ੀਆਂ ਦਿਓ ਹੁਣ ਵਾਰੀ ਤੁਹਾਡੀ ਹੈ



**।ਪਰਮਜੀਤ ਕੌਰ ਸੋਢੀ ਭਗਤਾ ਭਾਈ ਕਾ**
**94786 58384**



# ਹੌਲੀ ਹੌਲੀ ਖਤਮ ਹੋ ਰਿਹਾ ਪੰਜਾਬੀ ਸੱਭਿਆਚਾਰ

ਪੰਜਾਬੀ ਸੱਭਿਆਚਾਰ ਦੇ ਦਰਸ਼ਨ ਹੁਣ ਸਿਰਫ ਪੁਰਾਣੀਆਂ ਪੰਜਾਬੀ ਫਿਲਮਾਂ ਜਾਂ ਮਿਊਜ਼ੀਅਮਾਂ ਵਿੱਚ ਹੀ ਹੁੰਦੇ ਹਨ। ਖੁਲ੍ਹਾ ਕੁੜਤਾ ਤੇ ਧੂੰਹਵਾਂ ਚਾਦਰਾ ਬੰਨ੍ਹ ਕੇ ਜੇ ਅੱਜ ਵੀ ਕੋਈ ਬਜਾਰ ਵਿੱਚ ਦੀ ਲੰਘ ਜਾਵੇ ਤਾਂ ਲੋਕ ਮੁੜ ਮੁੜ ਕੇ ਵੇਖਦੇ ਹਨ। ਖੁਲ੍ਹੀਆਂ ਖੁਰਾਕਾਂ, ਖੁਲ੍ਹੇ ਪਹਿਰਾਵੇ, ਖੁਲ੍ਹਾ ਸੁਭਾਅ ਅਤੇ ਖੁਲ੍ਹੇ ਮਕਾਨਾਂ ਵਾਲੇ ਪੰਜਾਬੀਆਂ ਦੀਆਂ ਸ਼ਕਲਾਂ ਵੀ ਪੂਰਬੀਆਂ ਵਰਗੀਆਂ ਹੁੰਦੀਆਂ ਜਾ ਰਹੀਆਂ ਹਨ ਤੇ ਲਿਬਾਸ ਅਤੇ ਖੁਰਾਕ ਵੀ। ਪੰਜਾਬ ਦੇ 1% ਘਰਾਂ ਵਿੱਚ ਵੀ ਹੁਣ ਚਾਟੀ ਵਿੱਚ ਮਧਾਣੀ ਨਹੀਂ ਖੜਕਦੀ। ਘਰ ਦੇ ਦਹੀਂ ਲੱਸੀ ਦਾ ਲੋਕਾਂ ਨੂੰ ਸਵਾਦ ਭੁੱਲਦਾ ਜਾ ਰਿਹਾ ਹੈ। ਸ਼ਹਿਰੀਆਂ ਨੂੰ ਛੱਡੋ, ਕੋਈ ਪੇਂਡੂ ਬੱਚਾ ਵੀ ਲੱਸੀ ਨੂੰ ਮੂੰਹ ਨਹੀਂ ਲਾਉਂਦਾ। ਕੁੱਜੇ ਵਿੱਚ ਰਿੱਝਦਾ ਸਾਗ, ਦਾਣੇ ਭੁੰਨਣ ਵਾਲੀ ਭੱਠੀ, ਕਮਾਦ ਪੀੜਨ ਵਾਲਾ ਵੇਲਣਾ, ਗੁੜ ਬਣਾਉਣ ਵਾਲੇ ਕੜਾਹੇ ਦਾ ਨਾਮੋ ਨਿਸ਼ਾਨ ਖਤਮ ਹੋ ਗਿਆ ਹੈ। ਸਾਡੇ ਕਮਾਦ ਤੋਂ ਬਿਹਾਰੀ ਮਜ਼ਦੂਰ ਗੁੜ-ਸ਼ੱਕਰ ਬਣਾ ਕੇ ਸਾਨੂੰ ਹੀ ਵੇਚ ਕੇ ਲੱਖਾਂ ਕਮਾ ਰਹੇ ਹਨ।

ਸੱਭਿਆਚਾਰਕ ਨਿਘਾਰ ਕਾਰਨ ਪੰਜਾਬ ਵਿੱਚੋਂ ਕਈ ਚੀਜ਼ਾਂ ਵਸਤਾਂ ਅਲੋਪ ਹੋ ਗਈਆਂ ਹਨ। ਨਵੀਂ ਪੀੜ੍ਹੀ ਨੂੰ ਤਾਂ ਸੈਂਕੜੇ ਪੁਰਾਣੀਆਂ ਚੀਜਾਂ ਦੇ ਨਾਮ ਵੀ ਨਹੀਂ ਆਉਂਦੇ। ਸਾਡੇ ਵੇਲੇ ਬੰਟਿਆਂ (ਕੱਚ ਦੀਆਂ ਗੋਲੀਆਂ) ਦੇ ਝੋਲੇ ਭਰੀ ਫਿਰੀਦੇ ਸੀ। ਹੁਣ ਬੱਚਿਆਂ ਨੂੰ ਪਤਾ ਹੀ ਨਹੀਂ ਕਿ ਗੁੱਲੀ ਡੰਡਾ, ਬੰਟੇ, ਲਿਖਣ ਵਾਲੀਆਂ ਫੱਟੀਆਂ, ਲਾਟੂ, ਲੁਕਣ ਮੀਟੀ, ਬਾਂਦਰ ਕਿੱਲਾ, ਸ਼ਟਾਪੂ, ਪਿੱਠੂ ਗਰਮ, ਛੂਹਣ ਛਪਾਈ, ਬੰਟੇ ਖੇਡਣ ਵਾਲੀ ਖੁੱਤੀ ਤੇ ਗੁੱਲੀ ਡੰਡਾ ਖੇਡਣ ਵਾਲੀ ਰਾਬ ਕੀ ਹੁੰਦੀ ਹੈ? ਸਾਉਣ ਮਹੀਨੇ ਲੱਗਦੀਆਂ ਤੀਆਂ ਹੁਣ ਸਿਰਫ ਗਾਣਿਆਂ ਜਾਂ ਫਿਲਮਾਂ ਵਿੱਚ ਰਹਿ ਗਈਆਂ ਹਨ। ਪਿੱਪਲ-ਬੋਹੜ ਥੱਲੇ ਸੱਥਾਂ ਵਿੱਚ ਕੋਈ ਨਹੀਂ ਬੈਠਦਾ। ਉਹਨਾਂ ਦੀ ਜਗ੍ਹਾ ਸੀਮਿੰਟ ਦੇ ਪੰਚਾਇਤ ਘਰਾਂ ਨੇ ਲੈ ਲਈ ਹੈ। ਤਾਂਗਾ ਕਿਤੇ ਵਿਰਲਾ ਟਾਵਾਂ ਹੀ ਦਿਸਦਾ ਹੈ। ਸ਼ਹਿਰਾਂ ਵਿੱਚ ਤਾਂਗੇ ਖੜੇ ਕਰਨ ਲਈ ਖਾਸ ਤੌਰ 'ਤੇ ਤਾਂਗਾ ਸਟੈਂਡ ਬਣੇ ਹੁੰਦੇ ਸਨ। ਪਿੰਡਾਂ ਵਿੱਚ ਵਿਕਣ ਆਉਣ ਵਾਲੀ ਮਲਾਈ ਬਰਫ ਦੀ ਜਗ੍ਹਾ ਕੁਲਫੀਆਂ ਅਤੇ ਆਈਸ ਕਰੀਮ ਨੇ ਲੈ ਲਈ ਹੈ। ਜਦੋਂ ਮਲਾਈ ਬਰਫ ਵਾਲਾ ਇੱਕ ਪਤਲੀ ਜਿਹੀ ਕਾਤਰ ਲਾਹ ਕੇ ਕਾਗਜ਼ 'ਤੇ ਪਾ ਕੇ ਦੇਂਦਾ ਤਾਂ ਅਮੁਲ ਦੀ ਪਿਸਤਾ ਕੁਲਫੀ ਨਾਲੋਂ ਜਿਆਦਾ ਮਜ਼ਾ ਦਿੰਦੀ ਸੀ।

ਹੁਣ ਕੋਈ ਕਿਸਾਨ ਖੇਤੀਬਾੜੀ ਲਈ ਬਲਦ ਜਾਂ ਊਠ ਨਹੀਂ ਪਾਲਦਾ। ਖੇਤੀ ਦੇ ਕਈ ਸੰਦ ਜਿਵੇਂ ਗੱਡੇ, ਹਲ, ਪੰਜਾਲੀਆਂ, ਅਰਲੀ, ਹੱਥ ਤੇ ਡੰਗਰਾਂ ਨਾਲ ਚੱਲਣ ਵਾਲੇ ਟੋਕੇ, ਵੇਲਣੇ, ਵੱਟਾਂ ਪਾਉਣ ਵਾਲੇ ਜਿੰਦਰੇ, ਤੂੜੀ ਦੇ ਮੂਸਲ, ਫਲ੍ਹੇ, ਤੱਕੜੀਆਂ, ਪੁਰਾਣੇ ਵੱਟੇ, ਆਦਿ ਅਜਾਇਬਘਰਾਂ ਦਾ ਸ਼ਿੰਗਾਰ ਬਣ ਚੁੱਕੇ ਹਨ। ਘਰਾਂ ਵਿੱਚ ਵਰਤਣ ਵਾਲਾ ਸਮਾਨ, ਹੱਥ ਵਾਲੀਆਂ ਚੱਕੀਆਂ, ਮਧਾਣੀਆਂ, ਸੇਵੀਆਂ ਵੱਟਣ ਵਾਲੀ ਬਿੱਲੀ, ਕਾੜ੍ਹਨੀ, ਚਾਟੀ, ਚੱਕਵੇਂ ਚੁਲ੍ਹੇ, ਨਾਲੇ ਅਤੇ ਖੇਸ ਬੁਣਨ ਵਾਲੀ ਖੱਡੀ, ਕਿੱਲੀਆਂ, ਚਰਖੇ, ਮਿੱਟੀ ਤੇ ਸਰ੍ਹੋਂ ਦੇ ਤੇਲ ਦੇ ਦੀਵੇ, ਗੁੜ ਦੀ ਚਾਹ, ਆਟੇ ਦੀਆਂ ਚਿੜੀਆਂ, ਘਰ ਦਾ ਗੁੜ-ਸ਼ੱਕਰ ਆਦਿ ਵੀ ਗਾਇਬ ਹੁੰਦੇ ਜਾ ਰਹੇ ਹਨ। ਹੁਣ ਕੁੜੀਆਂ ਪਹਿਲਾਂ ਵਾਂਗ ਤ੍ਰਿਝਣਾਂ ਵਿੱਚ ਬੈਠ ਕੇ ਸੂਤ ਨਹੀਂ ਕੱਤਦੀਆਂ। ਪਹਿਲਾਂ ਦੁੱਧ ਨੂੰ ਜਾਗ ਲਾ ਕੇ ਮੱਖਣ ਬਣਾਉਂਦੇ ਸਨ ਜਿਸ ਨਾਲ ਲੱਸੀ ਵੀ ਮਿਲ ਜਾਂਦੀ ਸੀ। ਪਰ ਹੁਣ ਮਲਾਈ ਲਾਹ ਕੇ ਬਿਜਲੀ ਦੀ ਮਧਾਣੀ ਨਾਲ ਰਿੜਕ ਲੈਣ ਕਾਰਨ ਸਿਰਫ ਮੱਖਣ ਮਿਲਦਾ ਹੈ, ਲੱਸੀ ਤਿਆਰ ਨਹੀਂ ਹੁੰਦੀ। ਪਿੱਤਲ-ਕਾਂਸੀ ਦੀ ਜਗ੍ਹਾ ਸਟੀਲ ਦੇ ਲੈ ਲੈਣ ਕਾਰਨ ਭਾਂਡੇ ਕਲੀ ਕਰਨ ਵਾਲਿਆਂ ਦੇ ਹੋਕੇ ਵੀ ਹੁਣ ਸੁਣਾਈ ਨਹੀਂ ਦੇਂਦੇ। ਮਾਡਰਨ ਫੈਸ਼ਨ ਕਾਰਨ ਜਨਾਨੀਆਂ ਹੁਣ ਘੁੰਡ ਨਹੀਂ ਕੱਢਦੀਆਂ ਤੇ ਨਾ ਹੀ ਕੋਈ ਲੜਕੀ ਵਿਦਾਈ ਵੇਲੇ ਰੋਂਦੀ ਹੈ। ਸਕੂਲ ਜਾਣ ਲਈ ਬੋਰੀ ਵਾਲੇ ਬਸਤੇ ਹੁੰਦੇ ਸਨ। ਜਮਾਤ ਵਿੱਚ ਬੈਠਣ ਲਈ ਜਾਂ ਬੋਰੀ ਤੇ ਜਾਂ ਇੱਟ ਨਾਲ ਸਾਰ ਲਿਆ ਜਾਂਦਾ ਸੀ। ਜਿਸ ਵਿਦਿਆਰਥੀ ਦਾ ਬਸਤਾ ਚਿੱਟੀ ਖਾਦ ਦੀ ਬੋਰੀ ਬਣਿਆ ਹੁੰਦਾ ਸੀ, ਉਸ ਦਾ ਸਾਰੀ ਕਾਲਸ ਵਿੱਚ ਟੌਹਰ ਹੁੰਦਾ ਸੀ। ਗੰਨੇ ਹੁਣ ਕੋਈ ਨਹੀਂ ਚੂਪਦਾ, ਕਮਾਦ ਈ ਹੈਨੀ। ਜੱਟ ਵੀ ਸ਼ਹਿਰ ਜਾ ਕੇ ਬੜੇ ਸ਼ੌਕ ਨਾਲ ਮੱਖੀਆਂ ਦੀ ਭਰੀ ਰੇਹੜੀ ਤੋਂ ਗੰਨੇ ਦਾ "ਜੂਸ" ਪੀਂਦੇ ਹਨ।

ਵਿਆਹਾਂ ਦੀ ਸ਼ਾਨ ਅਤੇ ਮੋਹ ਪਿਆਰ ਖਤਮ ਹੋ ਗਿਆ ਹੈ। ਵਿਆਹ ਵਿੱਚ ਪੈਸੇ ਫੂਕਣ ਦੀ ਦੌੜ ਲੱਗੀ ਹੋਈ ਹੈ। ਪਹਿਲਾਂ ਜੰਝ 2-2, 3-3 ਦਿਨ ਰਹਿੰਦੀ ਸੀ। ਜਿੰਨੇ ਦਿਨ ਕੋਈ ਜੰਝ ਰੱਖਦਾ, ਉਨਾਂ ਹੀ ਇਲਾਕੇ ਵਿੱਚ ਬੱਲੇ ਬੱਲੇ ਹੁੰਦੀ। ਸਾਰਾ ਪਿੰਡ ਰਲ ਮਿਲ ਕੇ ਬਰਾਤ ਦੀ ਸੇਵਾ ਕਰਦਾ ਸੀ। ਪਿੰਡ ਦੇ ਨਾਈ-ਲਾਗੀ ਹੀ ਸਾਰਾ ਖਾਣਾ ਤਿਆਰ ਕਰਦੇ ਸਨ। ਨਾ ਮੈਰਿਜ ਪੈਲੇਸ ਦਾ ਖਰਚਾ ਤੇ ਨਾ ਕੈਟਰਿੰਗ ਦਾ। ਜਾਂਞੀਆਂ ਵਾਸਤੇ ਖੁਲ੍ਹੀਆਂ ਮਿਠਾਈਆਂ, ਮਿੱਠੇ-ਨਮਕੀਨ ਚਾਵਲ, ਮੁਰਗਾ-ਬੱਕਰਾ ਅਤੇ ਘੋੜੀਆਂ ਵਾਸਤੇ ਵਧੀਆ ਦਾਣਾ ਵਰਤਾਇਆ ਜਾਂਦਾ ਸੀ। ਸ਼ਰੀਕੇ ਬਰਾਦਰੀ ਵਾਲੇ ਇੱਕ ਇੱਕ ਘੋੜੀ ਸੰਭਾਲਣ ਲਈ ਆਪਣੇ ਘਰ ਬੰਨ੍ਹ ਲੈਂਦੇ ਸਨ ਕਿ ਕੁੜੀ ਵਾਲੇ 'ਤੇ ਬਹੁਤਾ ਬੋਝ ਨਾ ਪਵੇ। ਬਹੁਤ ਮਜ਼ਾ ਆਉਂਦਾ ਸੀ ਜਦੋਂ ਲਾਗੀ ਸਵੇਰੇ ਸਵੇਰ ਨਾਨਕਾ ਮੇਲ ਨੂੰ ਮੰਜੀਆਂ 'ਤੇ ਪਿੱਤਲ ਦਾ ਡੱਕਵਾਂ ਚਾਹ ਦਾ ਗਲਾਸ ਤੇ ਨਾਲ ਮਿੱਠੀ ਬੂੰਦੀ ਅਤੇ ਮੱਠੀਆਂ ਦੇ ਥਾਲ ਵਰਤਾਉਂਦਾ ਸੀ। ਕਈ ਵਾਰ ਤਾਂ ਬਰਾਤੀ ਤਰਲੇ ਕੱਢ ਕੇ ਵਾਪਸ ਜਾਂਦੇ ਸਨ ਕਿ ਹੁਣ ਸਾਨੂੰ ਘਰ ਦੇ ਕੰਮ ਵੀ ਕਰ ਲੈਣ ਦਿਉ। ਲੜਕੇ ਦਾ ਛੁਹਾਰਾ ਪਾਉਣ ਵੇਲੇ ਚਾਬੀ ਖੂਹ ਵਿੱਚ ਸੁੱਟਣ ਦੀ ਰਸਮ ਹੁੰਦੀ ਸੀ। ਸਾਰੇ ਪਿੰਡ ਨੂੰ 5-5 ਲੱਡੂ ਤੇ 5-5 ਰੁ. ਦੇ ਕੇ ਕਹਿੰਦੇ ਸਨ ਕਿ ਚਾਬੀ ਖੂਹ ਵਿੱਚ ਸੁੱਟ ਦਿੱਤੀ ਹੈ। ਜੇ ਕੋਈ ਇਸ ਤੋਂ ਵੱਧ ਖਰਚਾ ਕਰਦਾ ਸੀ ਤਾਂ ਕਿਹਾ ਜਾਂਦਾ ਸੀ ਕਿ ਫਲਾਣੇ ਨੇ ਚਾਬੀ ਖੂਹ ਵਿੱਚੋਂ ਕੱਢੀ ਹੈ। ਮਿੱਟੀ ਦੇ ਮਕਾਨ, ਸਿਰਕੀ ਅਤੇ ਕਾਨਿਆਂ ਦੀਆਂ ਛੱਤਾਂ ਹੁਣ ਕੋਈ ਨਹੀਂ ਪਾਉਂਦਾ। ਬਿਜਲੀ ਦੀਆਂ ਮੋਟਰਾਂ ਕਾਰਨ ਖੂਹਾਂ ਦਾ ਵਜੂਦ ਖਤਮ ਹੋ ਗਿਆ ਹੈ। ਜੇ ਕਿਸੇ ਪਿੰਡ ਵਿੱਚ ਖੂਹ ਹੈ ਵੀ ਤਾਂ ਕੂੜਾ ਸੁੱਟਣ ਦੇ ਕੰਮ ਆਉਂਦਾ ਹੈ। ਪਹਿਲਾਂ ਪਿੰਡਾਂ ਵਿੱਚ ਡੰਗਰ ਚਾਰਨ ਲਈ ਚਰਾਂਦਾ ਅਤੇ ਰੌੜਾਂ ਹੁੰਦੀਆਂ ਸਨ। ਹਰੀ ਕ੍ਰਾਂਤੀ ਕਾਰਨ ਉਹ ਵੀ ਖਤਮ ਹੋ ਗਏ। ਪਾਣੀ ਦੀ ਵਾਰੀ ਸਹੀ ਸਮੇਂ 'ਤੇ ਲਾਉਣ ਲਈ ਪਿੰਡ ਵਿੱਚ ਇੱਕ ਘੜੀ ਵਾਲਾ ਰਾਖਾ ਹੁੰਦਾ ਸੀ। ਉਸ ਨੂੰ ਹਾੜ੍ਹੀ-ਸਾਉਣੀ ਸਾਰੇ ਪਿੰਡ ਵਾਲੇ ਥੋੜ੍ਹੇ ਥੋੜ੍ਹੇ ਪੈਸੇ ਇਕੱਠੇ ਕਰ ਕੇ ਦੇਂਦੇ ਸਨ। ਉਹ ਹੀ ਹਰੇਕ ਦੇ ਪਾਣੀ ਦੀ ਵਾਰੀ ਦਾ ਸਹੀ ਸਮਾਂ ਦੱਸਦਾ ਸੀ।

ਮੈਸੇਜ ਤੇ ਈਮੇਲਾਂ ਕਾਰਨ ਹੁਣ ਕੋਈ ਚਿੱਠੀਆਂ ਨਹੀਂ ਪਾਉਂਦਾ। ਬੱਚਿਆਂ ਦੇ ਬਸਤਿਆਂ ਵਿੱਚੋਂ ਕਲਮ-ਦਵਾਤ, ਫੱਟੀ, ਕੈਦਾ, ਪਹਾੜੇ ਅਤੇ ਸਲੇਟਾਂ ਖਤਮ ਹੋ ਗਏ ਸਨ। ਲੀਰਾਂ ਨਾਲ ਬਣਾਈਆਂ ਗੁੱਡੀਆਂ-ਪਟੋਲੇ ਤੇ ਖਿੱਦੋ-ਖੂੰਡੀ ਦੀ ਜਗ੍ਹਾ ਚੀਨੀ ਮਾਲ ਨੇ ਲੈ ਲਈ ਹੈ। ਬਿਜਲੀ ਦੀਆਂ ਚੱਕੀਆਂ ਨੇ ਖਰਾਸ ਅਤੇ ਘਰਾਟ ਖਾ ਲਏ। ਘਰਾਟਾਂ-ਖਰਾਸਾਂ ਦਾ ਆਟਾ ਹੌਲੀ ਹੌਲੀ ਪੀਸਿਆ ਹੋਣ ਕਾਰਨ ਬਹੁਤ ਗੁਣਕਾਰੀ ਤੇ ਮਿੱਠਾ ਹੁੰਦਾ ਸੀ। ਕਈ ਪੁਰਾਣੇ ਪੰਜਾਬੀ ਸ਼ਬਦ ਜਿਵੇਂ ਫੰਡੇ, ਝੰਡ ਕਰਨੀ, ਇਕੋਤਰ ਸੌ, ਬੂਥਾ, ਗੁੱਗੇ ਦੀ ਥੜ੍ਹੀ, ਧੌਲ, ਹੂਰਾ, ਦੇਗ ਦੇਣੀ, ਛਾਹ ਵੇਲਾ, ਲੌਢਾ ਵੇਲਾ, ਮੜਾਸਾ, ਮੜ੍ਹੰਗਾ, ਮਛੋਹਰ, ਲਾਪਰਨਾ, ਤੜਾਗੀ ਆਦਿ ਤਾਂ ਨਵੀਂ ਪੀੜ੍ਹੀ ਨੂੰ ਏਲੀਅਨ ਲੱਗਦੇ ਹਨ। ਪਾਣੀ ਗੰਦਾ ਹੋਣ ਕਾਰਨ ਅੱਜਕਲ੍ਹ ਕੋਈ ਟੋਬਿਆਂ ਵਿੱਚ ਨਹਾਉਣ ਨਹੀਂ ਜਾਂਦਾ। ਹੁਣ ਵਿਆਹਾਂ ਵੇਲੇ ਕੋਈ ਪਿੰਡਾਂ ਵਿੱਚ ਮੰਜੇ ਬਿਸਤਰੇ ਇਕੱਠੇ ਨਹੀਂ ਕਰਦਾ। ਪੱਗਾਂ ਰੰਗਣ ਵਾਲੇ ਲਲਾਰੀ ਤੇ ਪੰਜਾਬੀ ਗਾਣਿਆਂ ਦੇ ਮਸ਼ਹੂਰ ਕਰੈਕਟਰ ਛੜੇ ਵੀ ਖਤਮ ਹੋ ਗਏ ਹਨ। ਪੱਕੀਆਂ ਫਰਸ਼ਾਂ ਕਾਰਨ ਘਰਾਂ ਵਿੱਚ ਗੋਹੇ-ਮਿੱਟੀ ਦਾ ਪੋਚਾ ਫੇਰਨਾ ਬੰਦ ਹੋ ਗਿਆ ਹੈ ਤੇ ਨਾ ਹੀ ਕੋਈ ਸੁਆਣੀ ਕੰਧਾਂ 'ਤੇ ਕਾਂ ਚਿੜੀਆਂ ਬਣਾਉਂਦੀ ਹੈ। ਪੰਜਾਬ ਵਿੱਚ ਪਰਿਵਾਰਕ ਕਦਰਾਂ ਕੀਮਤਾਂ ਅਤੇ ਸਾਂਝ ਖਤਮ ਹੋਣ ਦਾ ਮੁੱਢ 1970ਵਿਆਂ ਵਿੱਚ ਟੈਲੀਵਿਜ਼ਨ ਦੇ ਪ੍ਰਵੇਸ਼ ਨਾਲ ਬੱਝਣਾ ਸ਼ੁਰੂ ਹੋਇਆ ਸੀ। ਇਸ ਕਾਰਨ ਘਰਾਂ ਵਿੱਚ ਇਕੱਠੇ ਬੈਠ ਕੇ ਰਾਤ ਦੀ ਰੋਟੀ ਖਾਂਦਿਆਂ ਨਿੱਕੀਆਂ ਨਿੱਕੀਆਂ ਗੱਲਾਂ ਕਰਨ ਦਾ ਰਿਵਾਜ਼ ਖਤਮ ਹੋ ਗਿਆ। ਸਾਰਾ ਟੱਬਰ ਘੜੀ ਵੱਲ ਵੇਖਦਾ ਰਹਿੰਦਾ ਸੀ ਕਿ ਕਿਸ ਵੇਲੇ 6 ਵੱਜਣ ਤੇ ਜਲੰਧਰ ਸਟੇਸ਼ਨ ਸ਼ੁਰੂ ਹੋਵੇ। ਹੁਣ ਇਹ ਜ਼ਮਾਨਾ ਆ ਗਿਆ ਹੈ ਕਿ ਜਿੰਨੇ ਕਮਰੇ ਉਨੇ ਟੀਵੀ ਤੇ ਉਹ ਵੀ 24 ਘੰਟੇ ਚੱਲਦੇ ਹਨ। ਪਹਿਲਾਂ ਪਿੰਡਾਂ ਵਿੱਚ ਰੋਟੀ ਖਾ ਕੇ ਲੋਕ ਅੱਠ ਵਜੇ ਤੱਕ ਸੌਂ ਜਾਂਦੇ ਸਨ। ਪਰ ਹੁਣ ਅੱਧੀ ਰਾਤ ਤੱਕ ਟੀਵੀ ਨੂੰ ਚੰਬੜੇ ਰਹਿੰਦੇ ਹਨ। ਇੱਕ ਘਰ ਵਿੱਚ ਰਹਿਣ ਵਾਲੇ ਵੀ ਕਈ ਕਈ ਦਿਨ ਆਪਸ ਵਿੱਚ ਗੱਲ ਨਹੀਂ ਕਰਦੇ। ਫਿਰ ਰਹੀ ਸਹੀ ਕਸਰ ਹੁਣ ਇੰਟਰਨੈੱਟ ਤੇ ਮੋਬਾਈਲ ਨੇ ਪੂਰੀ ਕਰ ਦਿੱਤੀ ਹੈ। ਘਰ ਦੇ ਸਾਰੇ ਮੈਂਬਰ, ਕੀ ਬੁੱਢੇ ਕੀ ਬੱਚੇ ਤੇ ਕੀ ਜਵਾਨ, ਸਾਰਾ ਦਿਨ ਸਕਰੀਨ 'ਤੇ ਉਂਗਲਾਂ ਮਾਰਦੇ ਰਹਿੰਦੇ ਹਨ। ਕਿਸੇ ਕੋਲ ਆਪਸ ਵਿੱਚ ਗੱਲ ਕਰਨ ਦਾ ਵਕਤ ਨਹੀਂ ਹੈ। ਜੇ ਘਰ ਵਿੱਚ ਵੀ ਕਿਸੇ ਨਾਲ ਵੀ ਗੱਲ ਕਰਨੀ ਹੋਵੇ ਤਾਂ ਉਸ ਦੇ ਕਮਰੇ ਵੱਲ ਜਾਣ ਦੀ ਬਜਾਏ ਮੋਬਾਈਲ 'ਤੇ ਕਰ ਲਈ ਜਾਂਦੀ ਹੈ। ਮੋਬਾਈਲ ਆਉਣ ਤੋਂ ਪਹਿਲਾਂ ਸਾਰੇ ਪਰਿਵਾਰ ਕੋਲ ਇੱਕ ਹੀ ਟੈਲੀਫੋਨ ਹੁੰਦਾ ਸੀ। ਉਸ ਨੂੰ ਬਹੁਤ ਸ਼ਾਨ ਨਾਲ ਘਰ ਦੇ ਸਭ ਤੋਂ ਖਾਸ ਕੋਨੇ ਵਿੱਚ ਸਜਾ ਕੇ ਰੱਖਿਆ ਜਾਂਦਾ ਸੀ ਕਿ ਆਏ ਗਏ ਨੂੰ ਸਾੜਿਆ ਜਾ ਸਕੇ। ਗਲੀ ਮਹੱਲੇ ਵਾਲੇ ਵੀ ਟੈਲੀਫੋਨ ਵਾਲੇ ਗੁਆਂਢੀ ਦਾ ਨੰਬਰ ਆਪਣੇ ਰਿਸ਼ਤੇਦਾਰਾਂ ਨੂੰ ਦੇ ਛੱਡਦੇ ਸਨ। ਇਸ ਗੱਲ ਦਾ ਕੋਈ ਗੁੱਸਾ ਨਹੀਂ ਸੀ ਕਰਦਾ। ਜਦੋਂ ਕਿਸੇ ਦੀ ਕਾਲ ਆਉਣੀ ਤਾਂ ਬਹੁਤ ਚਾਅ ਨਾਲ ਦੌੜ ਕੇ ਬੁਲਾ ਕੇ ਲਿਆਉਣਾ। ਤਰੱਕੀ ਹਰ ਸਮਾਜ ਲਈ ਜਰੂਰੀ ਹੈ। ਸਾਨੂੰ ਦੁਨੀਆ ਦੇ ਨਾਲ ਕਦਮ ਮਿਲਾ ਕੇ ਚੱਲਣਾ ਹੀ ਪਵੇਗਾ। ਪਰ ਨਾਲ ਦੀ ਨਾਲ ਸਾਨੂੰ ਆਪਣਾ ਸੱਭਿਆਚਾਰ ਵੀ ਸੰਭਾਲ ਕੇ ਰੱਖਣਾ ਜਰੂਰੀ ਹੈ। ਕੈਨੇਡਾ ਅਮਰੀਕਾ ਵਿੱਚ ਵੱਸ ਰਹੇ ਪ੍ਰਵਾਸੀਆਂ ਦੇ ਬੱਚਿਆਂ ਦੇ ਰਿਸ਼ਤੇ ਕਰਨ ਵੇਲੇ ਵੀ ਕੁੜੀ-ਮੁੰਡੇ ਵਾਲੇ ਪਿਛਲਾ ਪਿੰਡ ਜਰੂਰ ਪੁੱਛਦੇ ਹਨ। ਕੋਈ ਦਰਖਤ ਆਪਣੀ ਜੜ੍ਹ ਤੋਂ ਉੱਖੜ ਕੇ ਵਧ ਫੁੱਲ ਨਹੀਂ ਸਕਦਾ ਤੇ ਨਾ ਹੀ ਕੋਈ ਪੰਛੀ ਟੁੱਟੇ ਖੰਭਾਂ ਨਾਲ ਪਰਵਾਜ਼ ਭਰ ਸਕਦਾ ਹੈ।



ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ
9815124449

# ਪਰਦੇਸੀਂ ਵੱਸਦੇ

**ਅਸਲ ਵਿੱਚ ਸਰਕਾਰ ਵੱਲੋਂ ਇੱਥੇ ਅੱਧੀ ਉਮਰ ਟੱਪੇ ਸੀਨੀਅਰ ਲੋਕਾਂ ਲਈ ਬਹੁਤ ਸਹੂਲਤਾਂ ਹਨ। ਭਾਵੇਂ ਇਹ ਕੈਨੇਡਾ ਜਿੰਨੀਆਂ ਨਹੀਂ ਤਾਂ ਵੀ ਭਾਰਤ ਨਾਲੋਂ ਕਿਤੇ ਬਿਹਤਰ ਹਨ। ਗੁਜ਼ਾਰੇ ਜੋਗੀ ਬੁਢਾਪਾ ਪੈਨਸ਼ਨ, ਖਾਧ-ਖੁਰਾਕ ਅਤੇ ਮੁਫ਼ਤ ਇਲਾਜ ਮਿਲਦਾ ਹੈ।**

## ਅਧੇੜ ਪੰਜਾਬੀ

ਪੰਜ ਸਾਲ ਪਹਿਲਾਂ ਮੇਰੇ ਇੱਕ ਬਹੱਤਰ ਸਾਲਾ ਅਧਿਆਪਕ ਨੂੰ ਪੰਜਾਬ ਦੀ ਮਿੰਨੀ ਬੱਸ ਦੇ ਕਿਸੇ ਕੰਡਕਟਰ ਨੇ 'ਬਾਬਾ' ਆਖ ਦਿੱਤਾ ਸੀ ਤਾਂ ਉਨ੍ਹਾਂ ਬਹੁਤ ਬੁਰਾ ਮਨਾਇਆ ਸੀ। ਉਹ ਸਾਰੇ ਰਾਹ ਕੰਡਕਟਰ ਵੱਲ ਕੌੜੀਆਂ ਨਜ਼ਰਾਂ ਨਾਲ ਦੇਖਦੇ ਰਹੇ ਸਨ। ਮਾਝੇ ਵਿੱਚ ਅੱਜ ਵੀ ਕਿਸੇ ਨੱਬੇ ਸਾਲਾ ਬਜ਼ੁਰਗ ਨੂੰ 'ਬਾਬਾ' ਕਹਿ ਦੇਈਏ ਤਾਂ ਉਹ ਵੀ ਘੂਰਦਾ ਹੈ ਪਰ 'ਬਾਪੂ' ਅਖਵਾ ਕੇ ਆਨੰਦ-ਪ੍ਰਸੰਨ ਹੋ ਜਾਂਦਾ ਹੈ। ਸਾਡੇ ਉਸ ਇਲਾਕੇ ਦੇ ਲੋਕ ਕਿਸੇ ਨੌਜਵਾਨ ਔਰਤ ਨੂੰ ਜਾਂਦੀ ਦੇਖ ਕੇ 'ਬੁੱਢੀ ਤੁਰੀ ਜਾ ਰਹੀ' ਬੇਸ਼ੱਕ ਆਖਦੇ ਹਨ। ਇਹ ਸ਼ਾਇਦ ਸਿੱਖ ਸੱਭਿਆਚਾਰ ਦਾ ਪ੍ਰਭਾਵ ਹੈ ਤਾਂ ਕਿ ਮੰਦਭਾਵਨਾ ਮਨ ਵਿੱਚ ਨਾ ਉਪਜੇ ਪਰ ਅਮਰੀਕਾ ਦੇ ਕੈਲੇਫੋਰਨੀਆ ਵਿੱਚ ਮੈਂ ਅਜੀਬ ਵਰਤਾਰਾ ਦੇਖਿਆ। ਉੱਥੇ ਦੇ ਅਧੇੜ ਉਮਰ ਮਰਦ-ਔਰਤਾਂ ਹੀ ਆਪਣੇ ਆਪ ਨੂੰ ਬੁੜ੍ਹੇ-ਬੁੜ੍ਹੀਆਂ ਕਹਿੰਦੇ ਸੁਣੇ ਹਨ। ਆਮ ਲੋਕਾਂ ਨੇ ਤਾਂ ਕਹਿਣਾ ਹੀ ਹੋਇਆ। ਜਦੋਂ ਮੈਨੂੰ ਕਿਸੇ ਲਿਹਾਜ਼ੀ ਨੇ ਇਹ ਆਖਿਆ ਕਿ ਗੁਰਦੁਆਰੇ ਜਾ ਕੇ ਤੂੰ ਬੁੜ੍ਹਿਆਂ ਵਿੱਚ ਜਾ ਬੈਠੀਂ ਤਾਂ ਮੈਂ ਤੁਰੰਤ ਪੁੱਛਿਆ, "ਕੈਲੇਫੋਰਨੀਆ ਵਿੱਚ ਕੀ ਸਿਰਫ਼ ਨੌਜਵਾਨ ਅਤੇ ਬੁੜ੍ਹੇ ਹੀ ਬਾਕੀ ਰਹਿ ਗਏ ? ਅਧੇੜ ਉਮਰ ਮਰਦ-ਔਰਤਾਂ ਤੁਸੀਂ ਕਿਧਰ ਤੋਰ ਦਿੱਤੇ ?" ਅਸਲ ਵਿੱਚ ਸਰਕਾਰ ਵੱਲੋਂ ਇੱਥੇ ਅੱਧੀ ਉਮਰ ਟੱਪੇ ਸੀਨੀਅਰ ਲੋਕਾਂ ਲਈ ਬਹੁਤ ਸਹੂਲਤਾਂ ਹਨ। ਭਾਵੇਂ ਇਹ ਕੈਨੇਡਾ ਜਿੰਨੀਆਂ ਨਹੀਂ ਤਾਂ ਵੀ ਭਾਰਤ ਨਾਲੋਂ ਕਿਤੇ ਬਿਹਤਰ ਹਨ। ਗੁਜ਼ਾਰੇ ਜੋਗੀ ਬੁਢਾਪਾ ਪੈਨਸ਼ਨ, ਖਾਧ-ਖੁਰਾਕ ਅਤੇ ਮੁਫ਼ਤ ਇਲਾਜ ਮਿਲਦਾ ਹੈ। ਛੋਟੇ ਕਸਬਿਆਂ ਵਿੱਚ ਵੀ ਸੀਨੀਅਰ ਸਿਟੀਜ਼ਨ ਹੋਮ ਬਣੇ ਹਨ ਜਿੱਥੇ ਸਰਦ-ਗਰਮ ਹਾਲ ਕਮਰਾ, ਕਸਰਤ ਕਰਨ ਲਈ ਜਿਮ, ਖੇਡ ਕਮਰਾ, ਨਾਚ ਘਰ, ਪੜ੍ਹਨ ਲਈ ਲਾਇਬ੍ਰੇਰੀ ਦੇ ਨਾਲ ਮੁਫ਼ਤ ਚਾਹ-ਕੌਫੀ, ਜੂਸ ਅਤੇ ਬਿਸਕੁਟ, ਡੂਨਟ, ਬਰੈੱਡ ਆਦਿ ਮਿਲਦੇ ਹਨ। ਜੇ ਕਿਸੇ ਨੇ ਦੁਪਹਿਰ ਦਾ ਭੋਜਨ ਖਾਣਾ ਹੋਵੇ ਤਾਂ ਇੱਕ ਡਾਲਰ ਦੇਣਾ ਪੈਂਦਾ ਹੈ। ਦਿਨ ਵੇਲੇ ਇਹ ਵਿਹਲਾ ਵਕਤ ਗੁਜ਼ਾਰਨ ਲਈ ਚੰਗੀ ਥਾਂ ਹੈ। ਇੱਥੇ ਆਉਣ ਵਾਲੇ ਗੋਰੇ-ਗੋਰੀਆਂ ਨੱਚ-ਟੱਪ, ਗਾ-ਵਜਾ ਜਾਂ ਪੁਸਤਕਾਂ ਪੜ੍ਹ ਕੇ ਵਧੀਆ ਦਿਨ ਲੰਘਾਉਂਦੇ ਹਨ। ਪੰਜਾਬੀਆਂ ਦੀ ਚੋਖੀ ਗਿਣਤੀ ਹੋਣ ਦੇ ਬਾਵਜੂਦ ਇੱਥੇ ਪੰਜਾਬੀ ਪੁਸਤਕਾਂ ਦਾ ਕੋਈ ਪ੍ਰਬੰਧ ਨਹੀਂ ਜਦੋਂਕਿ ਕੈਨੇਡਾ ਵਿੱਚ ਪੰਜਾਬੀ ਕਿਤਾਬਾਂ ਵੀ ਕਾਫ਼ੀ ਮਿਲ ਜਾਂਦੀਆਂ ਹਨ। ਸਾਡੇ ਬੰਦੇ ਦੋ ਟੋਲਿਆਂ ਵਿੱਚ ਬੈਠਦੇ ਹਨ। ਪੜ੍ਹੇ ਲਿਖੇ, ਪੰਜਾਬ ਵਿੱਚੋਂ ਮੁਲਾਜ਼ਮਤਾਂ ਕਰਦੇ ਆਏ ਸ਼ੌਕੀਨ ਆਦਮੀ ਕਮਰੇ ਅੰਦਰ ਮੇਜ਼-ਕੁਰਸੀਆਂ ਮੱਲ ਕੇ ਗਿਆਨ ਚਰਚਾ ਕਰਦੇ ਹਨ ਜਦੋਂਕਿ ਘੱਟ-ਪੜ੍ਹੇ ਲਿਖੇ ਬਾਹਰਲੇ ਬੈਂਚਾਂ ਉਪਰ ਹਵਾ ਹਾਰੇ ਬੈਠ ਕੇ ਆਮ ਜੀਵਨ ਵਿੱਚੋਂ ਦੁੱਖ-ਸੁੱਖ ਫੋਲਦੇ ਹਨ। ਅੰਦਰ ਸਜੇ ਪੰਜਾਬੀ ਆਪਣੇ ਭਾਰਤ ਬਾਰੇ ਪੜ੍ਹੀਆਂ ਖ਼ਬਰਾਂ ਦਾ ਤਬਸਰਾ ਕਰਦੇ ਹਨ। ਪੰਜਾਬ ਜਾਂ ਭਾਰਤ ਦੇ ਹਾਲਾਤ ਸਮਾਜਿਕ-ਆਰਥਿਕ ਹਾਲਾਤ ਆਦਿ ਬਾਰੇ ਖ਼ੂਬ ਬਹਿਸ ਭਖਦੀ ਹੈ। ਦਸ-ਪੰਦਰਾਂ ਜਾਂ ਵੀਹ-ਪੱਚੀ ਸਾਲ ਪਹਿਲਾਂ ਇਧਰ ਪੱਕੇ ਆ ਵੱਸੇ ਇਨ੍ਹਾਂ ਪੰਜਾਬੀਆਂ ਦੀਆਂ ਦਸ ਵਿੱਚੋਂ ਨੌਂ ਖ਼ਬਰਾਂ ਪੰਜਾਬ ਜਾਂ ਭਾਰਤ ਬਾਰੇ ਹੁੰਦੀਆਂ ਹਨ। ਭਾਵੇਂ ਔਲਾਦ ਦੇ ਮੋਹ ਵੱਸ ਇਹ ਵਿਦੇਸ਼ ਵਿੱਚ ਆ ਬੈਠੇ ਹਨ ਪਰ ਇਨ੍ਹਾਂ ਦੀ ਅੰਤਰ ਆਤਮਾ ਸਦਾ ਭਾਰਤ ਵਿੱਚ ਵੱਸਦੀ ਹੈ। ਸੁਫ਼ਨੇ ਹਮੇਸ਼ਾਂ ਭਾਰਤ ਦੇ ਆਉਂਦੇ ਹਨ। ਔਰਤਾਂ ਇੱਥੇ ਨਹੀਂ ਆਉਂਦੀਆਂ ਪਰ ਹਰ ਵਾਰਡ ਵਿੱਚ ਬਣੀ ਮੀਲ ਸਵਾ ਮੀਲ ਗੋਲ ਘੇਰੇ ਵਾਲੀ ਪਾਰਕ ਵਿੱਚ ਸੈਰ ਕਰਦੀਆਂ ਹਨ। ਆਦਮੀ ਇੱਥੇ ਤਾਸ਼ ਖੇਡਦੇ ਜਾਂ ਗੱਪ-ਸ਼ੱਪ ਮਾਰਦੇ ਹਨ ਤੇ ਬੀਬੀਆਂ ਅਲੱਗ ਟੋਲੀਆਂ ਵਿੱਚ ਬਹਿ ਕੇ ਪਰਿਵਾਰ ਚਰਚਾ ਕਰਦੀਆਂ, ਆਪਣੇ ਮਨ ਫੋਲਦੀਆਂ ਜਾਂ ਤੀਜੀ ਪੀੜ੍ਹੀ ਦੇ ਬੱਚਿਆਂ ਨੂੰ ਖਿਡਾਉਂਦੀਆਂ ਹਨ।

ਇਨ੍ਹਾਂ ਵਿੱਚੋਂ ਬਹੁਗਿਣਤੀ ਆਪਣੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਨੂੰ ਖਿਡਾਉਣ-ਪਾਲਣ ਲਈ ਸੱਦੀ ਜਾਂਦੀ ਹੈ ਕਿਉਂਕਿ ਕੰਮ ਉੱਤੇ ਜਾਣ ਵਾਲੇ ਧੀਆਂ-ਪੁੱਤਰਾਂ ਕੋਲੋਂ ਜੁਆਕਾਂ ਦੀ ਸੰਭਾਲ ਨਹੀਂ ਕੀਤੀ ਜਾ ਸਕਦੀ। ਅਜਿਹੇ ਵਿਅਕਤੀਆਂ ਦੀ ਭਾਰਤੀ ਭਾਸ਼ਾ ਅਤੇ ਸੱਭਿਆਚਾਰ ਦੇ ਇੱਥੇ ਪਨਪਣ ਵਿੱਚ ਵਿਸ਼ੇਸ਼ ਦੇਣ ਹੈ। ਇਨ੍ਹਾਂ ਅਧੇੜ ਉਮਰ ਲੋਕਾਂ ਕਾਰਨ ਹੀ ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਮਰਿਆਦਾ ਇੱਥੇ ਸਲਾਮਤ ਹੈ ਅਤੇ ਤੀਜੀ ਪੀੜ੍ਹੀ ਤੱਕ ਸੰਚਾਰ ਕਰਦੀ ਹੈ। ਇਸ ਕਾਰਨ ਬਹੁਗਿਣਤੀ ਪੰਜਾਬੀ ਖ਼ੁਸ਼ ਹਨ ਅਤੇ ਪੰਜਾਬੀ ਸਿੱਖਦੇ ਜੁਆਕਾਂ ਉੱਤੇ ਮਾਣ ਮਹਿਸੂਸ ਕਰਦੇ ਹਨ ਕਿਉਂਕਿ ਜਿਹੜਾ ਵਿਅਕਤੀ ਆਪਣੀ ਬੋਲੀ ਅਤੇ ਸੱਭਿਆਚਾਰ ਭੁੱਲ ਜਾਂਦਾ ਹੈ, ਉਹ ਕਈ ਪੀੜ੍ਹੀਆਂ ਤੋਂ ਬਣੀ ਆਪਣੀ ਹੋਂਦ ਗਵਾ ਬੈਠਦਾ ਹੈ। ਆਪਣੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਵਿੱਚੋਂ ਆਪਣੀ ਪਛਾਣ ਤਲਾਸ਼ਦੇ ਭਾਰਤੀ ਲੋਕ ਆਪਣੀ ਔਲਾਦ ਲਈ ਜਿਉਂਦੇ ਹਨ। ਔਲਾਦ ਹੀ ਇਨ੍ਹਾਂ ਦੀ ਅਸਲੀ ਜਾਇਦਾਦ ਹੁੰਦੀ ਹੈ ਜਦੋਂਕਿ ਪੱਛਮੀ ਸੱਭਿਅਤਾ ਨੂੰ ਪਰਨਾਏ ਲੋਕ ਆਪਣੇ ਆਪ ਲਈ ਜਿਉਂਦੇ, 'ਖਾਉ-ਪੀਉ-ਐਸ਼ ਕਰੋ' ਦੇ ਫ਼ਲਸਫ਼ੇ ਦੇ ਧਾਰਨੀ ਬਣੇ, ਸਿਰਫ਼ ਪਸ਼ੂ ਬਿਰਤੀਆਂ ਦੀ ਸੰਤੁਸ਼ਟੀ ਤਕ ਸੀਮਿਤ ਹਨ। ਅਮਰੀਕਾ ਵਿੱਚ ਵੱਸਦੇ ਚੀਨੀ, ਮੈਕਸੀਕਨ, ਕੰਮਬੋਡੀਅਨ, ਥਾਈ ਜ਼ਰੂਰ ਆਪਣੀ ਮਾਂ ਬੋਲੀ ਅਤੇ ਸੱਭਿਆਚਾਰ ਲਈ ਸਾਡੇ ਨਾਲੋਂ ਜ਼ਿਆਦਾ ਗੰਭੀਰ ਹਨ। ਕਈ ਦਹਾਕੇ ਪਹਿਲਾਂ ਆਪਣੀ ਮਾਤ ਭੂਮੀ ਛੱਡ ਚੁੱਕੇ ਇਹ ਲੋਕ ਆਪਣੇ ਦਸਤਖ਼ਤ ਮਾਤ ਭਾਸ਼ਾ ਵਿੱਚ ਕਰਦੇ ਅਤੇ ਆਪਣੇ ਬੱਚਿਆਂ ਨਾਲ ਆਪਣੀ ਮਾਂ ਬੋਲੀ ਬੋਲਦੇ ਹਨ। ਪਰਿਵਾਰਕ ਜੀਵਨ ਨੂੰ ਤਨੋਂ, ਮਨੋਂ ਅਤੇ ਧਨੋਂ ਪਰਨਾਏ ਸਾਡੇ ਵੱਡੀ ਉਮਰ ਦੇ ਬਹੁਗਿਣਤੀ ਮਾਪਿਆਂ ਦਾ ਪੰਜਾਬ ਵਿਚਲਾ ਜੀਵਨ ਵੀ ਬੜੇ ਦੁੱਖਾਂ, ਹੌਕਿਆਂ-ਹਾਵਿਆਂ ਤੇ ਪਛਤਾਵਿਆਂ ਭਰਿਆ ਹੈ। ਅਖ਼ਬਾਰ ਵਿੱਚ ਕਈ ਸਾਲ ਪਹਿਲਾਂ ਪੰਜਾਬ ਅਤੇ ਹਰਿਆਣਾ ਦੀਆਂ ਨੂੰਹਾਂ ਬਾਰੇ ਇੱਕ ਸਰਵੇਖਣ ਛਪਿਆ ਸੀ। ਇਸ ਮੁਤਾਬਕ ਪੰਜਾਬ ਦੀਆਂ ਨੂੰਹਾਂ ਜ਼ਿਆਦਾ ਆਪਹੁਦਰੀਆਂ, ਮੂੰਹ ਜ਼ੋਰ, ਇਕਹਿਰੇ ਪਰਿਵਾਰ ਵਸਾਉਣ ਦੀਆਂ ਇਛੁੱਕ ਅਤੇ ਵੱਡਿਆਂ ਦੀ ਘੱਟ ਸ਼ਰਮ-ਹਯਾ ਮੰਨਣ ਵਾਲੀਆਂ ਹਨ ਜਦੋਂਕਿ ਹਰਿਆਣੇ ਦੀਆਂ ਨੂੰਹਾਂ ਦੇ ਦਿਲਾਂ ਵਿੱਚ ਮਾਪਿਆਂ ਦਾ ਆਦਰ ਸਤਿਕਾਰ, ਸਾਂਝੇ ਪਰਿਵਾਰ ਵਿੱਚ ਰਹਿਣ ਦੀ ਤਾਂਘ ਅਤੇ ਸੁਸ਼ੀਲ ਸੁਭਾਅ ਹਾਲੇ ਬਰਕਰਾਰ ਹੈ। ਪੰਜਾਬ ਵਿੱਚ ਅਜਿਹੀਆਂ ਨੂੰਹਾਂ ਵੀ ਹਨ ਜੋ ਆਮ ਖ਼ਰਚੇ ਜੋਗੇ ਪੈਸੇ ਵੀ ਵਡੇਰੇ ਦੀ ਜੇਬ ਵਿੱਚ ਨਹੀਂ ਛੱਡਦੀਆਂ। ਅਜਿਹੇ ਪੁੱਤਰ ਵੀ ਹਨ ਜੋ ਮਾਪਿਆਂ ਨੂੰ ਕਿਸ਼ਤਾਂ ਵਿੱਚ ਵੰਡ ਕੇ ਇੱਕ-ਦੂਜੇ ਵੱਲ ਦੇਖਣ ਵੀ ਨਹੀਂ ਦਿੰਦੇ। ਜੇ ਅੱਜ ਅਜਿਹਾ ਸਰਵੇਖਣ ਪਰਦੇਸੀਂ ਵੱਸਦੇ ਪੰਜਾਬ, ਖ਼ਾਸ ਕਰਕੇ ਅਮਰੀਕਾ-ਕੈਨੇਡਾ ਵਿੱਚ ਕਰਵਾਇਆ ਜਾਵੇ ਤਾਂ ਇਸ ਤੋਂ ਕਾਲੀ ਤਸਵੀਰ ਸਾਹਮਣੇ ਆਵੇਗੀ। ਇਹ ਅੱਧਖੜ ਉਮਰ ਮਰਦ-ਔਰਤਾਂ ਪਹਿਲਾਂ ਸੰਤਾਨ ਦੀ ਬਿਹਤਰੀ ਲਈ ਆਪਣਾ ਖ਼ੂਨ ਪਸੀਨਾ ਭਾਰਤ ਜਾਂ ਵਿਦੇਸ਼ ਵਿੱਚ ਵਹਾਉਂਦੇ ਰਹੇ ਹਨ। ਬਾਕੀ ਬਚਦਾ ਚੁਸਤੀ-ਫੁਰਤੀ ਵਾਲਾ ਜੀਵਨ ਪੋਤੇ-ਦੋਹਤਿਆਂ ਦੇ ਪਾਲਣ-ਪੋਸ਼ਣ ਵਿੱਚ ਬੀਤ ਜਾਂਦਾ ਹੈ ਪਰ ਇਨ੍ਹਾਂ ਨੂੰ ਮਿਲਦੀ ਥੋੜ੍ਹੀ ਪੈਨਸ਼ਨ ਨੂੰ ਵੀ ਔਲਾਦ ਖੋਹ ਲੈਂਦੀ ਹੈ। ਕੈਨੇਡਾ ਵਿੱਚ ਧੀ ਦੇ ਘਰ ਵੱਸਦੀ ਇੱਕ ਮਾਂ ਕੋਲੋਂ ਮਾਇਕ ਪੱਖੋਂ ਸਮਰੱਥ ਧੀ ਮਾਸਿਕ ਕਿਰਾਇਆ ਅਤੇ ਗਰੌਸਰੀ ਖ਼ਰਚਾ ਲੈਂਦੀ ਸੀ। ਉਹੀ ਧੀ ਉਸੇ ਘਰ ਵਿੱਚ ਰਹਿੰਦੀ ਆਪਣੀ ਸੱਸ ਦੀ ਸਾਰੀ ਬੁਢਾਪਾ ਪੈਨਸ਼ਨ ਆਉਂਦੇ ਸਾਰ ਏ.ਟੀ.ਐਮ. ਰਾਹੀਂ ਹਥਿਆ ਲੈਂਦੀ। ਅਮਰੀਕਾ ਵਿੱਚ ਇਹ ਵਰਤਾਰਾ ਆਮ ਹੈ। ਚੰਗੇ ਕਾਰੋਬਾਰਾਂ ਵਾਲੀਆਂ ਨੂੰਹਾਂ-ਧੀਆਂ ਇਸ ਪੱਖ ਤੋਂ ਨੰਗ-ਭੁੱਖ ਨਾਲ ਖੇਡਦੀਆਂ ਹਨ। ਉਂਜ ਕਈ ਸੱਜਣਾਂ ਦੇ ਬੱਚਿਆਂ ਦਾ ਇਨ੍ਹਾਂ ਦੋਵਾਂ ਦੇਸ਼ਾਂ ਅਤੇ ਇੰਗਲੈਂਡ ਵਿੱਚ ਵੀ ਮਾਪਿਆਂ ਨਾਲ ਵਰਤਾਉ ਅਤੇ ਸਹਿਚਾਰ ਸਲਾਹੁਣਯੋਗ ਹੈ। ਭਾਰਤ ਵਿੱਚ ਇਹ ਪਰਵਾਸੀ ਬਣਾਈਆਂ ਜਾਇਦਾਦਾਂ, ਪੱਕੇ ਛੱਤੇ ਮਹਿਲਨੁਮਾ ਮਕਾਨਾਂ ਅਤੇ ਕੀਤੀਆਂ ਸਰਦਾਰੀਆਂ ਦੀ ਭਬਕ ਮਾਰ ਸਕਦੇ ਸਨ ਪਰ ਇੱਥੇ ਕਿਸੇ ਧਰੋਹਰ ਸਦਕਾ ਬੜ੍ਹਕ ਮਾਰਨ ਜੋਗੇ ਨਹੀਂ। ਕੋਈ ਤਰਫ਼ ਰੱਖਦਾ ਵਿਰਲਾ ਟਾਵਾਂ ਇਸ ਕਾਰਨ ਪੰਜਾਬ ਵੱਲ ਵੀ ਪਰਤ ਜਾਂਦਾ ਹੈ। ਜਦੋਂਕਿ ਇੱਥੋਂ ਦੀਆਂ ਸਹੂਲਤਾਂ ਨੂੰ ਪਰਨਾਈ, ਮੋਹ ਮਮਤਾ ਦੀ ਸਤਾਈ ਬਹੁਗਿਣਤੀ ਪਿੱਛੇ ਮੁੜ ਨਹੀਂ ਸਕਦੀ। ਕੈਲੇਫੋਰਨੀਆ ਦਾ ਪੌਣ-ਪਾਣੀ ਚਾਹੇ ਪੰਜਾਬ ਨਾਲ ਮਿਲਦਾ-ਜੁਲਦਾ ਹੈ ਪਰ ਇੱਥੇ ਵੀ ਸਰਦ ਕੈਨੇਡਾ ਵਾਂਗ 'ਸਰਵਣ ਪੁੱਤ ਲੇਖਾ ਮੰਗਦੇ ਅਤੇ ਧੀਆਂ ਮੰਗਣ ਹਿਸਾਬ'। ਬੇਸ਼ੱਕ ਦੇਸੀ ਅਤੇ ਵਿਦੇਸ਼ੀ ਪੰਜਾਬ ਵਿੱਚ ਆਗਿਆਕਾਰੀ ਅਤੇ ਸੁਲੱਖਣੇ ਬੱਚਿਆਂ ਦੀ ਵੀ ਘਾਟ ਨਹੀਂ ਹੈ।

**ਅਵਤਾਰ ਸਿੰਘ ਬਿਲਿੰਗ**

## ਰੁਜ਼ਗਾਰ ਦੇ ਮੌਕਿਆਂ ਨਾਲ ਭਰਪੂਰ ਯੂ-ਟਿਊਬ

**ਮਨਿੰਦਰ ਕੌਰ ਫ਼ਰੀਦਕੋਟ**

=====================

ਆਪਣੀ ਰਚਨਾਤਮਕ ਸੋਚ ਬਦੌਲਤ ਕਮਾਈ ਕਰਨ ਤੇ ਨਾਮ ਕਮਾਉਣ ਦਾ ਵਧੀਆ ਸਾਧਨ ਹੈ, ਯੂ-ਟਿਊਬ। ਡਿਜੀਟਲ ਯੁੱਗ ਵਿੱਚ ਆਪਣਾ ਹੁਨਰ ਦੁਨੀਆਂ ਸਾਹਮਣੇ ਲਿਆਉਣ ਲਈ ਸਭ ਤੋਂ ਵੱਡਾ ਵੀਡੀਓ ਪਲੈਟਫਾਰਮ ਯੂ-ਟਿਊਬ ਹੀ ਹੈ। ਸੱਤ ਸਾਲ ਦੇ ਬੱਚੇ ਰਿਆਨ ਦੀ ਸਾਲ 2017 ਦੀ ਕਮਾਈ ਲਗਪਗ 71 ਕਰੋੜ ਦਰਜ ਕੀਤੀ ਗਈ। ਇਹ ਅਮਰੀਕੀ ਬੱਚਾ ਮਾਰਚ 2015 ਤੋਂ ਹੁਣ ਤੱਕ ਹਰ ਹਫ਼ਤੇ ਯੂ-ਟਿਊਬ ਚੈਨਲ 'ਟੁਆਇਜ਼ਰਿਵਿਊ' 'ਤੇ ਖਿਡੌਣਿਆਂ ਦੀ ਸਮੀਖਿਆ ਕਰਦਾ ਹੈ। ਇਸ ਚੈਨਲ ਨੂੰ ਹੁਣ ਤੱਕ ਇਕ ਕਰੋੜ ਤੋਂ ਵੱਧ ਲੋਕ ਸਬਸਕ੍ਰਾਈਬ ਕਰ ਚੁੱਕੇ ਹਨ।

× ਯੂ-ਟਿਊਬ ਚੈਨਲ ਕਿਵੇਂ ਬਣਾਈਏ: ਯੂ-ਟਿਊਬ 'ਤੇ ਆਪਣਾ ਚੈਨਲ ਬਣਾਉਣਾ ਕੋਈ ਮੁਸ਼ਕਲ ਕੰਮ ਨਹੀਂ ਹੈ। ਜੇ ਤੁਸੀਂ ਯੂ-ਟਿਊਬ ਚੈਨਲ ਬਣਾਉਣਾ ਚਾਹੁੰਦੇ ਹੋ ਤਾਂ ਹੇਠ ਲਿਖੇ ਤਰੀਕੇ ਅਪਣਾਓ।

1. ਗੂਗਲ ਅਕਾਊਂਟ ਬਣਾਓ: ਯੂ-ਟਿਊਬ ਚੈਨਲ ਸ਼ੁਰੂ ਕਰਨ ਤੋਂ ਪਹਿਲਾਂ ਗੂਗਲ ਜਾਂ ਜੀਮੇਲ ਅਕਾਊਂਟ ਬਣਾਉਣਾ ਜ਼ਰੂਰੀ ਹੈ। ਵੈੱਬਸਾਈਟ www.youtube.com ਖੋਲ੍ਹਣ ਤੋਂ ਬਾਅਦ ਖੱਬੇ ਪਾਸੇ ਉੱਪਰ ਵੱਲ 'ਸਾਈਨ ਇਨ' ਆਪਸ਼ਨ ਉਤੇ ਕਲਿੱਕ ਕਰਕੇ ਆਪਣਾ ਗੂਗਲ ਅਕਾਊਂਟ ਬਣਾ ਸਕਦੇ ਹੋ। ਜੇ ਪਹਿਲਾਂ ਤੋਂ ਹੀ ਅਕਾਊਂਟ ਹੈ ਤਾਂ ਉਸ ਨੂੰ 'ਸਾਈਨ ਇਨ' ਕਰ ਲਓ।

2. ਸੈਟਿੰਗ ਵਿੱਚ ਜਾਓ: ਯੂ ਟਿਊਬ ਵੈੱਬਸਾਈਟ 'ਤੇ 'ਸਾਈਨ ਇਨ' ਕਰਨ ਤੋਂ ਬਾਅਦ ਖੱਬੇ ਪਾਸੇ ਉੱਪਰ ਕਿਨਾਰੇ 'ਤੇ ਪ੍ਰੋਫਾਈਲ ਦਾ ਆਈਕਨ ਦਿਖਾਈ ਦੇਵੇਗਾ। ਇਸ 'ਤੇ ਕਲਿੱਕ ਕਰਨ ਤੋਂ ਬਾਅਦ ਥੱਲੇ ਸੈਟਿੰਗਜ਼ 'ਤੇ ਕਲਿੱਕ ਕਰੋ ਅਤੇ ਫਿਰ ਓਵਰਵਿਊ ਵਿੱਚ ਸਭ ਤੋਂ ਥੱਲੇ 'ਕ੍ਰੀਏਟ ਏ ਚੈਨਲ' ਉਤੇ ਕਲਿੱਕ ਕਰਕੇ 'ਕ੍ਰੀਏਟ ਏ ਬ੍ਰਾਂਡ' ਅਕਾਊਂਟ 'ਤੇ ਜਾਓ, ਜਿੱਥੇ ਤੁਸੀਂ ਥੀਮ ਅਨੁਸਾਰ ਚੈਨਲ ਦਾ ਨਾਮ ਆਪਣੀ ਮਰਜ਼ੀ ਨਾਲ ਰੱਖ ਸਕਦੇ ਹੋ ਤਾਂ ਜੋ ਉਹ ਆਸਾਨੀ ਨਾਲ ਲੱਭਿਆ ਜਾ ਸਕੇ। ਇਸ ਮਗਰੋਂ 'ਟਰਮਜ਼ ਐਂਡ ਕੰਡੀਸ਼ਨ' ਉਤੇ ਕਲਿੱਕ ਕਰੋ। ਇਸ ਤਰ੍ਹਾਂ ਤੁਹਾਡਾ ਯੂ-ਟਿਊਬ ਚੈਨਲ ਬਣ ਕੇ ਤਿਆਰ ਹੈ।3. ਯੂ-ਟਿਊਬ ਚੈਨਲ ਆਕਰਸ਼ਕ ਬਣਾਓ: ਚੈਨਲ ਬਣਨ ਤੋਂ ਬਾਅਦ ਕਵਰ ਫੋਟੋ ਲਗਾਓ। ਯੂ-ਟਿਊਬ ਚੈਨਲ ਲਈ ਚੈਨਲ ਆਰਟ ਫੀਚਰ ਸਭ ਤੋਂ ਪ੍ਰਮੁੱਖ ਥਾਂ ਹੈ। ਯੂ-ਟਿਊਬ ਚੈਨਲ ਵਿੱਚ ਪ੍ਰੋਫਾਈਲ ਇਮੇਜ ਬਦਲਣ ਲਈ ਪੈਨ ਆਈਕਨ ਨੂੰ ਸਿਲੈਕਟ ਕਰੋ, ਜੋ ਡਿਫਾਲਟ ਪ੍ਰੋਫਾਈਲ ਇਮੇਜ 'ਤੇ ਕਰਸਰ ਮੂਵ ਕਰਨ 'ਤੇ ਨਜ਼ਰ ਆਉਂਦਾ ਹੈ। ਚੈਨਲ ਬੈਕਗਰਾਊਂਡ ਲਾਉਣ ਲਈ 'ਐਡ ਚੈਨਲ ਆਰਟ' ਟੈਬ ਸਿਲੈਕਟ ਕਰ ਸਕਦੇ ਹੋ। ਕਵਰ ਫੋਟੋ ਲਈ 2560×1440 ਪਿਕਸਲ ਦੀ ਇਮੇਜ ਦੀ ਜ਼ਰੂਰਤ ਪਵੇਗੀ। ਫੋਟੋ ਦਾ ਸਾਈਜ਼ 4 ਐਮ.ਬੀ. ਤੋਂ ਘੱਟ ਹੋਣਾ ਜ਼ਰੂਰੀ ਹੈ ਅਤੇ ਨਾਲ ਹੀ ਤੁਸੀਂ ਆਪਣੇ ਚੈਨਲ ਨਾਲ ਸਬੰਧਤ ਵੇਰਵਾ ਲਿਖਣਾ ਨਾ ਭੁੱਲਿਓ। ਇਸ ਲਈ ਤੁਹਾਡੇ ਕੋਲ 1000 ਅੱਖਰਾਂ ਦੀ ਹੱਦ ਹੈ ਅਤੇ ਇਸ ਤੋਂ ਵੱਧ ਅੱਖਰ ਵੇਰਵੇ ਵਿੱਚ ਨਹੀਂ ਲਿਖ ਸਕਦੇ।

4. ਸੋਸ਼ਲ ਸਾਈਟ 'ਤੇ ਲਿੰਕ ਕਰੋ: ਇਸ ਦੇ ਲਈ ਤੁਸੀ ਚੈਨਲ ਦੀ ਸੈਟਿੰਗ ਵਿੱਚ ਜਾ ਕੇ ਕਨੈਕਟਡ ਅਕਾਊਂਟ ਦੇ ਵਿਕਲਪ 'ਤੇ ਚੈਨਲ ਨੂੰ ਟਵਿੱਟਰ ਦੇ ਨਾਲ ਕਨੈਕਟ ਕਰ ਸਕਦੇ ਹੋ। ਇਸ ਤਰ੍ਹਾਂ ਤੁਹਾਡਾ ਟਵਿੱਟਰ ਪ੍ਰੋਫਾਈਲ ਸੋਸ਼ਲ ਅਪਡੇਟ ਲਈ ਯੂ-ਟਿਊਬ ਚੈਨਲ ਨਾਲ ਜੁੜ ਜਾਏਗਾ। ਸੈਟਿੰਗ ਐਡਜਸਟ ਕਰਕੇ ਆਪਣੀ ਤਰਜੀਹ ਅਨੁਸਾਰ ਅਪਡੇਟ ਲੈ ਸਕਦੇ ਹੋ।

5. ਵੀਡੀਓ ਅਪਲੋਡਿੰਗ: ਵੀਡੀਓ ਅਪਲੋਡ ਕਰਨ ਲਈ ਯੂ-ਟਿਊਬ ਚੈਨਲ ਵਿੱਚ ਸੱਜੇ ਪਾਸੇ ਪ੍ਰੋਫਾਈਲ ਆਈਕਨ ਦੇ ਨਾਲ ਵੀਡੀਓ ਅਪਲੋਡ ਦੇ ਆਪਸ਼ਨ 'ਤੇ ਕਲਿੱਕ ਕਰਕੇ ਤੁਸੀਂ ਵੀਡੀਓ ਅਪਲੋਡ ਕਰ ਸਕਦੇ ਹੋ। ਇੱਥੇ ਪਬਲਿਕ, ਅਨਲਿਸਟਿਡ ਤੇ ਪ੍ਰਾਈਵੇਟ ਉਤੇ ਕਲਿੱਕ ਕਰਕੇ ਤੁਸੀਂ ਤੈਅ ਕਰਨਾ ਹੋਵੇਗਾ ਕਿ ਵੀਡੀਓ ਨੂੰ ਕਿਸ ਮੋਡ 'ਤੇ ਰੱਖਣਾ ਹੈ। ਸੈਟਿੰਗਜ਼ ਵਿੱਚ ਜਾ ਕੇ ਤੁਸੀਂ ਕ੍ਰੀਏਟ ਦੇ ਵਿਕਲਪ ਵਿੱਚ ਆਡੀਓ ਲਾਇਬ੍ਰੇਰੀ, ਮਿਊਜ਼ਿਕ ਪਾਲੀਸੀਜ਼ ਤੇ ਵੀਡੀਓ ਐਡੀਟਰ ਵਿੱਚ ਵੀਡੀਓ ਦੀ ਐਡੀਟਿੰਗ ਦੇ ਨਾਲ ਨਾਲ ਮਿਊਜ਼ਿਕ ਇਫੈਕਟਸ, ਟੈਕਸਚਰ ਆਦਿ ਜੋੜ ਸਕਦੇ ਹੋ। ਹੁਣ ਯੂ-ਟਿਊਬ ਚੈਨਲ ਤਿਆਰ ਹੈ।

ਯੂ-ਟਿਊਬ ਤੋਂ ਇਲਾਵਾ ਹੋਰ ਆਪਸ਼ਨ:

1. ਡੇਲੀਮੋਸ਼ਨ: ਯੂ-ਟਿਊਬ ਵਾਂਗ ਡੇਲੀਮੋਸ਼ਨ ਵੀ ਵੀਡੀਓ ਸ਼ੇਅਰਿੰਗ ਪਲੈਟਫਾਰਮ ਹੈ। ਇਸ ਦੀ ਸ਼ੁਰੂਆਤ ਮਾਰਚ 2006 ਵਿੱਚ ਹੋਈ ਸੀ। ਡੇਲੀਮੋਸ਼ਨ ਦੁਨੀਆਂ ਭਰ ਵਿੱਚ 18 ਭਾਸ਼ਾਵਾਂ ਅਤੇ 35 ਸਥਾਨਕ ਐਡੀਸ਼ਨਾਂ ਵਿੱਚ ਹੈ। ਇਸ ਦੇ ਮਹੀਨਾਵਾਰ ਵਰਤੋਂਕਾਰ 300 ਲੱਖ ਤੋਂ ਵੀ ਵੱਧ ਹਨ।

2. ਵੀਡੀਓ ਆਨ ਡਿਮਾਂਡ: ਪਰਸਨਲ ਵੀਡੀਓ ਰਿਕਾਰਡਰ ਦੇ ਨਾਂ ਨਾਲ ਜਾਣੇ ਜਾਂਦੇ ਇਸ ਪਲੈਟਫਾਰਮ 'ਤੇ ਤੁਸੀਂ ਆਪ ਵੀਡੀਓਜ਼ ਬਣਾ ਕੇ ਉਨ੍ਹਾਂ ਨੂੰ ਵੇਚ ਸਕਦੇ ਹੋ। ਇਸ ਵਿੱਚ ਵੀਡੀਓਜ਼ ਨੂੰ ਕਸਟਮਾਈਜ਼ ਕਰਨ ਦਾ ਆਪਸ਼ਨ ਵੀ ਮੌਜੂਦ ਹੈ, ਜਿੱਥੇ ਤੁਸੀਂ ਆਪਣੇ ਵੀਡੀਓ ਦੀ ਕੀਮਤ ਖ਼ੁਦ ਹੀ ਤੈਅ ਕਰ ਸਕਦੇ ਹੋ। ਵੀਡੀਓ ਲਈ ਹਰ ਵੀਡੀਓ ਦਾ ਕਾਪੀ ਰਾਈਟ ਹੋਣਾ ਜ਼ਰੂਰੀ ਹੈ। ਇਹ ਇੱਕ ਅਜਿਹਾ ਪ੍ਰੋਗ੍ਰਾਮਿੰਗ ਸਿਸਟਮ ਹੈ ਜੋ ਵਰਤੋਂਕਾਰਾਂ ਨੂੰ ਇਹ ਚੁਣਨ ਦੀ ਆਜ਼ਾਦੀ ਦਿੰਦਾ ਹੈ ਕਿ ਉਹ ਕੀ ਵੇਖਣਾ ਸੁਣਨਾ ਚਾਹੁੰਦੇ ਹਨ।

## ਜੀਜੇ ਦੀ ਬੱਕਤ

**ਵਿਅੰਗ**

ਏ ਅਮਰਜੀਤ ਮੈਂ ਕਿਹਾ ਸੁਣਦੀ ਨੀਂ। ਏ ਜੀਤੋ।

ਤਿੰਨ ਕੁ ਪੈੱਗਾਂ ਦੇ ਲੋਰ ਵਿੱਚ ਬਾਹਰਲੇ ਘਰ ਬੈਠਾ ਹਰਭਜਨ ਸਿਓਂ ਆਪਣੀ ਘਰਵਾਲੀ ਨੂੰ 'ਵਾਜ਼ਾਂ ਮਾਰ ਰਿਹਾ ਸੀ ਪਰ ਡੀ.ਜੇ. ਦੇ ਸ਼ੋਰ ਵਿੱਚ ਉਸ ਦੀ ਕੋਈ ਨਹੀਂ ਸੀ ਸੁਣ ਰਿਹਾ। ਓਧਰ ਅਮਰਜੀਤ ਆਪਣੀ ਭਤੀਜੀ ਦੇ ਵਿਆਹ ਦੀ ਖ਼ੁਸ਼ੀ ਵਿੱਚ ਜਾਗੋ ਤੇ ਗਿੱਧੇ ਦੀ ਤਿਆਰੀ ਵਿੱਚ ਰੁੱਝੀ ਹੋਈ ਸੀ। ਉਸ ਨੇ ਆਪਣੀ ਮਸਤੀ ਵਿੱਚ ਘੁੰਮ ਰਹੇ ਜੁਆਕਾਂ ਨੂੰ ਆਵਾਜ਼ ਮਾਰ ਕੇ ਕਿਹਾ," ਓ ਅਭੀ ਪੁੱਤ ਆਪਣੀ ਭੂਆ ਨੂੰ ਬੁਲਾਇਓਮੈਨੂੰ ਤਾਂ ਰੋਟੀ ਦੀ ਭੁੱਖ ਲੱਗੀ ਪਈ ਐ ਰਾਤ ਦੇ ਅੱਠ ਵੱਜਗੇ ਸਿਆਲਾਂ ਦੀਆਂ ਰਾਤਾਂ ਨੇ।" ਥੋੜ੍ਹੀ ਦੇਰ ਬਾਅਦ ਆ ਕੇ ਜੁਆਕਾਂ ਨੇ ਕਿਹਾ,"ਫੁੱਫੜ ਜੀ ਭੂਆ ਜੀ ਤਾਂ ਜਾਗੋ ਵਾਲਿਆਂ ਦੇ ਨਾਲ ਚਲੇ ਗਏ।" ਹਰਭਜਨ ਸਿਓਂ ਨੂੰ ਸਹੁਰਿਆਂ ਦੇ ਪਿੰਡ ਆਪਣੀ ਪੁੱਛ ਪ੍ਰਤੀਤ ਘਟੀ ਵੇਖ ਕੇ ਅੰਦਰੋ-ਅੰਦਰੀ ਗੁੱਸਾ ਚੜ੍ਹ ਰਿਹਾ ਸੀ। ਉਸ ਨੇ ਮੰਜੇ ਥੱਲਿਓਂ ਬੋਤਲ ਕੱਢ ਕੇ ਦੇਸੀ ਦਾ ਮੋਟਾ ਜਿਹਾ ਪੈੱਗ ਹੋਰ ਮਾਰਿਆ। ਫਿਰ ਉਹ ਬੁੜਬੁੜਾਉਣ ਲੱਗਿਆ," ਮੈਂ ਵੀ ਕਦੇ ਇਸ ਘਰ ਦਾ 'ਜੀਜਾ' ਹੁੰਦਾ ਤੀ। ਕੀ ਹੋਇਆ ਜੇ ਹੁਣ ਫੁੱਫੜ ਬਣ ਗਿਆ। ਪਹਿਲਾਂ ਸਾਰੇ ਆਲ਼ੇ-ਦੁਆਲੇ ਘੁੰਮਦੇ ਹੁੰਦੇ ਤੀ। ਹੁਣ ਜਦ ਫੁੱਫੜ ਬਣ ਗਿਆ, ਫਿਰ ਕਿਸੇ ਨੇ ਕੁੱਕੜ ਵੀ ਨੀਂ ਦਿਖਾਇਆ। ਆਹ ਠੰਢੇ ਪਕੌੜੇ ਮਾਰੇ ਮੱਥੇ ਮੰਜਾ ਡਾਹ ਤਾ ਬਾਹਰਲੇ ਘਰੇ।" ਡੀ.ਜੇ. ਦੇ ਸ਼ੋਰ ਸ਼ਰਾਬੇ ਵਿੱਚ ਉਸ ਦੀ ਬੁੜਬੁੜ ਨੂੰ ਕੋਈ ਨਹੀਂ ਸੀ ਸੁਣ ਰਿਹਾ। ਰਿਸ਼ਤੇਦਾਰ ਡੀ.ਜੇ. 'ਤੇ ਨੱਚ ਰਹੇ ਸੀ। ਓਧਰ ਸਹੁਰਿਆਂ ਦੇ ਘਰ ਪੁੱਛ-ਪ੍ਰਤੀਤ ਪਹਿਲਾਂ ਨਾਲੋਂ ਕੁਝ ਘਟੀ ਹੋਣ ਕਰਕੇ ਹਰਭਜਨ ਸਿਓਂ 'ਜੀਜੇ' ਤੇ 'ਫੁੱਫੜ' ਦੇ ਫ਼ਰਕ ਨੂੰ ਮਹਿਸੂਸ ਕਰ ਰਿਹਾ ਸੀ। ਉਸ ਦਾ ਸਾਂਢੂ ਛੁੱਟੀ ਨਾ ਮਿਲਣ ਕਰਕੇ ਕੈਨੇਡਾ ਤੋਂ ਵਿਆਹ 'ਤੇ ਨਹੀਂ ਆ ਸਕਿਆ ਸੀ ਜਿਸ ਕਰਕੇ ਉਹ ਇਕੱਲਤਾ ਮਹਿਸੂਸ ਕਰ ਰਿਹਾ ਸੀ। ਪੂਰੇ ਸਰੂਰ ਵਿੱਚ ਹੋਣ ਕਰਕੇ ਹਰਭਜਨ ਸਿਓਂ ਦੇ ਅੰਦਰਲਾ 'ਜੀਜਾ' ਭੜਕ ਉੱਠਿਆ। ਇੱਕੋ ਪਲ ਵਿੱਚ ਉਸ ਦੀਆਂ ਅੱਖਾਂ ਸਾਹਮਣੇ ਉਹ ਤਸਵੀਰਾਂ ਘੁੰਮ ਗਈਆਂ ਜਦੋਂ ਉਹ ਆਪਣੇ ਵਿਆਹ ਦੇ ਦਿਨਾਂ ਵਿੱਚ ਸਾਲ਼ੀਆਂ ਨਾਲ ਘਿਰਿਆ ਰਹਿੰਦਾ ਸੀ। ਸਾਲ਼ੀਆਂ ਜੀਜਾ-ਜੀਜਾ ਕਹਿ ਕੇ ਉਸ ਨੂੰ ਟਿੱਚਰਾਂ ਕਰਦੀਆਂ ਰਹਿੰਦੀਆਂ ਸਨ। ਉਹ ਡਿੱਗਦਾ ਢਹਿੰਦਾ ਉੱਠ ਕੇ ਹੌਲੀ-ਹੌਲੀ ਜਾਗੋ ਵਾਲੀਆਂ ਮੇਲਣਾਂ ਵਿੱਚ ਜਾ ਵੜਿਆ। ਅਮਰਜੀਤ ਉਸ ਨੂੰ ਇਸ ਹਾਲਤ ਵਿੱਚ ਦੇਖ ਕੇ ਹੈਰਾਨ ਸੀ। ਐਨਾ ਸਾਊ ਦਿਖਣ ਵਾਲਾ, ਇਹ ਕੀ ਰੰਗ ਖਿਡਾ ਰਿਹਾ ਸੀ। ਉਹ ਹਰਭਜਨ ਸਿਓਂ ਨੂੰ ਬਾਹੋਂ ਫੜ ਕੇ ਸੰਭਾਲਦੀ ਹੋਈ ਕਹਿਣ ਲੱਗੀ, "ਜੀਤੁਸੀਂ ਜ਼ਿਆਦਾ ਪੀ ਲਈ ਹੈ। ਹੁਣ ਰੋਟੀ ਖਾ ਕੇ ਪੈ ਜਾਓ। ਸਵੇਰੇ ਬਰਾਤ ਵੀ ਆਉਣੀ ਹੈ, ਮੈਂ ਚੁਬਾਰੇ ਵਿੱਚ ਤੁਹਾਡਾ ਬਿਸਤਰਾ ਵਿਛਾ ਦਿੰਦੀ ਆਂ।" ਉਹ ਹੱਥ ਛਡਾਉਂਦਾ ਹੋਇਆ ਬੋਲਿਆ,"ਸਾਲ਼ਿਓਕੀ ਹੋ ਗਿਆ, ਜੇ ਮੈਂ ਫੁੱਫੜ ਬਣ ਗਿਆ। ਕਦੇ ਮੈਂ ਵੀ ਇਸ ਘਰ ਦਾ ਜਵਾਈ ਹੁੰਦਾ ਤੀ। ਸਾਰੇ ਮੇਰੇ ਆਲ਼ੇ -ਦੁਆਲੇ ਘੁੰਮਦੇ ਤੀ। ਚਾਰੇ ਪਾਸੇ ਜੀਜਾ-ਜੀਜਾ ਹੁੰਦੀ ਤੀ। ਹੁਣ ਜਦ ਸਮੇਂ ਨੇ ਫੁੱਫੜ ਬਣਾਤਾ, ਕੋਈ ਗੱਲ ਈ ਨ੍ਹੀਂ ਸੁਣਦਾ।"

ਜਦੋਂ ਇਹ ਬੋਲ ਮਜ਼ਾਕੀਆ ਸੁਭਾਅ ਵਾਲੀ ਉਸ ਦੀ ਛੋਟੀ ਸਾਲੀ ਪਰਮਜੀਤ ਦੇ ਕੰਨੀਂ ਪਏ ਤਾਂ ਉਹ ਨੱਚਣਾ ਬੰਦ ਕਰਕੇ ਝੱਟ ਹਰਭਜਨ ਸਿਓਂ ਕੋਲ ਆ ਗਈ ਅਤੇ ਹੱਸ ਕੇ ਕਹਿਣ ਲੱਗੀ, "ਜੀਜਾ ਜੀ, ਕੀ ਗੱਲ ਹੋ ਗਈ ?" ਸਾਲੀ ਦੇ ਮੂੰਹੋਂ ਨਿੱਕਲਿਆ 'ਜੀਜਾ' ਸ਼ਬਦ ਹਰਭਜਨ ਸਿਓਂ ਨੂੰ ਬਲਦੀ 'ਤੇ ਠੰਢੇ ਪਾਣੀ ਵਰਗਾ ਲੱਗਿਆ। ਜਿਵੇਂ ਉਹ ਇਸ ਸ਼ਬਦ ਨੂੰ ਸੁਣਨ ਲਈ ਤਰਸ ਗਿਆ ਸੀ। ਹਰਭਜਨ ਸਿਓਂ ਨੇ ਠੰਢਾ ਹੁੰਦਿਆਂ ਕਿਹਾ,"ਨਹੀਂ-ਨਹੀਂ, ਮੈਂ ਤਾਂ ਐਵੇਂ ਗੇੜਾ ਮਾਰਨ ਆ ਗਿਆ ਤੀ। ਮੈਂ ਕਿਹਾ ਵਿਆਹ 'ਚ ਰੌਣਕ ਮੇਲਾ ਹੀ ਦੇਖ ਆਵਾਂ। ਐਨਾ ਕਹਿੰਦਾ ਹੋਇਆ ਉਹ ਨੀਵੀਂ ਪਾ ਕੇ ਅਮਰਜੀਤ ਨਾਲ ਚੁਬਾਰੇ ਵੱਲ ਤੁਰ ਪਿਆ।"

**- ਧਿਆਨ ਸਿੰਘ ਰਾਏ**

## ਸਿੱਖ ਫ਼ੌਜੀਆਂ ਦਾ ਅਫ਼ਰੀਕਾ ਵਿੱਚ ਯੋਗਦਾਨ

ਸਿੱਖ ਫ਼ੌਜੀਆਂ ਦੀ ਦਲੇਰੀ, ਦ੍ਰਿੜ੍ਹਤਾ ਅਤੇ ਸਿਰੜ ਆਦਿ ਖ਼ਾਸੀਅਤਾਂ ਤੋਂ ਅੰਗਰੇਜ਼ ਚੰਗੀ ਤਰ੍ਹਾਂ ਜਾਣੂੰ ਸਨ। 19ਵੀਂ ਸਦੀ ਦੇ ਅੱਧ ਵਿੱਚ ਸਿੱਖ ਰਾਜ ਦੇ ਪਤਨ ਤੋਂ ਬਾਅਦ ਉਨ੍ਹਾਂ ਨੇ ਸਿੱਖ ਫ਼ੌਜੀਆਂ ਦੇ ਇਨ੍ਹਾਂ ਗੁਣਾਂ ਦੀ ਬੜੀ ਸਿਆਣਪ ਨਾਲ ਵਰਤੋਂ ਕੀਤੀ ਸੀ। ਸਾਰਾਗੜ੍ਹੀ ਵਿਖੇ ਮੁੱਠੀ ਭਰ ਸਿੱਖ ਫ਼ੌਜੀਆਂ ਵੱਲੋਂ ਦਿਖਾਈ ਸੂਰਬੀਰਤਾ ਨੂੰ ਸਾਰੀ ਦੁਨੀਆਂ ਜਾਣਦੀ ਹੈ। ਅਫ਼ਰੀਕਾ ਵਿੱਚ ਵੀ ਸਿੱਖ ਫ਼ੌਜੀਆਂ ਦਾ ਯੋਗਦਾਨ ਬਹੁਤ ਮਾਣਮੱਤਾ ਰਿਹਾ ਹੈ। ਅਫ਼ਰੀਕਾ ਵਿੱਚ 19ਵੀਂ ਸਦੀ ਦੇ ਆਖਰੀ ਦਹਾਕਿਆਂ ਵਿੱਚ ਬਸਤੀਵਾਦ ਦੀ ਕਾਰਵਾਈ ਨਾਟਕੀ ਰੂਪ ਧਾਰਨ ਕਰ ਗਈ ਸੀ। ਉਸ ਸਮੇਂ ਯੂਰਪੀ ਦੇਸ਼ਾਂ ਵਿੱਚ ਅਫ਼ਰੀਕਾ ਦੇ ਇਲਾਕਿਆਂ ਉੱਤੇ ਕਬਜ਼ਾ ਕਰਨ ਦੀ ਹੋੜ ਲੱਗੀ ਹੋਈ ਸੀ। ਇਸ ਕਾਰਜ ਵਿੱਚ ਬਰਤਾਨੀਆ ਵੀ ਕਿਸੇ ਦੇਸ਼ ਤੋਂ ਪਿੱਛੇ ਨਹੀਂ ਸੀ। ਖ਼ਾਸਕਰ ਇਸ ਲਈ ਕਿ ਭਾਰਤ ਉੱਤੇ ਕਬਜ਼ਾ ਕਾਇਮ ਰੱਖਣ ਲਈ ਉਸ ਨੂੰ ਮਿਸਰ ਅਤੇ ਦੱਖਣੀ ਅਫ਼ਰੀਕਾ 'ਤੇ ਕਾਬੂ ਰੱਖਣਾ ਜ਼ਰੂਰੀ ਸੀ ਤਾਂ ਜੋ ਉਸ ਦਾ ਭਾਰਤ ਨਾਲ ਤਾਲ-ਮੇਲ ਬਣਿਆ ਰਹੇ। ਇਸ ਸਮੇਂ ਹੈਰੀ ਜਾਨਸਟਨ ਨੂੰ ਕੇਂਦਰੀ ਅਫ਼ਰੀਕਾ ਦਾ ਕਮਿਸ਼ਨਰ ਨਿਯੁਕਤ ਕੀਤਾ ਗਿਆ ਸੀ। ਹੈਰੀ ਜਾਨਸਟਨ ਇੱਕ ਗੁਣਵਾਨ ਖੋਜੀ, ਬਨਸਪਤ ਵਿਗਿਆਨੀ, ਜੰਤੂ ਵਿਗਿਆਨੀ, ਚਿੱਤਰਕਾਰ, ਲੇਖਕ ਅਤੇ ਪ੍ਰਬੰਧਕ ਸੀ। ਕੇਂਦਰੀ ਅਫ਼ਰੀਕਾ ਵਿੱਚ ਉਹ ਬਰਤਾਨੀਆ ਦੇ ਹਿੱਤਾਂ ਦੀ ਰਾਖੀ ਅਤੇ ਵਿਸਤਾਰ ਕਰਨ ਹਿਤ ਪੂਰੀ ਲਗਨ ਨਾਲ ਕੰਮ ਕਰ ਰਿਹਾ ਸੀ। ਕਮਿਸ਼ਨਰ ਦੀ ਜ਼ਿੰਮੇਵਾਰੀ ਦੇ ਨਾਲ ਉਸ ਨੂੰ ਇਹ ਵੀ ਹਦਾਇਤ ਕੀਤੀ ਗਈ ਸੀ ਕਿ ਉਹ ਅਫ਼ਰੀਕਾ ਵਿੱਚ ਬੜੀ ਦੇਰ ਤੋਂ ਹੋ ਰਹੇ ਗੁਲਾਮਾਂ ਦਾ ਵਪਾਰ (ਬਰਦਾ ਫਰੋਸ਼) ਖ਼ਤਮ ਕਰਨ ਦੇ ਉਪਰਾਲੇ ਕਰੇ।ਅਫ਼ਰੀਕਾ ਵਿੱਚ ਲੋਕਾਂ ਨੂੰ ਬੰਦੀ ਬਣਾ ਕੇ ਵੇਚਣ ਦਾ ਵਪਾਰ ਬਹੁਤ ਦੇਰ ਤੋਂ ਚੱਲ ਰਿਹਾ ਸੀ। ਪੁਰਸ਼ ਗੁਲਾਮਾਂ ਤੋਂ ਬਹੁਤਾ ਨੌਕਰੀ ਦਾ ਕੰਮ ਲਿਆ ਜਾਂਦਾ ਸੀ ਤੇ ਮਹਿਲਾ ਗੁਲਾਮਾਂ ਤੋਂ ਮਜਬੂਰਨ ਰਖੇਲਦਾਰੀ ਦਾ ਨੀਚ ਕੰਮ ਕਰਵਾਇਆ ਜਾਂਦਾ ਸੀ। ਗੁਲਾਮਾਂ ਦੇ ਵਪਾਰ ਦਾ ਇਹ ਨਾਜਾਇਜ਼ ਧੰਦਾ ਕਰਨ ਵਾਲਿਆਂ ਦਾ ਗਰੋਹ ਬਹੁਤ ਬਲਵਾਨ ਸੀ। ਇਸ ਨੂੰ ਖ਼ਤਮ ਕਰਨ ਲਈ ਬੜੀ ਜੁਗਤ ਅਤੇ ਫ਼ੌਜੀ ਦਾਅ-ਪੇਚ ਦੀ ਲੋੜ ਸੀ। ਇਸ ਕਠਿਨ ਕਾਰਜ ਲਈ ਹੈਰੀ ਜਾਨਸਟਨ ਨੇ ਉਸ ਸਮੇਂ ਭਾਰਤ ਦੀ ਬਰਤਾਨਵੀ ਸਰਕਾਰ ਨਾਲ ਸੰਪਰਕ ਕੀਤਾ ਅਤੇ ਉਚਿਤ ਭਾਰਤੀ ਫ਼ੌਜੀਆਂ ਦੀ ਮੰਗ ਕੀਤੀ। ਭਾਰਤ ਦੀ ਅੰਗਰੇਜ਼ ਸਰਕਾਰ ਵੱਲੋਂ ਹੈਰੀ ਜਾਨਸਟਨ ਦੀ ਮੰਗ ਉੱਤੇ ਭੇਜੇ ਗਏ 70 ਫ਼ੌਜੀਆਂ ਵਿੱਚੋਂ 40 ਸਿੱਖ ਅਤੇ ਬਾਕੀ ਦੇ ਹੈਦਰਾਬਾਦ ਲਾਂਸਰਜ਼ ਦੇ ਫ਼ੌਜੀ ਸਨ। ਅਫ਼ਰੀਕਾ ਦੇ 'ਆਓ' ਕਬੀਲੇ ਦਾ ਸਰਦਾਰ ਚਿਕੂੰਬੂ ਗੁਲਾਮਾਂ ਦੇ ਵਪਾਰ ਦੇ ਸਭ ਤੋਂ ਵੱਧ ਬਦਨਾਮ ਗਰੋਹ ਦਾ ਮੁਖੀ ਸੀ। ਉਹ ਵਿਦੇਸ਼ੀਆਂ ਨੂੰ ਆਪਣੇ ਇਲਾਕੇ ਵਿੱਚੋਂ ਲੰਘਣ ਨਹੀਂ ਸੀ ਦਿੰਦਾ ਜਾਂ ਫਿਰ ਰਿਸ਼ਵਤ ਅਤੇ ਨਜ਼ਰਾਨਾ ਲੈ ਕੇ ਲੰਘਣ ਦਿੰਦਾ ਸੀ। ਹੈਰੀ ਜਾਨਸਟਨ ਨੇ ਸਭ ਤੋਂ ਪਹਿਲਾਂ ਉਸ ਨੂੰ ਸੋਧਣ ਲਈ ਸਿੱਖ ਫ਼ੌਜੀਆਂ ਨੂੰ ਭੇਜਿਆ। ਚਿਕੂੰਬੂ ਦੇ ਗਰੋਹ ਵੱਲੋਂ ਨਿਰੰਤਰ ਹਮਲਿਆਂ ਦੇ ਬਾਵਜੂਦ ਸਿੱਖ ਫ਼ੌਜੀਆਂ ਨੇ ਉਸ ਨੂੰ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ ਅਤੇ ਉਹ ਮੈਦਾਨ ਛੱਡ ਕੇ ਭੱਜ ਗਿਆ। ਨਾਲ ਹੀ ਫ਼ੌਜੀਆਂ ਨੇ ਅਨੇਕਾਂ ਬੰਦੀ ਬਣਾਏ ਅਫ਼ਰੀਕੀਆਂ ਨੂੰ, ਜਿਨ੍ਹਾਂ ਨੂੰ ਗੁਲਾਮ-ਵਪਾਰ ਵਿੱਚ ਵੇਚਿਆ ਜਾਣਾ ਸੀ, ਮੁਕਤ ਕਰ ਦਿੱਤਾ। ਚਿਕੂੰਬੂ ਦੀ ਭੈੜੀ ਹਾਲਤ ਦੇਖ ਕੇ ਗੁਲਾਮਾਂ ਦਾ ਵਪਾਰ ਕਰਨ ਵਾਲੇ ਗਰੋਹ ਇਕੱਠੇ ਹੋ ਕੇ ਮੋੜਵਾਂ ਹਮਲਾ ਕਰਨ ਦੀਆਂ ਵਿਉਂਤਾ ਬਣਾਉਣ ਲੱਗੇ। ਇਸ ਖ਼ਤਰੇ ਨੂੰ ਟਾਲਣ ਲਈ ਹੈਰੀ ਜਾਨਸਟਨ ਨੇ ਸਿੱਖ ਫ਼ੌਜੀਆਂ ਦੀਆਂ ਸੇਵਾਵਾਂ ਲੈ ਕੇ ਇੱਕ ਡੰਗ-ਟਪਾਊ ਗੜ੍ਹੀ ਤਿਆਰ ਕਰਵਾਈ, ਜਿਸ ਦੀ ਚਾਰਦੀਵਾਰੀ ਬਾਂਸ ਬੰਨ੍ਹ ਕੇ ਰੇਤ-ਮਿੱਟੀ ਦੇ ਸਹਾਰੇ ਖੜ੍ਹੀ ਕੀਤੀ ਗਈ। ਇਸ ਤੋਂ ਬਾਹਰ ਡੂੰਘੀ ਖਾਈ ਪੁੱਟ ਦਿੱਤੀ ਗਈ। ਇਸ ਗੜ੍ਹੀ ਦੇ ਸਹਾਰੇ ਸਿੱਖ ਫ਼ੌਜੀਆਂ ਨੇ ਗੁਲਾਮਾਂ ਦਾ ਵਪਾਰ ਕਰਨ ਵਾਲੇ ਅਨੇਕਾਂ ਗਰੋਹਾਂ ਦਾ ਖਾਤਮਾ ਕੀਤਾ ਸੀ।

ਹੈਰੀ ਜਾਨਸਟਨ ਪ੍ਰਸ਼ਾਸਕ ਹੋਣ ਦੇ ਨਾਲ-ਨਾਲ ਚਿੱਤਰਕਾਰ ਵੀ ਸੀ। ਬਰਤਾਨੀਆ ਦੇ ਪ੍ਰਧਾਨ ਮੰਤਰੀ ਲਾਰਡ ਸੈਲਸਬਰੀ ਨੂੰ ਉਸ ਵੱਲੋਂ 24 ਜਨਵਰੀ 1896 ਨੂੰ ਲਿਖੇ ਇੱਕ ਪੱਤਰ ਵਿੱਚ ਦੱਸਿਆ ਗਿਆ ਸੀ ਕਿ ਕੇਂਦਰੀ ਅਫ਼ਰੀਕਾ ਵਿੱਚ ਹੁਣ ਗੁਲਾਮਾਂ ਦਾ ਵਪਾਰ ਕਰਨ ਵਾਲਾ ਕੋਈ ਗਰੋਹ ਨਹੀਂ ਰਿਹਾ। ਇਹ ਦਾਅਵਾ ਉਹ ਸਿੱਖ ਫ਼ੌਜੀਆਂ ਵੱਲੋਂ ਦਿੱਤੇ ਭਰਪੂਰ ਯੋਗਦਾਨ ਸਦਕਾ ਹੀ ਕਰ ਸਕਿਆ ਸੀ।

**ਡਾ. ਕੰਵਰਜੀਤ ਸਿੰਘ ਕੰਗ**

# ਵਾਤਾਵਰਨ ਬਚਾਉਣਾ ਸਮੇਂ ਦੀ ਲੋੜ ਹੈ

## ਅੱਜ ਮਨੁੱਖ ਲਈ ਸਭ ਤੋਂ ਜ਼ਿਆਦਾ ਚਿੰਤਾ ਦਾ ਵਿਸ਼ਾ ਵਾਤਾਵਰਨ ਦਾ ਅਣਸੁਖਾਵਾਂ ਹੋਣਾ ਹੈ।



ਨਿੱਤ ਦਿਹਾੜੇ ਬਦਲਦੇ ਮੌਸਮ ਦੇ ਮਿਜ਼ਾਜ, ਲੂਆਂ ਚੱਲਣ ਦੇ ਵੇਲੇ ਠੰਢੀਆਂ ਹਵਾਵਾਂ ਵਗਣੀਆਂ , ਮੈਦਾਨੀ ਇਲਾਕਿਆਂ ਵਿੱਚ ਚੱਕਰਵਰਤੀ ਤੂਫਾਨਾਂ ਦੁਆਰਾ ਤਬਾਹੀ, ਮੌਸਮੀ ਸਮਾਂ ਸੀਮਾ ਘਟਣਾ ਵਧਣਾ,ਇਹ ਆਲਮੀ ਤਪਸ਼ ਦਾ ਨਤੀਜਾ ਹੀ ਤਾਂ ਹੈ ਤੇ ਆਲਮੀ ਤਪਸ਼ ਅੱਜ ਦੀ ਮਨੁੱਖਤਾ ਦੁਆਰਾ ਵਾਤਾਵਰਣ ਦੂਸ਼ਿਤ ਕਰਨ ਦਾ ਨਤੀਜਾ ਹੈ। ਇਸ ਲਈ ਵਾਤਾਵਰਣ ਪ੍ਰਤੀ ਜਾਗਰੂਕ ਕਰਨ ਲਈ ਵਿਸ਼ਵ ਵਾਤਾਵਰਣ ਦਿਵਸ 5 ਜੂਨ ਨੂੰ 100 ਤੋਂ ਵੱਧ ਦੇਸ਼ਾਂ ਦੇ ਲੋਕਾਂ ਦੁਆਰਾ ਮਨਾਇਆ ਜਾਂਦਾ ਹੈ। ਵਿਸ਼ਵ ਵਾਤਾਵਰਣ ਦਿਵਸ' ਕੁਦਰਤ ਅਤੇ ਹਰਿਆਲੀ ਦੇ ਮਹੱਤਵ ਬਾਰੇ ਜਾਗਰੂਕਤਾ ਫੈਲਾਉਣ ਲਈ ਸੰਯੁਕਤ ਰਾਸ਼ਟਰ ਦੁਆਰਾ ਆਯੋਜਿਤ ਸਭ ਤੋਂ ਵੱਡੇ ਸਾਲਾਨਾ ਸਮਾਗਮਾਂ ਵਿੱਚੋਂ ਇੱਕ ਹੁੰਦਾ ਹੈ। ਸੰਯੁਕਤ ਰਾਸ਼ਟਰ ਅਸੈਂਬਲੀ ਦੁਆਰਾ 1972 ਵਿੱਚ ਵਿਸ਼ਵ ਵਾਤਾਵਰਣ ਦਿਵਸ ਮਨਾਉਣਾ ਸ਼ੁਰੂ ਕੀਤਾ ਗਿਆ, ਜੋ ਕਿ ਮਨੁੱਖੀ ਵਾਤਾਵਰਣ ਉੱਤੇ ਸਟਾਕਹੋਮ ਕਾਨਫਰੰਸ ਦਾ ਪਹਿਲਾ ਦਿਨ ਸੀ। ਇਹ 1974 ਵਿੱਚ 'ਸਿਰਫ਼ ਇੱਕ ਧਰਤੀ' ਥੀਮ ਹੇਠ ਮਨਾਇਆ ਗਿਆ ਸੀ। ਉਦੋਂ ਤੋਂ ਕਈ ਦੇਸ਼ ਇਸ ਦਿਨ ਦਾ ਆਯੋਜਨ ਕਰ ਰਹੇ ਹਨ। ਵਿਸ਼ਵ ਵਾਤਾਵਰਣ ਦਿਵਸ ਸਭ ਤੋਂ ਪਹਿਲਾਂ ਅਮਰੀਕਾ ਵਿੱਚ 1974 ਵਿੱਚ ਮਨਾਇਆ ਗਿਆ ਸੀ। 1972 ਵਿੱਚ ਸੰਯੁਕਤ ਰਾਸ਼ਟਰ ਦੀ ਸਰਪ੍ਰਸਤੀ ਹੇਠ ਵਾਤਾਵਰਣ ਦੀਆਂ ਸਮੱਸਿਆਵਾਂ ਬਾਰੇ ਪਹਿਲੀ ਵੱਡੀ ਕਾਨਫਰੰਸ ਸਟਾਕਹੋਮ (ਸਵੀਡਨ) ਵਿੱਚ 5-16 ਜੂਨ ਤੱਕ ਆਯੋਜਿਤ ਕੀਤੀ ਗਈ ਸੀ ਜਿਸ ਨੂੰ ਮਨੁੱਖੀ ਵਾਤਾਵਰਣ ਬਾਰੇ ਕਾਨਫਰੰਸ ਜਾਂ ਸਟਾਕਹੋਮ ਕਾਨਫਰੰਸ ਵਜੋਂ ਜਾਣਿਆ ਜਾਂਦਾ ਹੈ। ਇਸਦਾ ਮੰਤਵ ਮਨੁੱਖੀ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਦੀ ਚੁਣੌਤੀ ਨੂੰ ਹੱਲ ਕਰਨ ਦੇ ਤੌਰ ਤਰੀਕਿਆਂ ਬਾਰੇ ਇੱਕ ਬੁਨਿਆਦੀ ਆਮ ਪਹੁੰਚ ਬਣਾਉਣਾ ਸੀ। ਇਸ ਸਾਲ ਬਾਅਦ ਵਿੱਚ 15 ਦਸੰਬਰ ਨੂੰ ਜਨਰਲ ਅਸੈਂਬਲੀ ਨੇ 5 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਵਜੋਂ ਮਨਾਉਣ ਦਾ ਮਤਾ ਪਾਸ ਕੀਤਾ ਗਿਆ। 5 ਜੂਨ ਨੂੰ ਵਾਤਾਵਰਨ ਦਿਵਸ ਲੋਕਾਂ ਨੂੰ ਕੁਦਰਤ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ ਵਿਸ਼ਵ ਪੱਧਰ 'ਤੇ ਮਨਾਇਆ ਜਾਂਦਾ ਹੈ। ਇਸ ਦੇ ਨਾਲ ਕੁਦਰਤ ਦੇ ਵਿਨਾਸ਼ਕਾਰੀ ਪਹਿਲੂਆਂ ਅਤੇ ਇਸ ਦੀਆਂ ਕਦਰਾਂ-ਕੀਮਤਾਂ ਨੂੰ ਖੁੱਲ੍ਹ ਕੇ ਪੇਸ਼ ਕੀਤਾ ਜਾਂਦਾ ਹੈ।ਇਸ ਬਾਰੇ ਸਭ ਤੋਂ ਵੱਡੀ ਮਿਸਾਲ ਸੰਨ 2020 ਵਿੱਚ ਕੋਰੋਨਾ ਵਾਇਰਸ ਦੇ ਸਮੇਂ ਦੀ ਹੈ ਜਦੋਂ ਕਰੋਨਾ ਦੇ ਪ੍ਰਕੋਪ ਕਾਰਨ ਇੱਕ ਸਾਲ ਤੋਂ ਵੱਧ ਸਮੇਂ ਤੋਂ ਲੋਕ ਘਰਾਂ ਵਿੱਚ ਪੂਰੀ ਤਰ੍ਹਾਂ ਬੰਦ ਸਨ, ਉਹ ਵਾਤਾਵਰਣ ਨੂੰ ਤੰਦਰੁਸਤ ਬਣਾਉਣ ਲਈ ਸਭ ਤੋਂ ਉੱਤਮ ਸਮਾਂ ਸਾਬਤ ਹੋਇਆ ਸੀ ਜਿਸ ਤੋਂ ਸਿੱਧ ਹੋ ਗਿਆ ਸੀ ਕਿ ਵਾਤਾਵਰਣ ਨੂੰ ਦੂਸ਼ਿਤ ਕਰਨ ਵਿੱਚ ਮਨੁੱਖ ਦਾ ਅਹਿਮ ਯੋਗਦਾਨ ਹੈ।ਸਭ ਤਰ੍ਹਾਂ ਦੇ ਕੁਦਰਤੀ ਤੱਤ, ਜੋ ਜੀਵਨ ਨੂੰ ਸੰਭਵ ਬਣਾਉਂਦੇ ਹਨ, ਵਾਤਾਵਰਨ ਦਾ ਹਿੱਸਾ ਹਨ, ਜਿਵੇਂ ਪਾਣੀ, ਹਵਾ, ਧਰਤੀ, ਪ੍ਰਕਾਸ਼, ਜੰਗਲ ਆਦਿ। ਅੱਜ ਮਨੁੱਖ ਲਈ ਸਭ ਤੋਂ ਜ਼ਿਆਦਾ ਚਿੰਤਾ ਦਾ ਵਿਸ਼ਾ ਵਾਤਾਵਰਣ ਦਾ ਅਣਸੁਖਾਵਾਂ ਹੋਣਾ ਹੈ। ਅੱਜ ਪ੍ਰਦੂਸ਼ਣ ਦੇ ਕਾਰਨ ਵੱਧਦਾ ਤਾਪਮਾਨ ਇੱਕ ਵਿਸ਼ਵ ਵਿਆਪੀ ਸਮੱਸਿਆ ਬਣ ਚੁੱਕਿਆ ਹੈ, ਜੇ ਗਲੋਬਲ ਵਾਰਮਿੰਗ ਇਸੇ ਰਫ਼ਤਾਰ ਨਾਲ ਵਧਦੀ ਗਈ ਤਾਂ ਇੱਕ ਦਿਨ ਗਲੇਸ਼ੀਅਰ ਖਤਮ ਹੋ ਜਾਣਗੇ ਤੇ ਸਮੁੰਦਰਾਂ ਵਿੱਚ ਪਾਣੀ ਦਾ ਪੱਧਰ ਵਧ ਜਾਵੇਗਾ ਜਿਸ ਦਾ ਨਤੀਜਾ ਇਹ ਹੋਵੇਗਾ ਕਿ ਸਮੁੰਦਰ ਕੰਢੇ ਵੱਸਣ ਵਾਲੇ ਕਰੋੜਾ ਲੋਕਾਂ ਦਾ ਖਾਤਮਾ ਹੋ ਜਾਵੇਗਾ। ਦੂਜੀ ਗੱਲ ਰੁੱਖਾਂ ਦੀ ਲਗਾਤਾਰ ਬੇਰਹਿਮੀ ਨਾਲ ਹੋ ਰਹੀ ਕਟਾਈ ਹੈ, ਜੋ ਵਾਤਾਵਰਣ ਪ੍ਰਦੂਸ਼ਣ ਲਈ ਸਭ ਤੋ ਵੱਧ ਜ਼ਿੰਮੇਵਾਰ ਹੈ। ਤੀਜਾ ਵਾਹਨਾਂ ਨੇ ਜਿੱਥੇ ਮਨੁੱਖੀ ਜੀਵਨ ਦੀ ਰਫ਼ਤਾਰ ਨੂੰ ਤੇਜ਼ ਕੀਤਾ ਅਤੇ ਅਨੇਕਾਂ ਸਹੂਲਤਾਂ ਪ੍ਰਦਾਨ ਕੀਤੀਆਂ, ਉੱਥੇ ਇਨ੍ਹਾਂ ਦੇ ਨਾਲ ਹੋਣ ਵਾਲੇ ਪ੍ਰਦੂਸ਼ਣ ਦੇ ਕਾਰਨ ਅਨੇਕਾਂ ਭਿਅੰਕਰ ਬੀਮਾਰੀਆਂ ਪੈਦਾ ਹੋ ਰਹੀਆਂ ਹਨ। ਸੜਕਾਂ ਕਿਨਾਰੇ ਖੜ੍ਹੇ ਦਰਖ਼ਤ ਪਰਾਲ ?ੀ ਜਾਂ ਨਾੜ ਨੂੰ ਅੱਗ ਲਗਾਉਣ ਵਾਲਿਆਂ ਵੱਲੋਂ ਸਾੜ ਦਿੱਤੇ ਜਾਂਦੇ ਹਨ ।ਸ਼ਹਿਰੀਕਰਨ ਵਧ ਰਿਹਾ ਹੈ, ਵਧਦੇ ਸ਼ਹਿਰੀਕਰਨ ਦੇ ਕਾਰਨ ਫਾਲਤੂ ਕੂੜਾ ਕਰਕਟ, ਗੰਦਗੀ, ਪਲਾਸਟਿਕ ਪਦਾਰਥ ਅਤੇ ਵਿਸ਼ੇਸ਼ ਤੌਰ 'ਤੇ ਪਾਲੀਥੀਨ ਬੈਗਾਂ ਦੇ ਢੇਰ ਹਨ, ਜੋ ਛੇਤੀ ਛੇਤੀ ਨਸ਼ਟ ਨਹੀਂ ਹੁੰਦੇ ਅਤੇ ਇਹਨਾਂ ਨੂੰ ਸਾੜੇ ਜਾਣ ਤੇ ਨਿਕਲਣ ਵਾਲੀਆਂ ਭਿਆਨਕ ਗੈਸਾਂ ਵਾਤਾਵਰਨ ਪ੍ਰਦੂਸ਼ਿਤ ਕਰਨ ਵਿੱਚ ਸਭ ਤੋਂ ਅੱਗੇ ਹਨ। ਏਅਰ ਕੰਡੀਸ਼ਨ ਚਲਾਉਣ 'ਤੇ ਨਿਕਲਣ ਵਾਲੀ ਖ਼ਤਰਨਾਕ ਗੈਸ, ਓਜ਼ੋਨ ਪਰਤ ਨੂੰ ਕਮਜ਼ੋਰ ਕਰਕੇ ਉਸ ਵਿੱਚ ਮੋਰ੍ਹੀਆਂ ਪੈਦਾ ਕਰਕੇ ਖਰਾਬ ਕਰਨ ਦੀ ਭੂਮਿਕਾ ਨਿਭਾਅ ਰਹੀ ਹੈ। ਧਾਰਮਿਕ ਸਥਾਨਾਂ 'ਤੇ ਲੱਗੇ ਵੱਡੇ ਸਪੀਕਰ, ਖੁਸ਼ੀ ਦੇ ਮੌਕੇ ਉੱਚੀ ਆਵਾਜ਼ ਵਿਚ ਚਲਦੇ ਡੀ. ਜੇ , ਘਰਾਂ ਵਿੱਚ ਉੱਚੀ ਅਵਾਜ਼ ਵਿੱਚ ਚਲਦੇ ਟੈਲੀਵਿਜ਼ਨ ਜਾਂ ਕੋਈ ਹੋਰ ਮਿਊਜ਼ਿਕ ਸਿਸਟਮ ਅਤੇ ਮੋਟਰ ਸਾਈਕਲਾਂ, ਟਰੱਕਾਂ ਬੱਸਾਂ 'ਤੇ ਲੱਗੇ ਪ੍ਰੈਸ਼ਰ ਹਾਰਨਾਂ ਦੇ ਕਾਰਨ, ਜਿੱਥੇ ਵਾਤਾਵਰਣ ਪ੍ਰਦੂਸ਼ਿਤ ਹੋ ਰਿਹਾ ਹੈ, ਉਥੇ ਅਨੇਕਾਂ ਸਰੀਰਕ ਅਤੇ ਮਾਨਸਿਕ ਰੋਗ ਉਤਪੰਨ ਹੋ ਰਹੇ ਹਨ। ਜਿਨ੍ਹਾਂ ਵਿੱਚ ਤਣਾਅ, ਕੰਨ ਦੇ ਰੋਗ, ਚਮੜੀ ਦੇ ਰੰਗ ਤੇ ਨੀਂਦ ਨਾ ਆਉਣ ਦੀ ਬੀਮਾਰੀ ਆਦਿ ਪ੍ਰਮੁੱਖ ਹਨ। ਸੋ ਸਮੇਂ ਦੀ ਲੋੜ ਨੂੰ ਸਮਝਦਿਆਂ ਜ਼ਿਆਦਾ ਤੋਂ ਜ਼ਿਆਦਾ ਰੁੱਖ ਲਗਾਏ ਜਾਣੇ ਚਾਹੀਦੇ ਹਨ, ਪਲਾਸਟਿਕ ਬੈਗਾਂ ਦਾ ਪ੍ਰਯੋਗ ਬੰਦ ਕੀਤਾ ਜਾਵੇ। ਕਾਰਖਾਨਿਆਂ ਵਿੱਚ ਵਿਸ਼ੇਸ਼ ਕਿਸਮ ਦੀਆਂ ਚਿਮਨੀਆਂ ਲੱਗਣ, ਘਰਾਂ ਅਤੇ ਦਫ਼ਤਰਾਂ ਵਿਚ ਏਅਰ ਕੰਡੀਸ਼ਨਰਾਂ ਦੀ ਘੱਟ ਤੋਂ ਘੱਟ ਵਰਤੋਂ ਕੀਤੀ ਜਾਵੇ ਅਤੇ ਵਾਤਾਵਰਨ ਦੀ ਸੁਰੱਖਿਆ ਸਬੰਧੀ ਕਾਨੂੰਨਾਂ ਦਾ ਸਖ਼ਤੀ ਨਾਲ ਪਾਲਣ ਕੀਤਾ ਜਾਵੇ। ਇਸ ਲਈ ਸਾਨੂੰ ਉਚਿਤ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ। ਸਾਨੂੰ ਬੱਚਿਆਂ ਨੂੰ ਸਕੂਲਾਂ ਵਿੱਚ ਵਾਤਾਵਰਣ ਸਬੰਧੀ ਜਾਗਰੂਕ ਕਰਨ ਲਈ ਵੀ ਨਾਲ ? ਦੀ ਨਾਲ ? ਹੀ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਹਨਾਂ ਰਾਹੀਂ ਪੈਦਾ ਹੋਣ ਵਾਲੇ ਖਤਰਿਆਂ ਤੋਂ ਜਾਣੂ ਹੋ ਜਾਣ।ਇਸ ਲਈ ਆਓ,ਆਪਾਂ ਸਾਰੇ ਮਿਲ ਕੇ ਆਪਣੇ ਵਾਤਾਵਰਨ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਲਈ ਹੰਭਲਾ ਮਾਰੀਏ ਅਤੇ ਇਸ ਧਰਤੀ ਨੂੰ ਸੁਹੱਪਣ ਨਾਲ ਭਰ ਕੇ ਹਰੀ ਭਰੀ ਕਰ ਦੇਈਏ। ਅੱਜ ਤੋਂ ਹੀ ਹਰ ਕਿਸੇ ਨੂੰ ਪੰਜ ਪੰਜ ਰੁੱਖ ਲਗਾ ਕੇ ਇਸ ਧਰਤੀ ਨੂੰ ਸੰਵਾਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ਤਾਂ ਜੋ ਅਸੀਂ ਦੂਸ਼ਿਤ ਹੋ ਰਹੇ ਵਾਤਾਵਰਨ ਨੂੰ ਬਚਾਉਣ ਵਿੱਚ ਸਹਾਈ ਹੋ ਸਕੀਏ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਰਜਿੰਦਰ ਕੌਰ ਬਿਸਰਾਓ...
9988901324

# ਬਲਾਕ ਸਰਹੰਦ ਦੇ 98 ਪਿੰਡ ਜੇ ਈ ਤੋਂ ਸੱਖਣੇ ਪਿੰਡਾਂ ਦਾ ਵਿਕਾਸ ਕਿਵੇਂ ਹੋਊ..?

ਹਲਕਾ ਸ਼੍ਰੀ ਫਤਿਹਗੜ੍ਹ ਸਾਹਿਬ ਦੇ ਐਮ ਐਲਏ ਲਖਬੀਰ ਸਿੰਘ ਰਾਏ ਦੇ ਬਲਾਕ ਸਰਹੰਦ ਵਿੱਚ 98 ਪਿੰਡਾਂ ਦੀ ਗੱਲ ਕਰੀਏ ਤੇ ਬਲਾਕ ਸਰਹਿੰਦ ਦੇ ਵਿੱਚ ਜੇਕਰ ਵਿਕਾਸ ਦੀ ਗੱਲ ਕੀਤੀ ਜਾਵੇ ਤਾਂ ਜ਼ੀਰੋ ਰੇਸੋ ਨਿਕਲ ਕੇ ਸਾਹਮਣੇ ਆਵੇਗੀ। ਇਹਨਾਂ 98 ਪਿੰਡਾਂ ਦੇ ਵਿੱਚ ਪੰਚਾਇਤਾਂ ਕੋਲ ਕੋਈ ਵੀ ਜੇ ਈ ਨਹੀਂ ਹੈ, ਫਿਰ ਹੋਣ ਵਾਲੇ ਕੰਮਾਂ ਦਾ ਅਨੁਮਾਨ ਕਿੱਦਾਂ ਲਗਾਇਆ ਜਾਵੇਗਾ ਤੇ ਪੰਚਾਇਤਾਂ ਕਿਵੇਂ ਕੰਮ ਕਰਨਗੀਆਂ ਇਹ ਵੀ ਇੱਕ ਸਵਾਲੀਆ ਚਿੰਨ ਹੈ ? ਭਾਵ ਪੰਚਾਇਤਾਂ ਬਿਨਾਂ ਜੇ ਈ ਤੋਂ ਹੀ ਚੱਲ ਰਹੀਆਂ ਹਨ ਵਿਕਾਸ ਨਾ ਮਾਤਰ ਹੋਣ ਦੇ ਕਾਰਨ ਹੋ ਸਕਦੇ ਹਨ। ਕੀ ਬਲਾਕ ਸਰਹੰਦ ਵਿੱਚ ਕੋਈ ਵੀ ਜੇ ਈ ਨਹੀਂ ਹੈ..? ਇੱਥੇ ਹੀ ਮੈਡਮ ਬੀਡੀਪੀਓ ਦੀਪ ਸਿਖਾ ਗਰਗ ਦੀ ਸੁਣੀਏ ਤਾਂ ਉਹ ਕਹਿੰਦੇ ਹਨ ਕਿ ਹਲਕੇ ਦੇ ਐਮ ਐਲ ਏ ਲਖਬੀਰ ਸਿੰਘ ਰਾਏ ਵੀ ਖੁਦ ਕਈ ਵਾਰੀ ਉੱਪਰ ਕਹਿ ਚੁੱਕੇ ਹਨ। ਪਰ ਇਹ ਸਭ ਤਾਂ ਸਾਡੇ ਪੰਚਾਇਤ ਮੰਤਰੀ ਤੁਰਨਪ੍ਰੀਤ ਸਿੰਘ ਸੌਂਦ ਹੋਰਾਂ ਨੇ ਕਰਨਾ ਹੈ ਪਰ ਅਫਸੋਸ ਸਾਨੂੰ ਟੈਕਨੀਕਲ ਵਿੰਗ ਦੀ ਵੀ ਕੋਈ ਵੀ ਸਪੋਰਟ ਨਹੀਂ ਮਿਲ ਰਹੀ ,ਸਰਹੰਦ ਬਲਾਕ ਵਿੱਚ ਬਹੁਤ ਸਾਰੇ ਪਿੰਡਾਂ ਵਿੱਚ ਸੰਤ ਸੀਚੇਵਾਲ ਮਾਡਲ ਸਕੀਮ ਤਹਿਤ ਪ੍ਰੋਜੈਕਟ ਚੱਲ ਰਹੇ ਹਨ,ਪਰ ਉਹਨਾਂ ਦਾ ਅੰਦਾਜ਼ਾ ਤੇ ਦੇਖ ਦੇਖ ਕਰਨ ਲਈ ਵੀ ਕੋਈ ਜੇ ਈ ਨਹੀਂ ਹੈ। ਹੁਣ ਉਹਨਾਂ ਵਿੱਚ ਰੋੜਾ, ਗੱਟਕਾਂ, ਰੇਤਾ ,ਬੱਜਰੀ ਵੱਧ ਘੱਟ ਕੀ ਪੈ ਰਿਹਾ ਹੈ, ਇਹ ਸਭ ਰੱਬ ਆਸਰੇ ਹੈ। ਜਦਕਿ ਸ੍ਰੀ ਫਤਿਹਗੜ੍ਹ ਸਾਹਿਬ ਦੇ ਬਲਾਕ ਸਰਹੰਦ ਨੂੰ ਘੱਟੋ ਘੱਟ ਪੰਜ ਜੇ ਈ ਚਾਹੀਦੇ ਹਨ, ਪਰ ਅਸੀਂ ਆਰਜੀ ਤੌਰ ਤੇ ਖਮਾਣੋ ਅਤੇ ਅਮਲੋਹ ਤੋਂ ਦੋ ਦਿਨਾਂ ਲਈ ਜੇ ਈ ਤੋਂ ਕੰਮ ਕਰਵਾ ਰਹੇ ਹਾਂ। ਕੀ ਹਫਤੇ ਵਿੱਚ ਸਿਰਫ ਦੋ ਦਿਨ ਹੀ ਕੰਮ ਲਈ ਹੁੰਦੇ ਹਨ ਪਿੰਡ 98 ਹਨ ਕਰੀਏ ਤਾਂ ਕੀ ਕਰੀਏ..? ਤੁਸੀਂ ਹੀ ਦੱਸੋ ਅਸਾਮੀਆਂ ਤੇ ਥਾਵਾਂ ਖਾਲੀ ਹਨ ਪਰ ਪੰਚਾਇਤ ਮੰਤਰੀ ਕੋਲ ਸ਼ਾਇਦ ਆਪਣੇ ਵਿਭਾਗ ਵੱਲ ਨਜ਼ਰ ਮਾਰਨ ਦਾ ਸਮਾਂ ਹੀ ਨਹੀਂ ਹੈ। ਬਲਾਕ ਸਰਹੰਦ ਦੇ ਸਾਰੇ ਪਿੰਡ ਜੇ ਈ ਤੋਂ ਹੀ ਵਾਂਝੇ ਹੋਏ ਪਏ ਹਨ। ਬਲਾਕ ਤੇ ਹਲਕਾ ਸਰਹੰਦ ਫਤਿਹਗੜ੍ਹ ਸਾਹਿਬ ਹੀ ਵਿਕਾਸ ਪੱਖੋਂ ਪਿੱਛੇ ਰਹਿ ਗਿਆ ਤਾਂ ਬਾਕੀਆਂ ਦਾ ਤਾਂ ਰੱਬ ਹੀ ਰਾਖਾ ਹੈ। ਜੇਕਰ ਬੀਡੀਪੀਓ ਮੈਡਮ ਦੇ ਕਹਿਣ ਅਨੁਸਾਰ ਗੱਲ ਕਰੀਏ ਕਿ ਐਮ ਐਲ ਏ ਲਖਬੀਰ ਸਿੰਘ ਰਾਏ ਕਈ ਵਾਰ ਕਹਿ ਚੁੱਕੇ ਹਨ, ਫਿਰ ਘਾਟ ਕਿੱਥੇ ਹੈ, ਕੀ ਐਮ ਐਲ ਏ ਰਾਏ ਦੀ ਕੋਈ ਸੁਣਵਾਈ ਨਹੀਂ ਹੈ.. ਜਾਂ ਪੰਚਾਇਤ ਮੰਤਰੀ ਸੁਣਨਾ ਹੀ ਨਹੀਂ ਚਾਹੁੰਦੇ ਜਾਂ ਬੀਤੇ 3 ਸਾਲ ਅਤੇ ਰਹਿੰਦੇ ਦੋ ਸਾਲ ਬਿਨਾਂ ਜੇਈ ਤੋਂ ਵਿਕਾਸ ਪੱਖੋਂ ਬੀਤ ਜਾਣਗੇ। ਇਹ ਤਾਂ ਸਮਾਂ ਹੀ ਦੱਸੇਗਾ। ਪਰ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੰਚਾਇਤ ਵਿਭਾਗ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਬਿਨਾਂ ਜੇ ਈ ਤੋਂ ਪਿੰਡਾਂ ਦੇ ਰੁਕੇ ਹੋਏ ਵਿਕਾਸ ਫਿਰ ਤੋਂ ਲੀਹ ਉੱਤੇ ਚੜ ਸਕਣ ਤੇ ਬਲਾਕ ਸਰਹਿੰਦ ਨੂੰ ਬਹੁਤ ਛੇਤੀ ਪੰਚਾਇਤ ਅਫ਼ਸਰ ਬੀਡੀਪੀਓ ਅਨੁਸਾਰ ਪੰਜ ਜੇ ਈ ਮਿਲ ਸਕਣ ਅਤੇ ਪਿੰਡਾਂ ਦੀ ਨੁਹਾਰ ਬਦਲੀ ਜਾਵੇ।

**ਗੁਰਪ੍ਰੀਤ ਸਿੰਘ ਜਖਵਾਲੀ (ਫਤਹਿਗੜ੍ਹ ਸਾਹਿਬ)**
**ਮੋਬਾਇਲ:-98550 36444**

# ਕਹਾਣੀ : ਰਸੂਖ

ਮੈ ਆਪਣੀ ਜਮਾਤ ਦੇ ਵਿਦਿਆਰਥੀਆਂ ਨੂੰ ਕਿਹਾ ਕਿ ਤੁਸੀ ਕਿਸੇ ਦੁਕਾਨ ਤੋਂ ਇਹ ਕਿਤਾਬ ਖਰੀਦ ਲਵੋ ਤਾਂ ਜੋ ਤੁਹਾਨੂੰ ਪੜ੍ਹਾਈ ਵਿੱਚ ਕੋਈ ਮੁਸਕਲ ਨਾ ਆਵੇਂ। ਅਗਲੇ ਹੀ ਦਿਨ ਇੱਕ ਬੱਚੀ ਦੀ ਮੰਮੀ ਮੈਨੂੰ ਪੁੱਛਣ ਆ ਗਏ ,ਕਿ ਮਾਸਟਰ ਜੀ ਤੁਸੀਂ ਕਿਹੜੀ ਕਿਤਾਬ ਬਾਰੇ ਕਹਿ ਰਹੇ ਹਨ ਤੇ ਇਹ ਕਿੱਥੋਂ ਮਿਲੇਗੀ। ਮੈ ਉਹਨਾਂ ਨੂੰ ਕਿਤਾਬ ਬਾਰੇ ਦੱਸ ਦਿੱਤਾ। ਉਹਨਾਂ ਕਿਹਾ ਕਿ ਇਹ ਕਿਤਾਬ ਅੱਜ ਹੀ ਇਸ ਨੂੰ ਲੈ ਦੇਦੇ ਹਾਂ। ਬੱਚੀ ਦੀ ਮੰਮੀ ਨੇ ਕਿਹਾ ਕਿ ਇਸ ਦੇ ਦਾਦਾ ਜੀ ਇਸ ਨੂੰ ਕੋਈ ਕਮੀ ਨਹੀਂ ਆਉਣ ਦੇਦੇਂ। ਜੋਂ ਵੀ ਇਹ ਕਹਿੰਦੀ, ਇਸ ਨੂੰ ਲੈ ਦੇਦੇਂ। ਆਪ ਭਾਵੇਂ ਔਖੇ ਹੀ ਹੋਣ। ਮੈ ਉਸ ਔਰਤ ਨੂੰ ਪੁੱਛਿਆ ਕਿ ਇਸ ਦੇ ਦਾਦਾ ਜੀ ਕੰਮ ਕੀ ਕਰਦੇ ਹਨ। ਉਸ ਦਾ ਜਵਾਬ ਸੀ ਮਜਦੂਰੀ। ਮੈ ਗੱਲ ਅੱਗੇ ਤੁਰਦੇ ਹੋਏ ਪੁੱਛਿਆ ਕਿ ਇਸ ਦੇ ਦਾਦਾ ਜੀ ਦੇ ਹੋਰ ਪਰਿਵਾਰਕ ਮੈਬਰਾਂ ਨਾਲ ਸੰਬੰਧ ਤੇ ਵਿਵਹਾਰ ਕਿਵੇਂ ਦਾ ਹੈ ? ਖਾਸ ਤੌਰ ਤੇ ਤੁਹਾਡੇ ਨਾਲ। ਉਸ ਦਾ ਜਵਾਬ ਸੀ ਕਿ ਸਭ ਨਾਲ ਬਹੁਤ ਵਧੀਆ ਤੇ ਉਹ ਮੈਨੂੰ ਆਪਣੇ ਸਕੇ ਪਿਉ ਨਾਲੋਂ ਵੀ ਵੱਧ ਹਨ। ਉਸ ਔਰਤ ਜੀ ਗੱਲਾਂ ਵਿੱਚੋਂ ਆਪਣੇ ਸੋਹਰੇ ਪ ?ਤੀ ਸਤਿਕਾਰ ਤੇ ਅਹਿਸਾਨ ਝਲਕ ਰਿਹਾ ਸੀ। ਉਸ ਨੇ ਦੱਸਿਆ ਕਿ ਸਾਡੇ ਪਰਿਵਾਰ ਵਿੱਚ ਮੇਰਾ ਦੇਵਰ ਵੀ ਹੈ ਅਤੇ ਉਸ ਦੇ ਬੱਚੇ ਵੀ ਹਨ। ਸਭ ਰ ?ਲ ਮਿਲ ਕੇ ਰਹਿੰਦੇ ਹਨ। ਸਾਡੇ ਪਰਿਵਾਰ ਵਿੱਚ ਕੋਈ ਨਸ਼ਾ ਨਹੀਂ ਕਰਦਾ। ਸਾਰੇ ਪੈਸੇ ਕਮਾ ਕੇ ਮੇਰੀ ਸੱਸ ਨੂੰ ਦੇਂਦੇ ਹਨ ਅਤੇ ਉਹ ਹਰੇਕ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਹਨ। ਉਸ ਔਰਤ ਦੀਆਂ ਗੱਲਾਂ ਸੁਣ ਕੇ ਮੇਰੇ ਦਿਮਾਗ ਵਿੱਚ ਇਹ ਸੋਚ ਘੁੰਮਣ ਲੱਗੀ ਕਿ ਕਿ ਪੈਸਾ ਬਹੁਤ ਕੁਝ ਹੈ ਪਰੰਤੂ ਸਭ ਕੁਝ ਨਹੀਂ। ਪਿਆਰ ਸਤਿਕਾਰ ਆਦਿ ਖਰੀਦੇ ਨਹੀਂ ਜਾ ਸਕਦੇ। ਸਮਾਜ ਵਿੱਚ ਅਣਗਿਣਤ ਪਰਿਵਾਰ ਉਹ ਮਿਲ ਜਾਦੇ ਹਨ ਜਿੰਨਾ ਕੋਲ ਜਰੂਰਤਾਂ ਪੂਰੀਆਂ ਕਰਨ ਤੋਂ ਕਿਤੇ ਜਿਆਦਾ ਪੈਸਾ ਹੁੰਦਾ ਹੈ। ਪਰ ਪਰਿਵਾਰ ਵਿੱਚ ਰਸੂਖ ਨਹੀਂ। ਪਰਿਵਾਰ ਦਾ ਹਰੇਕ ਵਿਅਕਤੀ ਇੱਕ ਦੂਸਰੇ ਤੋਂ ਦੁੱਖੀ ਹੁੰਦਾ ਹੈ। ਕੋਈ ਕਿਸੇ ਨੂੰ ਵੇਖ ਨਹੀਂ ਸਖਾਉਦਾ। ਸਭ ਨੂੰ ਇਹ ਲੱਗਦਾ ਕਿ ਮੈਂ ਸਹੀ ਹਾ ਤੇ ਦੂਸਰਾ ਗਲਤ। ਮੇਰੇ ਨਾਲ ਗਲਤ ਹੋ ਰਿਹਾ। ਹਰੇਕ ਮਨੁੱਖ ਨੇ ਕਿਤਾਬੀ ਗਿਆਨ ਤਾਂ ਪ੍ਰਾਪਤ ਕਰ ਲਿਆ। ਪਰੰਤੂ ਘਰੇਲੂ ਸੰਸਕਾਰਾਂ ਤੌਂ ਖੋਖਲੇ ਹੋ ਗਏ। ਅੱਜ ਵੀ ਅਸਲੀਂ ਖਜ਼ਾਨਾ ਉਹਨਾਂ ਕੋਲ ਹੈ ਜਿੱਥੇ ਰਿਸ਼ਤਿਆਂ ਦਾ ਮਾਨ ਸਨਮਾਨ ਤੇ ਕਦਰ ਹੁੰਦੀ ਹੈ। ਪਰੰਤੂ ਅਫਸੋਸ ਕਿ ਸਮਾਜ ਵਿੱਚ ਇਸ ਤਰਾ ਦੇ ਪਰਿਵਾਰਾਂ ਦੀ ਗਿਣਤੀ ਦਿਨੋਂ ਦਿਨ ਘੱਟਦੀ ਜਾ ਰਹੀ ਹੈ। ਕੋਈ ਮੰਨਣ ਨੂੰ ਤਿਆਰ ਨਹੀ ਕਿ ਗਲਤੀ ਮੇਰੇ ਕੋਲੋਂ ਵੀ ਹੋ ਸਕਦੀ ਹੈ। ਝੂਠ ਫਰੇਬ, ਲਾਲਚ, ਹੇਰਾਫੇਰੀ ਵੱਧ ਰਹੀ ਹੈ ਤੇ ਰਿਸਤੇ ਕਮਜ਼ੋਰ ਹੋ ਰਹੇ ਹਨ।

**ਗੁਰਿੰਦਰ ਕਲੇਰ**
**ਮੋਬਾਈਲ ਨੰਬਰ 9914538888**

## ਜਲਣ ਦੀ ਦਵਾਈ (ਮਿੰਨੀ ਕਹਾਣੀ)

ਕਰਤਾਰਾ ਆਪਣੇ ਜਾਣ ਪਛਾਣ ਵਾਲੇ ਡਾਕਟਰ ਕੇਹਰ ਸਿੰਘ ਕੋਲ ਗਿਆ। ਕਰਤਾਰੇ ਨੂੰ ਆਉਂਦਿਆਂ ਵੇਖ ਡਾਕਟਰ ਕੇਹਰ ਸਿੰਘ ਬਾਗੋ ਬਾਗ ਹੋ ਗਿਆ। ਦੋਹਾਂ ਨੇ ਦੁੱਖ ਸੁੱਖ ਦੀਆਂ ਗੱਲਾਂ ਕਰਦਿਆਂ ਇੱਕ ਦੂਜੇ ਦੀ ਸਿਹਤ ਦਾ ਹਾਲ ਚਾਲ ਪੁੱਛਿਆ ਅਤੇ ਕਰਤਾਰ ਨੇ ਸਿਹਤ ਦੀ ਤੰਦਰੁਸਤੀ ਦੱਸਦਿਆਂ ਕਿਹਾ ਸਭ ਬੱਲੇ ਬੱਲੇ ਹੈ।ਤੁਸੀਂ ਦੱਸੋ ਡਾਕਟਰ ਸਾਹਿਬ ਤੁਹਾਡੀ ਸਿਹਤ ਕਿਵੇਂ ਹੈ, ਤਾਂ ਡਾਕਟਰ ਕੇਹਰ ਸਿੰਘ ਨੇ ਆਪਾਂ ਵੀ ਠੀਕ ਠਾਕ ਹਾਂ, ਆਏ ਹੋਏ ਲੋਕਾਂ ਦਾ ਦੁੱਖ ਸੁਣ ਕੇ ਆਪਣਾ ਦੁੱਖ ਭੁੱਲ ਜਾਈਦਾ,ਡਾਕਟਰ ਨੇ ਜਾਣ ਲੱਗੇ ਕਰਤਾਰ ਸਿੰਘ ਨੂੰ ਕਿਹਾ ਆ ਲੈ ਫੜ ਖਾਲੀ ਪੇਟ ਖਾਣ ਵਾਲੇ ਕੈਪਸੂਲ ਲੈ ਜਾ, ਕਦੇ ਲੋੜ ਪੈ ਜਾਂਦੀਏ, ਜੇਕਰ ਕਾਲਜੇ ਚ ਜਲਣ ਹੋਵੇ ਤਾਂ ਵੀ ਲੈ ਸਕਦਾ,ਕੰਮ ਆਉਣਗੇ। ਬਹੁਤ ਵਧੀਆ ਕੈਪਸੂਲ ਨੇ। ਤਾਂ ਕਰਤਾਰੇ ਨੇ ਜਵਾਬ ਵਿੱਚ ਕਿਹਾ ਡਾਕਟਰ ਸਾਹਿਬ ਕਾਲਜੇ ਦੀ ਜਲਨ ਤਾਂ ਠੀਕ ਰਹਿੰਦੀ ਹੈ। ਪਰ ਇਹ ਜੋ ਲੋਕ ਮੇਰੇ ਤੋਂ ਜਲਣ ਮਹਿਸੂਸ ਕਰਦੇ ਹਨ ,ਉਸ ਦੀ ਦਵਾਈ ਵੇਖ ਲਓ, ਤਾਂ ਜੋ ਲੋਕਾਂ ਦੀ ਵੇਖਣ ਵਾਲੀ ਜਲਣ ਠੀਕ ਹੋ ਸਕੇ। ਡਾਕਟਰ ਕੇਹਰ ਸਿੰਘ ਨੇ ਹਾਸਾ ਰੋਕਦਿਆਂ ਕਿਹਾ, ਲੋਕਾਂ ਦੇ ਜਲਣ ਵਾਲੀ ਦਵਾਈ ਤਾਂ ਕਿਸੇ ਕੋਲ ਵੀ ਨਹੀਂ ਹੈ। ਇਹ ਤਾਂ ਰੱਬ ਹੀ ਹਟਾ ਸਕਦਾ ਹੈ, ਹੋਰ ਕੋਈ ਨਹੀਂ । ਡਾਕਟਰ ਕੇਹਰ ਸਿੰਘ ਨੇ ਕਿਹਾ ਕਰਤਾਰਿਆ ਪ੍ਰਵਾਹ ਨਾ ਕਰਿਆ ਕਰ, ਲੋਕ ਤਾਂ ਜਲਦੇ ਹੀ ਰਹਿੰਦੇ ਹਨ।ਬਸ ਤੂੰ ਮਸਤ ਰਿਹਾ ਕਰ।

**ਗੁਰਪ੍ਰੀਤ ਸਿੰਘ ਜਖਵਾਲੀ (ਫਤਹਿਗੜ੍ਹ ਸਾਹਿਬ)**
**ਮੋਬਾਇਲ:-98550 36444**

# ਨਸ਼ਾ ਵਿਰੋਧੀ ਦਿਵਸ

ਸ਼ਹਿਰ ਦੀ ਇਕ ਸਮਾਜ ਸੇਵੀ ਸੰਸਥਾ ਵਲੋਂ 26 ਜੂਨ ਨੂੰ ਨਸ਼ਾ ਵਿਰੋਧੀ ਦਿਵਸ ਦੇ ਮੌਕੇ 'ਤੇ ਇਕ ਪ੍ਰੋਗਰਾਮ ਰੱਖਿਆ ਗਿਆ ।ਸ਼ਹਿਰ ਦੇ ਕੌਂਸਲਰ ਤੇ ਹੋਰ ਪਤਵੰਤੇ ਇਸ ਮੌਕੇ ਆਮੰਤ੍ਰਿਤ ਕੀਤੇ ਗਏ। ਸਾਰੇ ਸਰੋਤੇ ਮਿੱਥੇ ਸਮੇਂ ਆਪਣੀਆਂ -ਆਪਣੀਆਂ ਸੀਟਾਂ 'ਤੇ ਬੈਠ ਗਏ ।ਨਿੱਕੀਆਂ- ਨਿੱਕੀਆਂ ਗੱਲਾਂ 'ਤੇ ਵਿਚਾਰ ਵਟਾਂਦਰੇ ਸ਼ੁਰੂ ਸਨ ਅੱਜ ਦੇ ਹਾਲਾਤ ਬਾਰੇ। ਸਟੇਜ ਸਕੱਤਰ ਨੇ ਸਭ ਨੂੰ ਸ਼ੁੱਭ ਸਵੇਰੋ ਕਹਿੰਦੇ ਹੋਏ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ।' ਦੋਸਤੋ ਅੱਜ ਅਸੀਂ ਇਕ ਗੰਭੀਰ ਵਿਸ਼ੇ 'ਤੇ ਵਿਚਾਰ ਕਰਨ ਲਈ ਇਕੱਠੇ ਹੋਏ ਹਾਂ। ਸਾਡੇ ਦਰਮਿਆਨ ਮਹਾਨ ਸਮਾਜ ਸੇਵੀ ਅਤੇ ਬੁੱਧੀਜੀਵੀ ਸ਼੍ਰੀ ਭੂਸ਼ਣ ਜੀ ਸਾਡੇ ਸਰੋਤਿਆਂ ਨੂੰ ਸੰਬੋਧਨ ਕਰਨ ਲਈ ਪਧਾਰੇ ਹਨ ,ਮੈਂ ਇਨ੍ਹਾਂ ਦਾ ਸਾਡੀ ਸੰਸਥਾ ਵੱਲੋਂ ਸਵਾਗਤ ਕਰਦਾ ਹਾਂ ਕਿ ਮੰਚ 'ਤੇ ਆਉਣ ਅਤੇ ਆਪ ਸਭ ਨਾਲ ਅੱਜ ਦੇ ਵਿਸ਼ੇ 'ਤੇ ਆਪਣੇ ਵਿਚਾਰ ਸਾਂਝੇ ਕਰਨ,ਸ਼੍ਰੀ ਭੂਸ਼ਣ ਜੀ' ।ਲੰਬੇ ,ਪਿੱਛੇ ਸਿੱਟੇ ਵਾਲਾਂ ਨਾਲ ਚਿੱਟੇ ਕੁੜਤੇ ਪਾਜਾਮੇ ਵਿਚ ਸਜੇ ਭੂਸ਼ਣ ਜੀ ਮੰਚ 'ਤੇ ਪਹੁੰਚੇ ਸਭ ਨੇ ਤਾੜੀਆਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਭਰਵੀਂ ਆਵਾਜ ਵਿਚ ਉਨ੍ਹਾਂ ਨੇ ਸਭ ਨੂੰ ਸ਼ੁੱਭ ਸਵੇਰ ਕਹਿਕੇ ਆਪਣੇ ਵਿਸ਼ੇ ਨੂੰ ਛੋਹਿਆ।' ਦੋਸਤੋ ਅੱਜ ਅਸੀਂ ਜਿਸ ਵਿਸ਼ੇ 'ਤੇ ਗੱਲ ਕਰਨ ਲਈ ਇਕੱਠੇ ਹੋਏ ਹਾਂ ਉਹ ਅੱਤ ਗੰਭੀਰ ਅਤੇ ਚਿੰਤਾ ਦਾ ਵਿਸ਼ਾ ਹੈ' ।ਨਸ਼ਾ ਸਾਡੀ ਜਵਾਨੀ ਨੂੰ ਡੂੰਘੇ ਹਨੇਰੇ ਗਰਤਾਂ ਵੱਲ ਧਕੇਲ ਰਿਹਾ ਹੈ ,ਸਾਡੇ ਪੰਜਾਬ ਦਾ ਨਾਮ ਇਸ ਅਲਾਮਤ ਕਰਕੇ ਹੁਣ ਛੇ ਦਰਿਆਵਾਂ ਵਾਲਾ ਪੰਜਾਬ ਕਰਕੇ ਜਾਣਿਆ ਜਾਂਦਾ ਹੈ ਅਤੇ ਬਦਨਾਮ ਹੋ ਰਿਹਾ ਹੈ। ਭਾਂਤ ਭਾਂਤ ਦੇ ਨਸ਼ੇ ਸ਼ਰਾਬ ਅਫੀਮ ਸਮੈਕ ਸਿਗਰਟ ਤੰਬਾਕੂ ਆਦਿ ਕਿਸ ਕਿਸ ਨਸ਼ੇ ਦਾ ਨਾਂ ਮੈ ਲਵਾਂ ਜੋ ਸਾਡੇ ਨੌਜੁਆਨ ਨਹੀਂ ਕਰਦੇ। ਇਨ੍ਹਾਂ ਨੂੰ ਕੌਣ ਸਮਝਾਵੇ ਕਿ ਜੁਆਨੀ ਤਾਂ ਆਪਣੇ ਆਪ ਵਿਚ ਇਕ ਨਸ਼ਾ ਹੁੰਦੀ ਹੈ ਇਸ ਨੂੰ ਨਸ਼ਿਆਂ 'ਚ ਡੋਬ ਕੇ ਆਪਣਾ ਭਵਿਖ ਅਤੇ ਵਰਤਮਾਨ ਖ਼ਰਾਬ ਨਾ ਕਰੋ' ।ਇਸੇ ਤਰ੍ਹਾਂ ਦੇ ਉਪਦੇਸ਼ ਕਰਦਿਆਂ ਭੂਸ਼ਣ ਜੀ ਨੇ ਕਾਫੀ ਲੰਬਾ ਭਾਸ਼ਣ ਆਖ਼ਰੀ ਗੱਲ ਕਹਿਕੇ ਸਮਾਪਤ ਕੀਤਾ,' ਸਾਨੂੰ ਇਨ੍ਹਾਂ ਨੌਜੁਆਨਾਂ ਲਈ ਮਿਸਾਲ ਬਣਨਾ ਚਾਹੀਦਾ ਹੈ ਤਾਂ ਕਿ ਉਹ ਸਾਥੋਂ ਸੇਧ ਲੈ ਸਕਣ, ਧੰਨਵਾਦੋ'। ਸਮਾਗਮ ਖਤਮ ਹੋਣ ਤੋਂ ਬਾਦ ਚਾਹ ਦਾ ਕੱਪ ਪੀਣ ਲਈ ਸਾਰੇ ਇਕ ਕਮਰੇ ਵਿਚ ਪਹੁੰਚੇ ।ਚਾਹ ਪੀਣ ਤੋਂ ਬਾਦ ਭੂਸ਼ਣ ਜੀ ਇਕ ਕੁਰਸੀ ਵਿਚ ਸਜ ਗਏ ਅਤੇ ਸਿਗਰਟ ਸੁਲਘਾ ਲਈ।

**ਬੀ ਡੀ ਸ਼ਰਮਾ**
**ਡਿਪਟੀ ਡਾਇਰੈਕਟਰ (ਕੈਰੀਅਰ ਗਾਈਡੈਂਸ ਐਂਡ ਕਾਉਂਸਲਿੰਗ)**
**ਬਾਬਾ ਫਰੀਦ ਗਰੁੱਪ ਆਫ ਇਸੰਟੀਚਿਊਸ਼ਨਜ਼ ,ਮੁਕਤਸਰ ਰੋਡ ,ਬਠਿੰਡਾ**
**ਮੋਬਾਇਲ - 9501115015**

# ਧੀਆਂ: ਵਿਰਾਸਤ ਨਹੀਂ, ਸਗੋਂ ਭਾਵਨਾਵਾਂ ਦੀ ਸੱਚਾਈ

ਜਿਹੜੇ ਕਹਿੰਦੇ ਸਨ ਕਿ ਪੁੱਤਰ ਵਿਰਾਸਤ ਲਈ ਜ਼ਰੂਰੀ ਹੈ, ਉਹ ਆਪਣੀਆਂ ਧੀਆਂ ਨੂੰ ਜੱਫੀ ਪਾਉਂਦੇ ਹੋਏ ਉਨ੍ਹਾਂ ਦੀ ਹਾਲਤ 'ਤੇ ਰੋ ਪਏ ਹਨ...÷ ਇਹ ਦੋਹਾ ਉਸ ਵਿਵਸਥਾ ਦਾ ਦਰਦ, ਕਰਾਹਾ ਹੈ, ਜਿਸਨੇ ਧੀਆਂ ਨੂੰ ਹਮੇਸ਼ਾ 'ਕਿਸੇ ਹੋਰ ਦੀ ਜਾਇਦਾਦ' ਸਮਝ ਕੇ ਹਾਸ਼ੀਏ 'ਤੇ ਰੱਖਿਆ। ਅੱਜ ਜਦੋਂ ਸਮਾਜ ਦੇ ਮੋਢੇ ਝੁਕਦੇ ਹਨ, ਅੱਖਾਂ ਨਮ ਹੋ ਜਾਂਦੀਆਂ ਹਨ, ਤਾਂ ਇਹੀ ਧੀਆਂ ਉਸ ਦਰਦ ਦੇ ਵਿਰੁੱਧ ਢਾਲ ਬਣ ਜਾਂਦੀਆਂ ਹਨ। ਜਿਨ੍ਹਾਂ ਨੂੰ ਕਦੇ 'ਧੀ ਪਰਦੇਸੀ ਹੁੰਦੀ ਹੈ' ਕਹਿ ਕੇ ਦੂਰ ਕੀਤਾ ਜਾਂਦਾ ਸੀ, ਉਹੀ ਧੀ ਆਪਣੇ ਪਿਤਾ ਦੇ ਆਖਰੀ ਦਿਨਾਂ ਵਿੱਚ ਉਸਦਾ ਹੱਥ ਫੜ ਕੇ ਖੜ੍ਹੀ ਹੈ।

ਸਦੀਆਂ ਤੋਂ, ਭਾਰਤੀ ਸਮਾਜ ਵਿੱਚ ਇਹ ਵਿਸ਼ਵਾਸ ਰਿਹਾ ਹੈ ਕਿ ਸਿਰਫ਼ ਪੁੱਤਰ ਹੀ ਵੰਸ਼ ਨੂੰ ਅੱਗੇ ਵਧਾਏਗਾ, ਸਿਰਫ਼ ਪੁੱਤਰ ਹੀ ਅਰਥੀ ਚੁੱਕੇਗਾ, ਸਿਰਫ਼ ਪੁੱਤਰ ਹੀ ਜਾਇਦਾਦ ਦਾ ਵਾਰਸ ਹੋਵੇਗਾ। ਇਹ ਸੋਚ ਨਾ ਸਿਰਫ਼ ਧੀਆਂ ਨੂੰ ਦੂਜੇ ਦਰਜੇ ਦੇ ਦਰਜੇ ਵਿੱਚ ਧੱਕਦੀ ਹੈ, ਸਗੋਂ ਮਨੁੱਖੀ ਸੰਵੇਦਨਾਵਾਂ ਨੂੰ ਵੀ ਠੇਸ ਪਹੁੰਚਾਉਂਦੀ ਹੈ। ਪਰ ਸਮੇਂ ਨੇ ਵਾਰ-ਵਾਰ ਸਾਬਤ ਕੀਤਾ ਹੈ ਕਿ ਵੰਸ਼ ਸਿਰਫ਼ ਇੱਕ ਨਾਮ ਨਹੀਂ ਹੈ, ਵੰਸ਼ ਇੱਕ ਭਾਵਨਾ ਹੈ ਜਿਸਨੂੰ ਕੋਈ ਵੀ ਅੱਗੇ ਵਧਾ ਸਕਦਾ ਹੈ। ਬਹੁਤ ਸਾਰੀਆਂ ਧੀਆਂ ਹਨ ਜੋ ਆਪਣੇ ਬੁੱਢੇ ਮਾਪਿਆਂ ਦੀ ਸੇਵਾ ਕਰਦੀਆਂ ਹਨ, ਉਨ੍ਹਾਂ ਦਾ ਸਮਰਥਨ ਕਰਦੀਆਂ ਹਨ ਅਤੇ ਉਨ੍ਹਾਂ ਦੀ ਆਖਰੀ ਇੱਛਾ ਪੂਰੀ ਕਰਦੀਆਂ ਹਨ।

ਅੱਜ, ਜਦੋਂ ਸਾਂਝੇ ਪਰਿਵਾਰ ਟੁੱਟ ਰਹੇ ਹਨ, ਜਦੋਂ ਪੁੱਤਰ ਵੱਡੇ ਸ਼ਹਿਰਾਂ ਵਿੱਚ ਆਪਣੇ ਕਰੀਅਰ ਵਿੱਚ ਰੁੱਝੇ ਹੋਏ ਹਨ, ਧੀਆਂ ਆਪਣੇ ਮਾਪਿਆਂ ਨਾਲ ਰਹਿ ਰਹੀਆਂ ਹਨ ਅਤੇ ਉਨ੍ਹਾਂ ਨੂੰ ਮਾਨਸਿਕ, ਭਾਵਨਾਤਮਕ ਅਤੇ ਕਈ ਵਾਰ ਵਿੱਤੀ ਸਹਾਇਤਾ ਵੀ ਪ੍ਰਦਾਨ ਕਰ ਰਹੀਆਂ ਹਨ।

**ਹੰਝੂਆਂ ਦਾ ਵੀ ਇਹੀ ਪ੍ਰਭਾਵ ਕਿਉਂ ਹੁੰਦਾ ਹੈ ?**

ਜਦੋਂ ਘਰ ਵਿੱਚ ਦੁੱਖ ਆਉਂਦਾ ਹੈ, ਤਾਂ ਹੰਝੂ ਕਿਸੇ ਰਿਸ਼ਤੇ, ਲਿੰਗ ਜਾਂ ਵਰਗ ਨੂੰ ਨਹੀਂ ਦੇਖਦੇ। ਮਾਂ ਦਾ ਪਿਆਰ ਅਤੇ ਧੀ ਦਾ ਪਿਆਰ - ਦੋਵਾਂ ਵਿੱਚ ਦਰਦ ਦੀ ਭਾਸ਼ਾ ਇੱਕੋ ਜਿਹੀ ਹੈ। ਮੌਤ ਇੱਕ ਅਜਿਹਾ ਸੱਚ ਹੈ ਜੋ ਸਾਰਿਆਂ ਨੂੰ ਇੱਕ ਛੱਤਰੀ ਹੇਠ ਇਕੱਠਾ ਕਰਦਾ ਹੈ। ਉਸ ਪਲ ਨਾ ਤਾਂ ਪੁੱਤਰ ਵੱਡਾ ਹੁੰਦਾ ਹੈ ਅਤੇ ਨਾ ਹੀ ਧੀ ਛੋਟੀ ਹੁੰਦੀ ਹੈ। ਉਸ ਪਲ ਸਿਰਫ਼ ਇੱਕ ਮਨੁੱਖ ਹੁੰਦਾ ਹੈ - ਸਮਰਪਿਤ, ਭਾਵੁਕ, ਟੁੱਟਿਆ ਹੋਇਆ।

ਸਾਡੇ ਸਮਾਜ ਵਿੱਚ, ਮੌਤ ਤੋਂ ਬਾਅਦ ਦੀਆਂ ਰਸਮਾਂ ਪੁੱਤਰ ਦੀ ਜ਼ਿੰਮੇਵਾਰੀ ਹੁੰਦੀਆਂ ਹਨ। ਪਰ ਕੀ ਭਾਵਨਾਤਮਕ ਜ਼ਿੰਮੇਵਾਰੀ ਸਿਰਫ਼ ਇੱਕ ਲਿੰਗ 'ਤੇ ਪਾਉਣਾ ਉਚਿਤ ਹੈ ? ਜਦੋਂ ਧੀ ਵੀ ਉਹੀ ਦਰਦ ਸਹਿੰਦੀ ਹੈ, ਉਹੀ ਹੰਝੂ ਵਹਾਉਂਦੀ ਹੈ, ਤਾਂ ਫਿਰ ਉਹ ਹੱਕਾਂ ਦੀ ਘੱਟ ਹੱਕਦਾਰ ਕਿਉਂ ਹੈ ?

**ਬਦਲਦੇ ਸਮਾਜਿਕ ਸਮੀਕਰਨ**

ਅੱਜ ਦਾ ਭਾਰਤ ਇੱਕ ਤਬਦੀਲੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਜਿੱਥੇ ਧੀਆਂ ਨੂੰ ਪੜ੍ਹਾਇਆ ਜਾ ਰਿਹਾ ਹੈ ਅਤੇ ਆਤਮਨਿਰਭਰ ਬਣਾਇਆ ਜਾ ਰਿਹਾ ਹੈ, ਪਰ ਮਾਨਸਿਕਤਾ ਵਿੱਚ ਤਬਦੀਲੀ ਅਜੇ ਵੀ ਅਧੂਰੀ ਹੈ। 'ਧੀਆਂ ਬਚਾਓ, ਧੀਆਂ ਪੜ੍ਹਾਓ' ਦਾ ਨਾਅਰਾ ਹੈ, ਪਰ ਕੀ ਅਸੀਂ ਜ਼ਿੰਦਗੀ ਦੇ ਹਰ ਹੱਕ ਵਿੱਚ ਧੀਆਂ ਨੂੰ ਬਰਾਬਰ ਦਾ ਦਰਜਾ ਦੇ ਸਕਦੇ ਹਾਂ ? ਕੀ ਉਨ੍ਹਾਂ ਨੂੰ ਜਾਇਦਾਦ, ਪਰੰਪਰਾ ਅਤੇ ਫੈਸਲਿਆਂ ਵਿੱਚ ਬਰਾਬਰ ਦਾ ਦਰਜਾ ਮਿਲ ਰਿਹਾ ਹੈ ?

ਸਿਰਫ਼ ਸਿੱਖਿਆ ਹੀ ਨਹੀਂ, ਧੀਆਂ ਨੂੰ ਜਾਇਦਾਦ ਦੇ ਅਧਿਕਾਰ, ਪਰਿਵਾਰਕ ਫੈਸਲਿਆਂ ਵਿੱਚ ਭਾਗੀਦਾਰੀ ਅਤੇ ਸਮਾਜਿਕ ਸਨਮਾਨ ਦੀ ਵੀ ਲੋੜ ਹੁੰਦੀ ਹੈ। ਇਹ ਬਦਲਾਅ ਸਿਰਫ਼ ਕਾਨੂੰਨਾਂ ਨਾਲ ਨਹੀਂ, ਸਗੋਂ ਵਿਚਾਰਾਂ ਨਾਲ ਆਵੇਗਾ।

**ਅਨੁਭਵਾਂ ਦੀਆਂ ਕਹਾਣੀਆਂ: ਧੀਆਂ ਜਿਨ੍ਹਾਂ ਨੇ ਸਮਾਜ ਬਦਲਿਆ**

ਰਾਜਸਥਾਨ ਦੇ ਛੋਟੇ ਪਿੰਡਾਂ ਤੋਂ ਲੈ ਕੇ ਵੱਡੇ ਸ਼ਹਿਰਾਂ ਤੱਕ, ਹਜ਼ਾਰਾਂ ਧੀਆਂ ਆਪਣੇ ਮਾਪਿਆਂ ਲਈ ਉਹ ਸਹਾਰਾ ਬਣ ਗਈਆਂ ਹਨ ਜਿਸਦੀ ਸਮਾਜ ਪੁੱਤਰਾਂ ਤੋਂ ਉਮੀਦ ਕਰਦਾ ਸੀ। ਇੱਕ ਉਦਾਹਰਣ ਮਹਾਰਾਸ਼ਟਰ ਦੀ ਪ੍ਰਿਯੰਕਾ ਦੀ ਹੈ, ਜਿਸਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਅੰਤਿਮ ਸੰਸਕਾਰ ਕੀਤੇ; ਪਿੰਡ ਨੇ ਵਿਰੋਧ ਕੀਤਾ, ਪਰ ਉਹ ਆਪਣੀ ਗੱਲ 'ਤੇ ਅੜੀ ਰਹੀ। ਅੱਜ ਪਿੰਡ ਦੀਆਂ ਹੋਰ ਕੁੜੀਆਂ ਉਸਨੂੰ ਆਪਣਾ ਰੋਲ ਮਾਡਲ ਮੰਨਦੀਆਂ ਹਨ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਪ੍ਰਿਯੰਕਾ ਸੌਰਭ
ਸੰਪਰਕ- 7015375570

ਇੱਕ ਹੋਰ ਕਹਾਣੀ ਉੱਤਰ ਪ੍ਰਦੇਸ਼ ਦੀ ਸੀਮਾ ਦੀ ਹੈ, ਜਿਸਨੇ ਆਪਣੇ ਪਿਤਾ ਦੇ ਬਿਮਾਰ ਹੋਣ 'ਤੇ ਨੌਕਰੀ ਛੱਡ ਦਿੱਤੀ ਅਤੇ ਤਿੰਨ ਸਾਲ ਦਿਨ ਰਾਤ ਸੇਵਾ ਕੀਤੀ। ਅੰਤ ਵਿੱਚ, ਜਦੋਂ ਉਸਦੇ ਪਿਤਾ ਦਾ ਦੇਹਾਂਤ ਹੋ ਗਿਆ, ਸੀਮਾ ਨੇ ਸਾਰੀਆਂ ਰਸਮਾਂ ਇਕੱਲੇ ਹੀ ਨਿਭਾਈਆਂ।

ਕੀ ਇਹ ਪਿਆਰ, ਇਹ ਸ਼ਰਧਾ ਵਿਰਾਸਤ ਦਾ ਹਿੱਸਾ ਨਹੀਂ ਹੈ ?

**ਕਾਨੂੰਨ ਕੀ ਕਹਿੰਦਾ ਹੈ ?**

ਭਾਰਤੀ ਉੱਤਰਾਧਿਕਾਰ ਐਕਟ, 2005 ਵਿੱਚ ਸੋਧ ਤੋਂ ਬਾਅਦ, ਧੀਆਂ ਨੂੰ ਜਾਇਦਾਦ ਵਿੱਚ ਬਰਾਬਰ ਅਧਿਕਾਰ ਮਿਲਿਆ ਹੈ। ਪਰ ਸਮਾਜਿਕ ਪੱਧਰ 'ਤੇ ਇਸ ਅਧਿਕਾਰ ਨੂੰ ਕਿੰਨੀ ਵਾਰ ਸਵੀਕਾਰ ਕੀਤਾ ਗਿਆ ਹੈ ? ਭਾਵੇਂ ਅਦਾਲਤਾਂ ਧੀਆਂ ਨੂੰ ਸਮਾਨਤਾ ਦਿੰਦੀਆਂ ਹਨ, ਪਰ ਸਮਾਜ ਅਜੇ ਵੀ ਇਸ ਤਬਦੀਲੀ ਨੂੰ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਅਪਣਾ ਨਹੀਂ ਸਕਿਆ ਹੈ। ਕਈ ਵਾਰ ਧੀਆਂ ਨੂੰ ਆਪਣੀ ਮਰਜ਼ੀ ਨਾਲ ਆਪਣੇ ਹੱਕ 'ਛੱਡਣ' ਲਈ ਮਜਬੂਰ ਕੀਤਾ ਜਾਂਦਾ ਹੈ ਤਾਂ ਜੋ ਪੁੱਤਰ ਆਪਣਾ ਹਿੱਸਾ ਬਰਕਰਾਰ ਰੱਖ ਸਕਣ। ਇਹ 'ਬਲੀਦਾਨ' ਨਹੀਂ ਹੈ ਸਗੋਂ ਇੱਕ ਯੋਜਨਾਬੱਧ ਸਮਾਜਿਕ ਦਬਾਅ ਹੈ।

**ਧੀਆਂ ਨੂੰ ਕਮਜ਼ੋਰ ਕਿਉਂ ਮੰਨਿਆ ਜਾਂਦਾ ਹੈ ?**

ਸੰਵੇਦਨਸ਼ੀਲ ਹੋਣਾ ਕੋਈ ਕਮਜ਼ੋਰੀ ਨਹੀਂ ਹੈ। ਅਸੀਂ ਸਹਿਣਸ਼ੀਲਤਾ ਨੂੰ ਕਮਜ਼ੋਰੀ ਸਮਝਿਆ ਹੈ। ਧੀਆਂ ਘਰ ਦੀ ਸ਼ਾਂਤੀ, ਪਿਆਰ ਦਾ ਪ੍ਰਵਾਹ ਅਤੇ ਦੁੱਖ ਦੀ ਪਹਿਲੀ ਸਾਥੀ ਹੁੰਦੀਆਂ ਹਨ। ਜੇਕਰ ਪੁੱਤਰਾਂ ਵਿੱਚ ਇਹ ਗੁਣ ਹਨ, ਤਾਂ ਉਨ੍ਹਾਂ ਨੂੰ 'ਬੁੱਧੀਮਾਨ' ਕਿਹਾ ਜਾਂਦਾ ਹੈ, ਤਾਂ ਧੀਆਂ ਨੂੰ 'ਕਮਜ਼ੋਰ' ਕਿਉਂ ਕਿਹਾ ਜਾਂਦਾ ਹੈ ?

ਧੀਆਂ ਅਕਸਰ ਪਰਿਵਾਰ ਦੀ ਭਾਵਨਾਤਮਕ ਰੀੜ੍ਹ ਦੀ ਹੱਡੀ ਹੁੰਦੀਆਂ ਹਨ। ਉਹ ਚੁੱਪਚਾਪ ਸੰਘਰਸ਼ਾਂ ਨੂੰ ਸਹਿ ਲੈਂਦੀ ਹੈ ਅਤੇ ਫਿਰ ਵੀ ਮੁਸਕਰਾਉਂਦੀ ਹੈ। ਕੀ ਇਹ ਸ਼ਕਤੀ ਨਹੀਂ ਹੈ ?

**ਪੀੜ੍ਹੀਆਂ ਦੀ ਮਾਨਸਿਕਤਾ ਬਦਲਣ ਦੀ ਲੋੜ ਹੈ।**

ਇਹ ਸੋਚ ਕਿ ਪੁੱਤਰ ਜ਼ਰੂਰੀ ਹੈ, ਇੱਕ ਸਮਾਜਿਕ ਭਰਮ ਹੈ। ਵੰਸ਼ ਸਿਰਫ਼ ਉੱਥੇ ਹੀ ਜਾਰੀ ਰਹਿੰਦਾ ਹੈ ਜਿੱਥੇ ਕਦਰਾਂ-ਕੀਮਤਾਂ ਹੁੰਦੀਆਂ ਹਨ, ਅਤੇ ਕਦਰਾਂ-ਕੀਮਤਾਂ ਪੁੱਤਰ ਜਾਂ ਧੀ ਵਿੱਚ ਨਹੀਂ ਸਗੋਂ ਪਾਲਣ-ਪੋਸ਼ਣ ਅਤੇ ਰਿਸ਼ਤਿਆਂ ਵਿੱਚ ਹੁੰਦੀਆਂ ਹਨ। ਕੀ ਉਹ ਧੀ ਜੋ ਆਪਣੇ ਪਿਤਾ ਦੀ ਚਿਤਾ ਨੂੰ ਅਗਨੀ ਦਿੰਦੀ ਹੈ, ਉਹ ਉਸ ਧੀ ਨਾਲੋਂ ਘੱਟ ਹੈ ਜੋ ਆਪਣੇ ਪਿਤਾ ਦੀ ਫੋਟੋ 'ਤੇ ਹਾਰ ਚੜ੍ਹਾਉਂਦੀ ਹੈ ?



ਨਵੀਂ ਪੀੜ੍ਹੀ ਨੂੰ ਇਹ ਸਮਝਣਾ ਪਵੇਗਾ ਕਿ ਪਰਿਵਾਰਕ ਜ਼ਿੰਮੇਵਾਰੀਆਂ ਸਿਰਫ਼ ਪੁੱਤਰਾਂ ਦੀਆਂ ਨਹੀਂ ਹਨ। ਧੀਆਂ ਆਪਣੇ ਬੁਢਾਪੇ ਵਿੱਚ ਆਪਣੇ ਮਾਪਿਆਂ ਦਾ ਸਹਾਰਾ ਵੀ ਬਣ ਸਕਦੀਆਂ ਹਨ, ਜੇਕਰ ਸਮਾਜ ਉਨ੍ਹਾਂ ਨੂੰ ਇਹ ਮੌਕਾ ਅਤੇ ਹੱਕ ਦੇਵੇ।

**ਵਿਰਾਸਤ ਸਿਰਫ਼ ਜ਼ਮੀਨ ਜਾਂ ਨਾਮ ਨਹੀਂ ਹੁੰਦੀ।**

ਵਿਰਾਸਤ ਉਹ ਵੀ ਹੈ ਜੋ ਹੰਝੂਆਂ ਵਿੱਚ ਝਲਕਦੀ ਹੈ, ਜੋ ਭਾਵਨਾਵਾਂ ਵਿੱਚ ਵਹਿੰਦੀ ਹੈ, ਜੋ ਰਸਮਾਂ ਵਿੱਚ ਰਹਿੰਦੀ ਹੈ। ਧੀਆਂ ਉਹ ਵਿਰਾਸਤ ਹਨ ਜੋ ਸਿਰਫ਼ ਖੂਨ ਦੇ ਰਿਸ਼ਤੇ ਨੂੰ ਹੀ ਨਹੀਂ, ਸਗੋਂ ਪਿਆਰ ਅਤੇ ਸੇਵਾ ਦੇ ਬੰਧਨ ਨੂੰ ਅੱਗੇ ਵਧਾਉਂਦੀਆਂ ਹਨ। ਅੱਜਕੱਲ੍ਹ ਪਰਿਵਾਰਾਂ ਵਿੱਚ ਇਹ ਦੇਖਿਆ ਗਿਆ ਹੈ ਕਿ ਧੀਆਂ ਆਪਣੇ ਮਾਪਿਆਂ ਦੇ ਖਰਚਿਆਂ ਦਾ ਭਾਰ ਵੀ ਚੁੱਕਦੀਆਂ ਹਨ, ਉਹ ਦਵਾਈ ਤੋਂ ਲੈ ਕੇ ਬਿਮਾਰੀ ਦੌਰਾਨ ਉਨ੍ਹਾਂ ਦੀ ਦੇਖਭਾਲ ਤੱਕ ਸਭ ਕੁਝ ਕਰਦੀਆਂ ਹਨ।

ਜਦੋਂ ਇੱਕ ਧੀ ਆਪਣੇ ਪਿਤਾ ਨੂੰ ਬਿਸਤਰੇ 'ਤੇ ਦੇਖਦੀ ਹੈ, ਤਾਂ ਉਹ ਸਿਰਫ਼ ਇੱਕ ਮਰੀਜ਼ ਨੂੰ ਨਹੀਂ ਦੇਖਦੀ, ਸਗੋਂ ਉਹ ਆਪਣੀ ਜ਼ਿੰਦਗੀ ਦੇ ਥੰਮ ?ਹ ਨੂੰ ਡਿੱਗਦੇ ਹੋਏ ਵੀ ਦੇਖਦੀ ਹੈ। ਉਸਦਾ ਦਰਦ, ਉਸਦੀ ਸੇਵਾ ਕਿਸੇ ਵੀ ਪੁੱਤਰ ਤੋਂ ਘੱਟ ਨਹੀਂ ਹੈ।

**ਮੀਡੀਆ ਅਤੇ ਪ੍ਰਸਿੱਧ ਸੱਭਿਆਚਾਰ ਵਿੱਚ ਬਦਲਾਅ ਦੀ ਲੋੜ ਹੈ**

ਸਾਡੇ ਟੈਲੀਵਿਜ਼ਨ ਸੀਰੀਅਲਾਂ ਅਤੇ ਫਿਲਮਾਂ ਵਿੱਚ, ਧੀਆਂ ਨੂੰ ਜਾਂ ਤਾਂ ਇੱਕ ਬੋਝ ਵਜੋਂ ਜਾਂ ਕੁਰਬਾਨੀ ਦੀ ਦੇਵੀ ਵਜੋਂ ਦਿਖਾਇਆ ਜਾਂਦਾ ਹੈ। ਇਹ ਅਤਿਅੰਤ ਹਨ। ਸਾਨੂੰ ਅਜਿਹੀਆਂ ਕਹਾਣੀਆਂ ਦੀ ਲੋੜ ਹੈ ਜੋ ਧੀਆਂ ਨੂੰ ਅਸਲੀ, ਮਜ਼ਬੂਤ ਅਤੇ ਕੁਦਰਤੀ ਰੂਪ ਵਿੱਚ ਪੇਸ਼ ਕਰਨ। ਜਦੋਂ ਸਮਾਜ ਦਾ ਸੱਭਿਆਚਾਰਕ ਪ੍ਰਤੀਬਿੰਬ ਬਦਲਦਾ ਹੈ, ਤਾਂ ਮਾਨਸਿਕਤਾ ਵੀ ਬਦਲ ਜਾਂਦੀ ਹੈ।

**ਸਾਡੀ ਜ਼ਿੰਮੇਵਾਰੀ**

ਸਮਾਜ ਨੂੰ ਧੀਆਂ ਨੂੰ ਸਿਰਫ਼ ਇੱਕ ਵਿਕਲਪ ਵਜੋਂ ਨਹੀਂ ਸਗੋਂ ਇੱਕ ਸੰਪੂਰਨ, ਸਮਰੱਥ ਉੱਤਰਾਧਿਕਾਰੀ ਵਜੋਂ ਦੇਖਣਾ ਚਾਹੀਦਾ ਹੈ। ਧੀਆਂ ਦੀ ਸਿੱਖਿਆ, ਸੁਰੱਖਿਆ ਅਤੇ ਸਤਿਕਾਰ ਸਿਰਫ਼ ਨਾਅਰੇ ਨਹੀਂ ਹਨ, ਇਹ ਇੱਕ ਡੂੰਘੀ ਸਮਾਜਿਕ ਕ੍ਰਾਂਤੀ ਦੀ ਸ਼ੁਰੂਆਤ ਹਨ। ਸਕੂਲਾਂ ਵਿੱਚ ਬਰਾਬਰ ਸਿੱਖਿਆ ਹੋਣੀ ਚਾਹੀਦੀ ਹੈ, ਧੀਆਂ ਨੂੰ ਪੰਚਾਇਤਾਂ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ, ਅਤੇ ਘਰਾਂ ਵਿੱਚ ਉਨ੍ਹਾਂ ਦੇ ਫੈਸਲਿਆਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ - ਤਾਂ ਹੀ ਇਹ ਤਬਦੀਲੀ ਸਥਾਈ ਹੋਵੇਗੀ। ਧੀਆਂ ਦੀ ਪਰਵਰਿਸ਼ ਕਰਦੇ ਸਮੇਂ, ਇਹ ਨਾ ਸੋਚੋ ਕਿ ÷ਕੱਲ੍ਹ ਉਹ ਅਜਨਬੀ ਬਣ ਜਾਣਗੀਆਂ,÷ ਸਗੋਂ ਇਹ ਸੋਚੋ ਕਿ ÷ਇਹ ਅੱਜ ਮੇਰੀ ਤਾਕਤ ਹੈ।

ਅੱਜ ਦੇ ਸਮੇਂ ਵਿੱਚ, ਜਦੋਂ ਪਰਿਵਾਰ, ਰਿਸ਼ਤਿਆਂ ਅਤੇ ਕਦਰਾਂ-ਕੀਮਤਾਂ ਦੀਆਂ ਪਰਿਭਾਸ਼ਾਵਾਂ ਬਦਲ ਰਹੀਆਂ ਹਨ, ਧੀਆਂ ਦੀ ਭੂਮਿਕਾ ਨੂੰ ਇੱਕ ਵਾਰ ਫਿਰ ਨਵੇਂ ਦ੍ਰਿਸ਼ਟੀਕੋਣ ਤੋਂ ਸਮਝਣਾ ਜ਼ਰੂਰੀ ਹੈ। ਉਹ ਸਿਰਫ਼ ਸਹਾਰਾ ਨਹੀਂ ਹਨ, ਉਹ ਤਾਕਤ ਹਨ। ਉਹ ਸਿਰਫ਼ ਹਮਦਰਦੀ ਦੇ ਹੀ ਨਹੀਂ ਸਗੋਂ ਵਿਰਾਸਤ ਦੇ ਵੀ ਹੱਕਦਾਰ ਹਨ।

ਧੀਆਂ ਸਿਰਫ਼ ਰਿਸ਼ਤਿਆਂ ਦੀ ਗਾਰੰਟੀ ਹੀ ਨਹੀਂ ਹੁੰਦੀਆਂ, ਸਗੋਂ ਸਮਾਜ ਦੀ ਰੀੜ੍ਹ ਦੀ ਹੱਡੀ ਵੀ ਹੁੰਦੀਆਂ ਹਨ। ਉਸਦੀਆਂ ਅੱਖਾਂ ਵਿੱਚ ਉਹੀ ਚਿੰਤਾ, ਉਹੀ ਪਿਆਰ, ਉਹੀ ਬੇਅੰਤ ਪਿਆਰ ਹੈ ਜੋ ਕਿਸੇ ਵੀ ਪੁੱਤਰ ਨੂੰ ਹੁੰਦਾ ਹੈ - ਕਈ ਵਾਰ ਇਸ ਤੋਂ ਵੀ ਵੱਧ। ਉਨ੍ਹਾਂ ਨੂੰ ਹਾਸ਼ੀਏ ਤੋਂ ਕੇਂਦਰ ਵਿੱਚ ਲਿਆਉਣਾ, ਉਨ੍ਹਾਂ ਨਾਲ ਸਿਰਫ਼ 'ਧੀਆਂ' ਵਾਂਗ ਨਹੀਂ ਸਗੋਂ 'ਵਾਰਸਾਂ' ਵਾਂਗ ਪੇਸ਼ ਆਉਣਾ ਹੀ ਸੱਚੀ ਸਮਾਜਿਕ ਤਰੱਕੀ ਹੋਵੇਗੀ।

> ÷ਮੈਂ ਬਹੁਤ ਸਮਝਾਉਣ ਦੀ ਕੋਸ਼ਿਸ਼ ਕਰਦਾ ਹਾਂ, ਪਰ ਕੋਈ ਨਹੀਂ ਸਮਝਦਾ, ਮੇਰਾ ਦਿਲ ਅਨਪੜ੍ਹ ਹੈ... ਇਸਦਾ ਦਿਮਾਗ ਨਹੀਂ ਹੈ...! ਜਦੋਂ ਤੁਸੀਂ ਆਪਣੇ ਦਿਲ ਤੋਂ ਸੋਚੋਗੇ, ਤਾਂ ਹੀ ਤੁਹਾਨੂੰ ਸਮਝ ਆਵੇਗੀ ਕਿ ਧੀਆਂ ਨਾਜ਼ੁਕ ਨਹੀਂ ਹੁੰਦੀਆਂ, ਉਹ ਕਿਸਮਤ ਹੁੰਦੀਆਂ ਹਨ।

# ਔਰਤ ਦੀ ਹੋਂਦ ਹੀ ਮਕਾਨ ਨੂੰ ਘਰ ਬਣਾਉਂਦੀ ਹੈ

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਚਾਨਣਦੀਪ ਸਿੰਘ ਔਲਖ,
ਸੰਪਰਕ 9876888177

ਔਰਤ ਦਾ ਘਰ ਵਿੱਚ ਯੋਗਦਾਨ ਸਿਰਫ਼ ਖਾਣਾ ਪਕਾਉਣ ਜਾਂ ਸਫਾਈ ਕਰਨ ਤੱਕ ਸੀਮਤ ਨਹੀਂ ਹੁੰਦਾ। ਉਹ ਇੱਕ ਧੁਰਾ ਹੁੰਦੀ ਹੈ, ਜਿਸ ਦੁਆਲੇ ਪੂਰਾ ਪਰਿਵਾਰ ਘੁੰਮਦਾ ਹੈ) ਕਿਹਾ ਜਾਂਦਾ ਹੈ ਕਿ ਮਕਾਨ ਇੱਟਾਂ, ਸੀਮਿੰਟ ਤੇ ਪੱਥਰ ਦਾ ਬਣਿਆ ਢਾਂਚਾ ਹੁੰਦਾ ਹੈ, ਪਰ ਉਸ ਢਾਂਚੇ ਵਿੱਚ ਜਾਨ ਭਰ ਕੇ ਉਸਨੂੰ 'ਘਰ' ਬਣਾਉਣ ਵਾਲੀ ਸ਼ਕਤੀ ਸਿਰਫ਼ ਔਰਤ ਕੋਲ ਹੁੰਦੀ ਹੈ। ਇਹ ਸਿਰਫ਼ ਇੱਕ ਕਹਾਵਤ ਨਹੀਂ, ਸਗੋਂ ਸਾਡੇ ਸਮਾਜ ਦੀ ਇੱਕ ਅਟੱਲ ਸੱਚਾਈ ਹੈ। ਔਰਤ ਦਾ ਘਰ ਵਿੱਚ ਹੋਣਾ ਉਸ ਜਗ ?ਹਾ ਨੂੰ ਰੂਹ ਪ੍ਰਦਾਨ ਕਰਦਾ ਹੈ, ਨਿੱਘ ਤੇ ਪਿਆਰ ਨਾਲ ਭਰ ਦਿੰਦਾ ਹੈ।



**ਘਰ ਵਿੱਚ ਔਰਤ ਦਾ ਯੋਗਦਾਨ**

ਔਰਤ ਦਾ ਘਰ ਵਿੱਚ ਯੋਗਦਾਨ ਸਿਰਫ਼ ਖਾਣਾ ਪਕਾਉਣ ਜਾਂ ਸਫਾਈ ਕਰਨ ਤੱਕ ਸੀਮਤ ਨਹੀਂ ਹੁੰਦਾ। ਉਹ ਇੱਕ ਧੁਰਾ ਹੁੰਦੀ ਹੈ, ਜਿਸ ਦੁਆਲੇ ਪੂਰਾ ਪਰਿਵਾਰ ਘੁੰਮਦਾ ਹੈ। ਔਰਤ ਦੀ ਮੌਜੂਦਗੀ ਨਾਲ ਹੀ ਮਕਾਨ ਪਰਿਵਾਰਕ ਰਿਸ਼ਤਿਆਂ ਦਾ ਕੇਂਦਰ ਬਣਦਾ ਹੈ। ਪਿਆਰ ਤੇ ਨਿੱਘ ਦਾ ਸਰੋਤ : ਔਰਤ ਆਪਣੇ ਪਿਆਰ, ਮਮਤਾ ਤੇ ਸਹਿਜ ਸੁਭਾਅ ਨਾਲ ਘਰ ਵਿੱਚ ਨਿੱਘ ਤੇ ਸਕੂਨ ਪੈਦਾ ਕਰਦੀ ਹੈ। ਉਸਦੀ ਮੌਜੂਦਗੀ ਨਾਲ ਹੀ ਪਰਿਵਾਰ ਦੇ ਮੈਂਬਰਾਂ ਵਿੱਚ ਆਪਸੀ ਸਾਂਝ, ਸਦਭਾਵਨਾ ਤੇ ਖੁਸ਼ੀ ਦਾ ਮਾਹੌਲ ਬਣਦਾ ਹੈ। ਪਰਿਵਾਰ ਨੂੰ ਜੋੜ ਕੇ ਰੱਖਣ ਵਾਲੀ ਤਾਕਤ : ਔਰਤ ਇੱਕ ਅਜਿਹੀ ਸ਼ਕਤੀ ਹੈ ਜੋ ਪਰਿਵਾਰ ਦੇ ਵੱਖ-ਵੱਖ ਮੈਂਬਰਾਂ ਨੂੰ ਇੱਕ ਧਾਗੇ ਵਿੱਚ ਪਰੋ ਕੇ ਰੱਖਦੀ ਹੈ। ਉਹ ਰਿਸ਼ਤਿਆਂ ਦੀ ਕਦਰ ਕਰਦੀ ਹੈ, ਛੋਟੀਆਂ-ਮੋਟੀਆਂ ਗਲਤਫਹਿਮੀਆਂ ਨੂੰ ਦੂਰ ਕਰਦੀ ਹੈ ਤੇ ਸਾਰਿਆਂ ਨੂੰ ਇੱਕ ਦੂਜੇ ਨਾਲ ਜੋੜੀ ਰੱਖਦੀ ਹੈ। ਸੰਸਕਾਰਾਂ ਦੀ ਪਾਲਣਹਾਰ : ਬੱਚਿਆਂ ਵਿੱਚ ਚੰਗੇ ਸੰਸਕਾਰ ਪੈਦਾ ਕਰਨ ਵਿੱਚ ਮਾਂ ਜਾਂ ਘਰ ਦੀ ਔਰਤ ਦਾ ਸਭ ਤੋਂ ਵੱਡਾ ਹੱਥ ਹੁੰਦਾ ਹੈ। ਉਹ ਉਨ੍ਹਾਂ ਨੂੰ ਰਹਿਣ-ਸਹਿਣ ਦਾ ਤਰੀਕਾ, ਰਿਸ਼ਤਿਆਂ ਦੀ ਅਹਿਮੀਅਤ, ਤੇ ਸਮਾਜਿਕ ਕਦਰਾਂ-ਕੀਮਤਾਂ ਸਿਖਾਉਂਦੀ ਹੈ। ਘਰ ਦੀ ਵਿਵਸਥਾ: ਭਾਵੇਂ ਘਰ ਛੋਟਾ ਹੋਵੇ ਜਾਂ ਵੱਡਾ, ਉਸਨੂੰ ਵਿਵਸਥਿਤ ਢੰਗ ਨਾਲ ਚਲਾਉਣ ਦੀ ਜ਼ਿੰਮੇਵਾਰੀ ਅਕਸਰ ਔਰਤ ਹੀ ਨਿਭਾਉਂਦੀ ਹੈ। ਉਹ ਘਰ ਦੇ ਕੰਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਂਦੀ ਹੈ, ਬਜਟ ਦਾ ਪ੍ਰਬੰਧ ਕਰਦੀ ਹੈ ਤੇ ਹਰ ਚੀਜ਼ ਨੂੰ ਸਹੀ ਥਾਂ 'ਤੇ ਰੱਖਦੀ ਹੈ। ਮਾਨਸਿਕ ਸਹਾਰਾ : ਘਰ ਵਿੱਚ ਜਦੋਂ ਕੋਈ ਮੁਸ਼ਕਲ ਆਉਂਦੀ ਹੈ ਜਾਂ ਕੋਈ ਪਰਿਵਾਰਕ ਮੈਂਬਰ ਪ੍ਰੇਸ਼ਾਨ ਹੁੰਦਾ ਹੈ, ਤਾਂ ਔਰਤ ਇੱਕ ਮਾਨਸਿਕ ਸਹਾਰੇ ਵਜੋਂ ਖੜ੍ਹਦੀ ਹੈ। ਉਹ ਹਮਦਰਦੀ ਦਿੰਦੀ ਹੈ, ਸਲਾਹ ਦਿੰਦੀ ਹੈ ਤੇ ਹੌਂਸਲਾ ਅਫਜ਼ਾਈ ਕਰਦੀ ਹੈ।

**ਬਦਲਦੇ ਸਮੇਂ ਵਿੱਚ ਔਰਤ ਦੀ ਭੂਮਿਕਾ**

ਅੱਜ ਦੇ ਆਧੁਨਿਕ ਯੁੱਗ ਵਿੱਚ ਔਰਤਾਂ ਘਰ ਦੇ ਨਾਲ-ਨਾਲ ਬਾਹਰ ਵੀ ਕੰਮ ਕਰ ਰਹੀਆਂ ਹਨ। ਉਹ ਸਿੱਖਿਆ, ਕਾਰੋਬਾਰ, ਡਾਕਟਰੀ, ਇੰਜੀਨੀਅਰਿੰਗ ਅਤੇ ਹੋਰ ਕਈ ਖੇਤਰਾਂ ਵਿੱਚ ਅਹਿਮ ਯੋਗਦਾਨ ਪਾ ਰਹੀਆਂ ਹਨ। ਇਸ ਦੇ ਬਾਵਜੂਦ, ਘਰ ਨੂੰ ਘਰ ਬਣਾਉਣ ਦੀ ਉਨ੍ਹਾਂ ਦੀ ਮੂਲ ਭੂਮਿਕਾ ਵਿੱਚ ਕੋਈ ਕਮੀ ਨਹੀਂ ਆਈ। ਦੋਹਰੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਵੀ ਉਹ ਆਪਣੇ ਘਰ ਅਤੇ ਪਰਿਵਾਰ ਲਈ ਸਮਾਂ ਕੱਢਦੀਆਂ ਹਨ ਅਤੇ ਉਸ ਨਿੱਘ ਨੂੰ ਕਾਇਮ ਰੱਖਦੀਆਂ ਹਨ।

**ਸਨਮਾਨ ਤੇ ਸਹਿਯੋਗ ਦੀ ਲੋੜ**

ਇਸ ਲਈ, ਇਹ ਜ਼ਰੂਰੀ ਹੈ ਕਿ ਅਸੀਂ ਔਰਤ ਦੇ ਇਸ ਅਨਮੋਲ ਯੋਗਦਾਨ ਨੂੰ ਸਮਝੀਏ ਅਤੇ ਉਸਦਾ ਸਨਮਾਨ ਕਰੀਏ। ਘਰ ਦੇ ਮਰਦ ਮੈਂਬਰਾਂ ਨੂੰ ਵੀ ਉਸਦੇ ਕੰਮਾਂ ਵਿੱਚ ਸਹਿਯੋਗ ਦੇਣਾ ਚਾਹੀਦਾ ਹੈ। ਇੱਕ ਸਿਹਤਮੰਦ ਤੇ ਖੁਸ਼ਹਾਲ ਪਰਿਵਾਰ ਲਈ ਔਰਤ ਦਾ ਸਹਿਯੋਗ ਅਤੇ ਉਸਦੀ ਕਦਰ ਕਰਨਾ ਬਹੁਤ ਜ਼ਰੂਰੀ ਹੈ। ਜਦੋਂ ਔਰਤ ਖੁਸ਼ ਹੁੰਦੀ ਹੈ, ਤਾਂ ਪੂਰਾ ਘਰ ਖੁਸ਼ਹਾਲੀ ਨਾਲ ਭਰ ਜਾਂਦਾ ਹੈ। ਅੰਤ ਵਿੱਚ, ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਘਰ ਇੱਕ ਢਾਂਚਾ ਹੈ, ਪਰ ਔਰਤ ਉਸਦੀ ਆਤਮਾ ਹੈ। ਉਸ ਤੋਂ ਬਿਨਾਂ ਘਰ ਸਿਰਫ਼ ਇੱਕ ਖਾਲੀ ਇਮਾਰਤ ਹੈ, ਜਿਸ ਵਿੱਚ ਕੋਈ ਜੀਵਨ ਨਹੀਂ। ਆਓ, ਅਸੀਂ ਸਾਰੀਆਂ ਔਰਤਾਂ ਦੇ ਇਸ ਬੇਮਿਸਾਲ ਯੋਗਦਾਨ ਨੂੰ ਸਲਾਮੀ ਦੇਈਏ ਅਤੇ ਉਨ੍ਹਾਂ ਨੂੰ ਉਹ ਮਾਣ ਤੇ ਸਹਿਯੋਗ ਦੇਈਏ ਜਿਸ ਦੀਆਂ ਉਹ ਹੱਕਦਾਰ ਹਨ।

# ਪਾਰਕਿਨਸਨ ਬਿਮਾਰੀ ਅਤੇ ਉਪਾਅ




ਪਾਰਕਿਨਸਨ ਬਿਮਾਰੀ ਇੱਕ ਦਿਮਾਗੀ ਰੋਗ ਹੈ ਜੋ ਮੁੱਖ ਤੌਰ 'ਤੇ ਤੁਰਨ ਫਿਰਨ ਤੇ ਹਿਲਣ ਜੁਲਣ 'ਤੇ ਅਸਰ ਕਰਦੀ ਹੈ। ਇਹੀ ਬਿਮਾਰੀ ਮਾਨਸਿਕ ਸਿਹਤ, ਨੀਂਦ ਅਤੇ ਹੋਰ ਸਰੀਰਕ ਕਿਰਿਆਵਾਂ 'ਤੇ ਵੀ ਡੂੰਘਾ ਪ੍ਰਭਾਵ ਪਾ ਸਕਦੀ ਹੈ। ਇਹ ਬਿਮਾਰੀ ਅਲਜ਼ਾਈਮਰ ਤੋਂ ਬਾਅਦ ਦੂਜੀ ਸਭ ਤੋਂ ਆਮ ਨਿਊਰੋਡਿਜਨਰੇਟਿਵ ਬਿਮਾਰੀ ਹੈ ਅਤੇ ਉਮੀਦ ਹੈ ਕਿ 2050 ਤੱਕ ਦੁਨੀਆ ਭਰ ਵਿੱਚ 25 ਮਿਲੀਅਨ ਤੋਂ ਵੱਧ ਲੋਕ ਇਸ ਨਾਲ ਪ੍ਰਭਾਵਿਤ ਹੋਣਗੇ। ਇਹ ਬਿਮਾਰੀ ਖਾਸ ਕਰਕੇ ਵੱਧ ਰਹੀ ਉਮਰ ਵਾਲੇ ਮਨੁੱਖਾਂ ਨੂੰ ਆਪਣੀ ਚਪੇਟ ਵਿੱਚ ਲੈ ਲਵੇਗੀ।।

***ਕਾਰਨ***

ਪਾਰਕਿਨਸਨ ਬਿਮਾਰੀ ਮਨੁੱਖੀ ਸਰੀਰ ਨੂੰ ਆਪਣੀ ਚਪੇਟ ਵਿੱਚ ਉਸ ਸਮੇਂ ਲੈ ਲੈਂਦੀ ਹੈ ਜਦੋਂ ਦਿਮਾਗ ਦੇ ਇੱਕ ਹਿੱਸੇ (ਬੇਜ਼ਲ ਗੈਂਗਲੀਆ) ਵਿੱਚ ਨਰਵ ਸੈੱਲ ਨੁਕਸਾਨੇ ਜਾਂ ਮਰ ਜਾਂਦੇ ਹਨ। ਇਹ ਸੈੱਲ ਡੋਪਾਮੀਨ ਪੈਦਾ ਕਰਦੇ ਹਨ, ਜੋ ਸਰੀਰ ਦੇ ਤੁਰਨ ਫਿਰਨ ਤੇ ਹਿੱਲਣ ਜੁਲਣ ਲਈ ਬਹੁਤ ਜ਼ਰੂਰੀ ਹੈ। ਜਿਵੇਂ-ਜਿਵੇਂ ਸਰੀਰ ਵਿੱਚ ਡੋਪਾਮੀਨ ਦੀ ਮਾਤਰਾ ਘਟਦੀ ਹੈ ਸਰੀਰ ਦੇ ਤੁਰਨ ਫਿਰਨ ਤੇ ਹਿੱਲਣ ਜੁਲਣ ਦੇ ਵਿੱਚ ਕਾਫੀ ਔਖ ਆਉਂਦੀ ਹੈ। ਇਸ ਬਿਮਾਰੀ ਦਾ ਪੂਰਾ ਕਾਰਨ ਅਜੇ ਤੱਕ ਪਤਾ ਨਹੀਂ ਲੱਗਿਆ ਪਰ ਜਨੈਟਿਕਸ ਅਤੇ ਵਾਤਾਵਰਨੀ ਕਾਰਕ (ਜਿਵੇਂ ਕਿ ਕੀਟਨਾਸ਼ਕ ਜਾਂ ਪ੍ਰਦੂਸ਼ਣ) ਅਹਿਮ ਭੂਮਿਕਾ ਨਿਭਾ ਸਕਦੇ ਹਨ। ਕੁਝ ਲੋਕਾਂ ਵਿੱਚ ਇਸ ਬਿਮਾਰੀ ਦਾ ਪਰਿਵਾਰਕ ਇਤਿਹਾਸ ਹੁੰਦਾ ਹੈ, ਪਰ ਜ਼ਿਆਦਾਤਰ ਕੇਸ ਵਿਰਾਸਤੀ ਨਹੀਂ ਹੁੰਦੇ। ਪਾਰਕਿਨਸਨ ਵਾਲਿਆਂ ਦੇ ਦਿਮਾਗ ਵਿੱਚ ਅਕਸਰ ਲਿਊਈ ਬਾਡੀਜ਼ ਨਾਮਕ ਅਸਧਾਰਣ ਪ੍ਰੋਟੀਨ ਕਲੱਸਟਰ ਮਿਲਦੇ ਹਨ।

***ਲੱਛਣ***

ਇਸ ਬਿਮਾਰੀ ਦੇ ਲੱਛਣ ਆਮ ਤੌਰ 'ਤੇ ਹੌਲੀ-ਹੌਲੀ

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

ਸ਼ੁਰੂ ਹੁੰਦੇ ਹਨ ਅਤੇ ਹਰ ਵਿਅਕਤੀ ਵਿੱਚ ਵੱਖ-ਵੱਖ ਹੋ ਸਕਦੇ ਹਨ, ਪਰ ਆਮ ਲੱਛਣ ਹਨ:

- ਕੰਬਣ (ਹੱਥਾਂ ਵਿੱਚ ਵੱਧ)
- ਮਾਸਪੇਸ਼ੀਆਂ ਦੀ ਜਕੜਨ
- ਸਰੀਰ ਦੇ ਤੁਰਨ ਫਿਰਨ ਤੇ ਹਿਲਣ ਜੁੱਲਣ ਦੀ ਗਤੀ ਦਾ ਹੌਲੀ ਹੋ ਜਾਣਾ
- ਸੰਤੁਲਨ ਅਤੇ ਕੋਆਰਡੀਨੇਸ਼ਨ ਦੀ ਸਮੱਸਿਆ (ਡਿੱਗਣ ਦਾ ਖਤਰਾ)
- ਛੋਟੇ ਕਦਮਾਂ ਨਾਲ ਚਲਣਾ ਅਤੇ ਸਰੀਰ ਦਾ ਝੁਕਣਾ
- ਚਿਹਰੇ ਦੇ ਹਾਵ-ਭਾਵ ਘੱਟ ਹੋ ਜਾਣਾ, ਆਵਾਜ਼ ਹੌਲੀ ਹੋ ਜਾਣਾ
- ਲਿਖਾਈ ਛੋਟੀ ਅਤੇ ਸੰਕੁਚਿਤ ਹੋ ਜਾਣਾ
- ਨੀਂਦ ਦੀਆਂ ਸਮੱਸਿਆਵਾਂ ਅਤੇ ਥਕਾਵਟ
- ਮੂਡ ਚੇਂਜ (ਡਿਪ੍ਰੈਸ਼ਨ, ਚਿੰਤਾ)
- ਨਿਗਲਣ ਅਤੇ ਚਬਾਉਣ ਵਿੱਚ ਮੁਸ਼ਕਲ
- ਕਬਜ਼ ਅਤੇ ਚਮੜੀ ਦੀਆਂ ਸਮੱਸਿਆਵਾਂ
- ਡਿਮੈਂਸ਼ੀਆ ਜਾਂ ਭਰਮ

***ਇਲਾਜ***

ਇਸ ਦਾ ਪੂਰਾ ਇਲਾਜ ਤਾਂ ਸੰਭਵ ਨਹੀਂ ਹੈ ਪਰੰਤੂ ਕਈ ਥੈਰਾਪੀਆਂ ਅਤੇ ਦਵਾਈਆਂ ਲੱਛਣਾਂ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦੀਆਂ ਹਨ:

? ਦਵਾਈਆਂ: ਮੁੱਖ ਦਵਾਈ ਲੈਵੋਡੋਪਾ (ਅਕਸਰ ਕਾਰਬੀਡੋਪਾ ਨਾਲ ਮਿਲੀ ਹੁੰਦੀ ਹੈ), ਜੋ ਡੋਪਾਮੀਨ ਦੀ ਭਰਪਾਈ ਕਰਦੀ ਹੈ। ਹੋਰ ਦਵਾਈਆਂ ਵਿੱਚ ਡੋਪਾਮੀਨ ਏਗੋਨਿਸਟ, MAO-B ਇਨਹਿਬਟਰ, ਅਤੇ ਐਂਟੀਕੋਲਿਨਰਜਿਕ ਸ਼ਾਮਲ ਹਨ।

? ਅਡਵਾਂਸ ਥੈਰਾਪੀ: ਡੀਪ ਬਰੇਨ ਸਟੀਮੂਲੇਸ਼ਨ (DBS) ਇੱਕ ਸਰਜਰੀ ਥੈਰਾਪੀ ਹੈ ਜਿਸ ਵਿੱਚ ਦਿਮਾਗ ਵਿੱਚ ਇਲੈਕਟ ?ਰੋਡ ਲਗਾ ਕੇ ਅਸਧਾਰਣ ਸੰਕੇਤਾਂ ਨੂੰ ਕੰਟਰੋਲ ਕੀਤਾ ਜਾਂਦਾ ਹੈ। ਨਵੇਂ ÷ਐਡੈਪਟਿਵ DBS ਸਿਸਟਮ ਦਿਮਾਗੀ ਸਰਗਰਮੀ ਦੇ ਅਧਾਰ 'ਤੇ ਸਟੀਮੂਲੇਸ਼ਨ ਨੂੰ ਰੀਅਲ-ਟਾਈਮ 'ਚ ਅਨੁਕੂਲ ਕਰ ਸਕਦੇ ਹਨ।

ਨਵੀਆਂ ਥੈਰਾਪੀਆਂ: ਸ਼ੁਰੂਆਤੀ ਰਿਸਰਚ ਮੁਤਾਬਕ ਸਟੈਮ ਸੈੱਲ ਟ ?ਰਾਂਸਪਲਾਂਟ ਡੋਪਾਮੀਨ ਪੈਦਾ ਕਰਨ ਵਾਲੇ ਸੈੱਲਾਂ ਨੂੰ ਮੁੜ ਬਣਾਉਣ ਵਿੱਚ ਮਦਦ ਕਰ ਸਕਦੇ ਹਨ।

? ਹੋਰ ਥੈਰਾਪੀਆਂ: ਫਿਜੀਓਥੈਰਾਪੀ, ਓਕਿਊਪੇਸ਼ਨਲ ਅਤੇ ਸਪੀਚ ਥੈਰਾਪੀ, ਨਾਲ ਹੀ ਕਸਰਤ, ਸਿਹਤਮੰਦ ਖੁਰਾਕ ਅਤੇ ਮਾਨਸਿਕ ਸਹਾਇਤਾ ਵੀ ਮਹੱਤਵਪੂਰਨ ਹਨ।

***ਭਵਿੱਖ***

ਪਾਰਕਿਨਸਨ ਇੱਕ ਜੀਵਨ ਭਰ ਚੱਲਣ ਵਾਲੀ ਬਿਮਾਰੀ ਹੈ ਜੋ ਸਮੇਂ ਦੇ ਨਾਲ ਵਧਦੀ ਜਾਂਦੀ ਹੈ ਪਰੰਤੂ ਨਵੀਂ ਰਿਸਰਚ ਨਾਲ ਇਲਾਜ ਹੋਰ ਵਧੀਆ ਹੋ ਰਹੇ ਹਨ ਅਤੇ ਉਮੀਦ ਹੈ ਕਿ ਭਵਿੱਖ ਵਿੱਚ ਬਿਮਾਰੀ ਦੀ ਰਫਤਾਰ ਨੂੰ ਘਟਾਇਆ ਜਾਂ ਸਕੇਗਾ। ਇਸ ਬਿਮਾਰੀ ਦੀ ਜਲਦੀ ਪਛਾਣ ਅਤੇ ਵਿਅਕਤੀਗਤ ਇਲਾਜ ਯੋਜਨਾ ਨਾਲ ਜੀਵਨ ਦੀ ਗੁਣਵੱਤਾ ਸੁਚੱਜੀ ਹੋ ਸਕਦੀ ਹੈ।

# ਪੁਸਤਕ ਰੀਵਿਊ :ਸਮਾਜਕ ਤਾਣੇ-ਬਾਣੇ ਦੀ ਯਥਾਰਥਕ ਪੇਸ਼ਕਾਰੀ : ਪਹਿਰੇਦਾਰੀ






ਜ਼ਿਲ੍ਹਾ ਕਪੂਰਥਲਾ ਦੀ ਫਗਵਾੜਾ ਤਹਿਸੀਲ ਵਿੱਚ ਚਾਚੋਕੀ ਦੇ ਨੇੜੇ ਇੱਕ ਨਿੱਕੇ ਜਿਹੇ ਪਿੰਡ ਮਾਨਾਂਵਾਲੀ ਵਿੱਚ ਰਹਿੰਦਾ ਰਘਬੀਰ ਸਿੰਘ ਮਾਨ ਮੂਲ ਤੌਰ ਤੇ ਇੱਕ ਗਲਪਕਾਰ ਹੈ। ਪੰਜਾਬ ਸਰਕਾਰ ਤੋਂ ਬਤੌਰ ਇੰਸਟ ?ਰੱਕਟਰ ਸੇਵਾਮੁਕਤ ਰਘਬੀਰ ਸਿੰਘ ਮਾਨ ਬੜੇ ਸਹਿਜ ਨਾਲ ਲਿਖਣ ਵਾਲਾ ਕਲਮਕਾਰ ਹੈ। ਉਸਦੇ ਹੁਣ ਤੱਕ ਤਿੰਨ ਕਹਾਣੀ ਸੰਗ੍ਰਹਿ (ਅਚਿੰਤੇ ਬਾਜ ਪਏ, ਕੋਈ ਤਾਂ ਹੈ..., ਪਹਿਰੇਦਾਰੀ); ਤਿੰਨ ਨਾਵਲ (ਰੋਹ ਵਿਦਰੋਹ, ਤਪਦੇ ਪੈਰਾਂ ਦਾ ਸਫ਼ਰ, ਅੜੇ ਥੁੜੇ) ਅਤੇ ਦੋ ਵਾਰਤਕ ਸੰਗ੍ਰਹਿ (ਉਲਝ ਗਈ ਸਿੱਖ ਕੌਮ, ਭਾਰਤੀ ਟ ?ਰੈਫ਼ ?ਕ : ਸਮੱਸਿਆ ਅਤੇ ਹੱਲ) ਪ੍ਰਕਾਸ਼ਿਤ ਹੋ ਚੁੱਕੇ ਹਨ। ਉਹਨੂੰ ਪੰਜਾਬੀ ਸਾਹਿਤ ਸਕੇਪ ਸੰਸਥਾ ਫਗਵਾੜਾ ਵੱਲੋਂ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ।

ਰੀਵਿਊ ਅਧੀਨ ਪੁਸਤਕ (ਪਹਿਰੇਦਾਰੀ; ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ ਲੁਧਿਆਣਾ; ਪੰਨੇ 124; ਮੁੱਲ 250/-) ਏਸੇ ਸਾਲ (2025 ਵਿੱਚ) ਛਪੀ ਹੈ, ਜਿਸ ਵਿੱਚ ਕੁੱਲ 6 ਕਹਾਣੀਆਂ ਹਨ। ਲੰਮੇ ਆਕਾਰ ਦੀਆਂ ਇਹ ਕਹਾਣੀਆਂ 12 ਤੋਂ 26 ਪੰਨਿਆਂ ਤੱਕ ਫੈਲੀਆਂ ਹੋਈਆਂ ਹਨ।

ਪਹਿਲੀ ਕਹਾਣੀ 'ਆਖਰ' ਦੀ ਚਿੰਤੀ ਨੇ ਜਵਾਨੀ ਵਿੱਚ ਪਤੀ ਦੀ ਮੌਤ ਪਿੱਛੋਂ ਸੰਘਰਸ਼ਮਈ ਜੀਵਨ ਬਿਤਾਇਆ ਅਤੇ ਆਪਣੇ ਤਿੰਨੇ ਨਿੱਕੇ ਪੁੱਤਰਾਂ (ਗਿਆਨ ਸਿੰਘ, ਦਿਲਜੀਤ ਸਿੰਘ, ਰਵਿੰਦਰ ਸਿੰਘ) ਨੂੰ ਪਾਲ- ਪੋਸ ਕੇ ਵੱਡਾ ਕੀਤਾ। ਵਿਆਹ ਹੋਣ ਤੱਕ ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਨੂੰ ਇਕੱਠੇ ਰੱਖਿਆ। ਪਰ ਨੂੰਹਾਂ ਦੇ ਆਉਣ ਨਾਲ ਕਲੇਸ਼ ਰਹਿਣ ਲੱਗਿਆ ਤਾਂ ਘਰ ਦੀ ਵੰਡ ਵੰਡਾਈ ਕਰ ਦਿੱਤੀ। ਨਿੱਕੀ ਤੋਂ ਨਿੱਕੀ ਚੀਜ਼ ਦੇ ਹਿੱਸੇ ਕਰ ਦਿੱਤੇ ਗਏ। ਵਿਚਕਾਰਲੀ ਨੂੰਹ ਸਿਮਰ ਨੇ ਜਦੋਂ ਪਾਥੀਆਂ ਦੇ ਗਹੀਰੇ ਦੀ ਵੀ ਵੰਡ ਕਰਨ ਨੂੰ ਕਿਹਾ ਤਾਂ ਚਿੰਤੀ ਤੋਂ ਰਿਹਾ ਨਾ ਗਿਆ - ÷ਮੇਰੀ ਮਰੀ ਤੋਂ ਸਾਰੀਆਂ ਪਾਥੀਆਂ ਮੇਰੇ ਸਿਵੇ ਤੇ ਪਾ ਦਿਓ।÷ ਇਹ ਕਹਾਣੀ ਵਿਧਵਾ ਔਰਤ ਦੀ ਸੰਘਰਸ਼ਮਈ ਜ਼ਿੰਦਗੀ ਅਤੇ ਨੂੰਹਾਂ ਦੀ ਆਪਸੀ ਤੂੰ-ਤੂੰ ਮੈਂ-ਮੈਂ ਦਾ ਖੁੱਲ੍ਹ ਕੇ ਚਿਤਰਣ ਕਰਦੀ ਹੈ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਰੀਵਿਊਕਾਰ :
ਪ੍ਰੋ. ਨਵ ਸੰਗੀਤ ਸਿੰਘ

'ਅਡੋਲ' ਦੀ ਰੂਪੀ ਨੇ ਵਿਧਵਾ ਭੂਆ ਦੇ ਪਸੰਦ ਕੀਤੇ ਮੁੰਡੇ ਨਾਲ ਵਿਆਹ ਕਰਵਾਉਣ ਤੋਂ ਇਸਲਈ ਇਨਕਾਰ ਕਰ ਦਿੱਤਾ ਕਿ ਉਹ ਤਾਂ ਕਿਸੇ ਵਿਦੇਸ਼ੀ ਮੁੰਡੇ ਨਾਲ ਵਿਆਹ ਕਰਵਾਏਗੀ। ਰੂਪੀ ਦਾ ਛੋਟਾ ਭਰਾ ਜੋਗਾ ਨਸ਼ੇ ਕਰਦਾ ਸੀ। ਰੂਪੀ ਨੇ ਕੈਨੇਡਾ ਰਹਿੰਦੇ ਮਹਿੰਦਰ ਉਰਫ਼ ਮੈਂਡੀ ਨਾਲ ਵਿਆਹ ਕਰਵਾ ਲਿਆ ਜੋ ਸ਼ਕਲੋਂ ਸੂਰਤੋਂ ਕਿਸੇ ਵੀ ਤਰ੍ਹਾਂ ਉਹਦੇ ਹਾਣ ਦਾ ਨਹੀਂ ਸੀ। ਰੂਪੀ ਨੇ ਇਹ ਵਿਆਹ ਇਸਲਈ ਕਰਵਾਇਆ ਤਾਂ ਕਿ ਉਹ ਕੈਨੇਡਾ ਜਾ ਕੇ ਆਪਣੇ ਮਾਂ ਪਿਓ ਤੇ ਭਰਾ ਜੋਗੇ ਨੂੰ ਕੈਨੇਡਾ ਸੱਦ ਲਵੇਗੀ ਤੇ ਫ਼ਾਰਨ ਰਿਟਰੰਡ ਜੋਗੇ ਲਈ ਇੰਡੀਆ ਦੀ ਕੁੜੀ ਨਾਲ ਵਿਆਹ ਕਰਵਾਉਣਾ ਮੁਸ਼ਕਿਲ ਨਹੀਂ ਹੋਵੇਗਾ। ਰੂਪੀ ਨੇ ਪਿਓ ਦੀ ਪੀੜ੍ਹੀ ਨੂੰ ਅੱਗੇ ਤੋਰਨ ਲਈ ਆਪਣੀ ਕੁਰਬਾਨੀ ਦੇ ਦਿੱਤੀ।

'ਮੇਰਾ ਯਕੀਨ ਕਰੋ...' ਜਗੀਰ ਤੇ ਸ਼ੇਰੇ ਨਾਂ ਦੇ ਦੋ ਭਰਾਵਾਂ ਦੀ ਕਹਾਣੀ ਹੈ। ਵੱਡਾ ਜਗੀਰ ਬਰਮਿੰਘਮ ਰਹਿੰਦਾ ਹੈ ਤੇ ਛੋਟਾ ਸ਼ੇਰਾ ਪਿੰਡ ਖੇਤੀ ਕਰਦਾ ਹੈ। ਦੋਵੇਂ ਵਿਆਹੇ ਹੋਏ ਹਨ ਤੇ ਦੋਹਾਂ ਦੇ ਇੱਕ ਇੱਕ ਮੁੰਡਾ ਤੇ ਇੱਕ ਇੱਕ ਧੀ ਹੈ। ਜਗੀਰ ਨੇ ਸ਼ੇਰੇ ਤੋਂ ਕਦੇ ਖੇਤੀ ਦਾ ਹਿਸਾਬ ਕਿਤਾਬ ਨਹੀਂ ਸੀ ਲਿਆ ਸਗੋਂ ਉਹਨੂੰ ਵਲੈਤ ਤੋਂ ਪੈਸੇ ਵੀ ਭੇਜਦਾ। ਜਗੀਰ ਦੀ ਪਤਨੀ ਜਿੰਦਰੋ ਅਤੇ ਬੇਟਾ ਜੱਗੀ ਜਗੀਰ ਨੂੰ ਜ਼ਮੀਨ ਦਾ ਹਿਸਾਬ ਲੈਣ ਲਈ ਕਹਿਣ ਲੱਗੇ। ਜੱਗੀ ਨੇ ਤਾਂ ਆਪਣੇ ਹਿੱਸੇ ਦੀ ਜ਼ਮੀਨ ਵੇਚਣ ਦੀ ਗੱਲ ਵੀ ਕਹਿ ਦਿੱਤੀ ਤਾਂ ਘਰ ਵਿੱਚ ਕਲੇਸ਼ ਰਹਿਣ ਲੱਗਾ। ਜਗੀਰ ਨੂੰ ਪੈਰਾਲਾਇਸਸ ਹੋ ਗਿਆ ਤੇ ਉਹਦਾ ਖੱਬਾ ਪਾਸਾ ਮਾਰਿਆ ਗਿਆ। ਕਿਸਾਨ ਮੋਰਚੇ ਵਿੱਚ ਸ਼ੇਰਾ ਰਾਸ਼ਨ ਦੀ ਟਰਾਲੀ ਲੈ ਕੇ ਜਾ ਰਿਹਾ ਸੀ ਤਾਂ ਉਹਦਾ ਐਕਸੀਡੈਂਟ ਹੋ ਗਿਆ ਤੇ ਉਹਦੀਆਂ ਦੋਵੇਂ ਲੱਤਾਂ ਟੁੱਟ ਗਈਆਂ। ਇਸ ਹਾਲਤ ਵਿੱਚ ਜੱਗੀ ਨੇ ਇੰਡੀਆ ਜਾ ਕੇ ਚਾਚੇ ਦਾ ਪਤਾ ਲਿਆਉਣ ਦੀ ਗੱਲ ਕੀਤੀ ਤਾਂ ਸਾਰਿਆਂ ਦੇ ਚਿਹਰੇ ਤੇ ਹੈਰਾਨੀ ਭਰੀ ਖੁਸ਼ੀ ਆ ਗਈ।

'ਪਹਿਰੇਦਾਰੀ' ਵਿੱਚ ਸਰਦਾਰਨੀ ਇੰਦਰਜੀਤ ਕੌਰ ਆਪਣੇ ਪਤੀ ਸਰਦਾਰ ਜਰਨੈਲ ਸਿੰਘ ਅਤੇ ਧੀ ਰੋਜ਼ੀ ਨਾਲ ਰਿਸ਼ਤੇਦਾਰੀ ਦੇ ਵਿਆਹ ਸਮਾਗਮ ਤੇ ਦੂਜੇ ਸ਼ਹਿਰ ਗਈ ਤਾਂ ਉਹਨੇ ਘਰ ਦੀ ਜ਼ਿੰਮੇਵਾਰੀ ਕੰਮ ਕਰਨ ਵਾਲੀ ਮੀਤੋ ਨੂੰ ਸੌਂਪ ਦਿੱਤੀ। ਸਰਦਾਰਨੀ ਨਾਲ ਉਹਦਾ ਬੇਟਾ ਸੈਂਡੀ ਨਹੀਂ ਗਿਆ, ਜੋ ਕਾਲਜ ਵਿੱਚ ਪੜ੍ਹਦਾ ਸੀ। ਉਹ ਕਾਲਜ ਤੋਂ ਆਪਣੀ ਗਰਲ ਫ਼ਰੈਂਡ ਨੂੰ ਘਰ ਲਿਆ ਕੇ ਉਸ ਨਾਲ ਚੁਹਲਬਾਜ਼ੀ ਕਰਦਾ ਹੈ ਤੇ ਮੀਤੋ ਨੂੰ ਇਸ ਬਾਰੇ ਕਿਸੇ ਨੂੰ ਨਾ ਦੱਸਣ ਦਾ ਪ੍ਰਣ ਵੀ ਲੈਂਦਾ ਹੈ। ਕਹਾਣੀ ਦੀ ਫਲੈਸ਼ਬੈਕ ਵਿੱਚ ਮੀਤੋ ਦੇ ਬਚਪਨ ਤੇ ਜਵਾਨੀ ਵੇਲੇ ਦੀਆਂ ਗੱਲਾਂ ਹਨ। ਸੈਂਡੀ ਤੇ ਉਹਦੀ ਗਰਲਫਰੈਂਡ ਦੇ ਕਮਰੇ ਵਿੱਚ ਇਕੱਲਿਆਂ ਹੋਣ ਤੇ ਮੀਤੋ ਦੇ ਮਨ ਵਿੱਚ ਆਇਆ ਕਿ ਚੋਰ-ਉਚੱਕਿਆਂ ਤੋਂ ਤਾਂ ਉਹ ਘਰ ਦੀ ਪਹਿਰੇਦਾਰੀ ਕਰ ਸਕਦੀ ਹੈ ਪਰ ਚੋਰੀ ਵਰਗੇ ਕੰਮ ਕਰਦੇ ਘਰ ਦੇ ਮੈਂਬਰਾਂ ਤੋਂ ਪਹਿਰੇਦਾਰੀ ਕਿਵੇਂ ਕਰੇ ?

'ਪੁੱਛਗਿੱਛ' ਵਿੱਚ ਕੈਨੇਡਾ ਦੀ ਪੀਆਰ ਕੋਮਲ ਦੇ ਵਿਆਹ ਬਾਰੇ ਉਹਦੀ ਮਾਂ ਮਨਜੀਤ ਚੰਗੇ ਰਿਸ਼ਤੇ ਲਈ ਪੂਰੀ ਘੋਖ ਕੇ ਪੁੱਛਗਿੱਛ ਕਰਦੀ ਹੈ ਤੇ ਜਦੋਂ ਉਹਨੂੰ ਮੁੰਡੇ ਬਾਰੇ ਪੂਰੀ ਤਸੱਲੀ ਹੋ ਗਈ ਤਾਂ ਉਹਨੇ ਆਪਣੀ ਧੀ ਨਾਲ ਇਸ ਬਾਰੇ ਗੱਲ ਕੀਤੀ। ਉਹਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਜਦੋਂ ਕੋਮਲ ਨੇ ਮਾਂ ਦੇ ਪਸੰਦ ਕੀਤੇ ਮੁੰਡੇ ਨਾਲ ਵਿਆਹ ਕਰਨ ਤੋਂ ਸਪਸ਼ਟ ਇਨਕਾਰ ਕਰ ਦਿੱਤਾ ਕਿਉਂਕਿ ਉਹ ਆਪਣੇ ਰੂਮਮੇਟ ਹਰਿੰਦਰ ਵਿਰਕ ਨਾਲ ਵਿਆਹ ਕਰਨ ਦਾ ਇਰਾਦਾ ਕਰ ਚੁੱਕੀ ਸੀ।

'ਵੱਡੇ ਭਾਈ' ਨੀਵੀਂ ਜ਼ਾਤ ਦੇ ਕੇਹਰੂ ਰਾਮ ਦੀ ਗਾਥਾ ਹੈ, ਜੀਹਨੂੰ ਕਹਾਣੀ ਦਾ ਮੁੱਖ ਪਾਤਰ ਦੀਪ ਸਿੰਘ ਵੱਡਾ ਭਰਾ ਮੰਨਦਾ ਹੈ ਤੇ ਉਸਨੂੰ ਵੱਡੇ ਭਾਈ ਕਹਿ ਕੇ ਸੰਬੋਧਨ ਕਰਦਾ ਹੈ। ਕਹਾਣੀ ਕੇਹਰੂ ਦੀ ਮੌਤ ਤੋਂ ਸ਼ੁਰੂ ਹੁੰਦੀ ਹੈ ਤੇ ਉਹਦੀਆਂ ਅੰਤਮ ਰਸਮਾਂ ਤੇ ਖਤਮ ਹੁੰਦੀ ਹੈ। ਮੀਂਹ ਪੈਣ ਨਾਲ ਦਲਿਤਾਂ ਦੇ ਸ਼ਮਸ਼ਾਨ ਘਾਟ ਵਿੱਚ ਪਾਣੀ ਭਰ ਗਿਆ ਤੇ ਉੱਚੀ ਜ਼ਾਤ ਵਾਲਿਆਂ ਨੇ ਆਪਣੇ ਸਿਵਿਆਂ 'ਚ ਉਹਦਾ ਸਸਕਾਰ ਕਰਨ ਦੀ ਆਗਿਆ ਨਾ ਦਿੱਤੀ। ਦੀਪ ਸਿੰਘ ਨੇ ਆਪਣੇ ਖੂਹ ਦੇ ਸ਼ੈੱਡ ਹੇਠਾਂ ਉਹਦਾ ਸਸਕਾਰ ਕਰਨ ਦਾ ਐਲਾਨ ਕਰਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਪਾਤਰ ਪ੍ਰਧਾਨ ਇਸ ਕਥਾ ਵਿੱਚ ਕੇਹਰੂ ਦਾ ਵਧੀਆ ਪਾਤਰ ਚਿੱਤਰਣ ਕੀਤਾ ਗਿਆ ਹੈ, ਜਿਸ ਵਿੱਚ ਜ਼ਾਤਪਾਤ ਦੇ ਨਾਂ ਤੇ ਕੀਤੀ ਜਾਂਦੀ ਰਾਜਨੀਤੀ ਦਾ ਪਾਜ ਉਧੇੜਿਆ ਗਿਆ ਹੈ। ਫਲੈਸ਼ਬੈਕ ਵਿੱਚ ਕੇਹਰੂ ਦੀ ਸੰਘਰਸ਼ਮਈ ਜ਼ਿੰਦਗੀ ਨੂੰ ਪੇਸ਼ ਕੀਤਾ ਗਿਆ ਹੈ।

ਕਹਾਣੀਕਾਰ ਨੇ ਪਾਤਰਾਂ ਦੀ ਮਨੋਸਥਿਤੀ/ਪੱਧਰ ਨੂੰ ਵੇਖ ਕੇ ਉਨ੍ਹਾਂ ਦੇ ਮੂੰਹੋਂ ਵਾਰਤਾਲਾਪ ਬੁਲਵਾਏ ਹਨ। ਯਾਨੀ ਜੇ ਪਾਤਰ ਪੇਂਡੂ ਤੇ ਅਨਪੜ੍ਹ ਹਨ ਤਾਂ ਉਹੋ ਜਿਹੀ ਬੋਲੀ ਅਤੇ ਜੇ ਪਾਤਰ ਪੜ੍ਹੇ ਲਿਖੇ/ਸ਼ਹਿਰੀ ਹਨ ਤਾਂ ਬੋਲੀ ਵਿੱਚ ਅੰਗਰੇਜ਼ੀ ਦੇ ਸ਼ਬਦ/ਵਾਕ/ਵਾਕੰਸ਼ ਆਦਿ।

ਕਹਾਣੀਆਂ ਵਿਚਲੇ ਨਿੱਕੇ ਨਿੱਕੇ ਵਾਕ ਤੇ ਵਾਕੰਸ਼ ਲੇਖਕ ਦੀ ਮੁਹਾਵਰੇਦ ?ਾਰ ਸ਼ਬਦਾਵਲੀ ਦੇ ਅਕੱਟ ਗਵਾਹ ਹਨ। ਅਜਿਹੀਆਂ ਅੰਸ਼ ਕਹਾਣੀ ਨੂੰ ਰਵਾਨਗੀ ਪ੍ਰਦਾਨ ਕਰਦੇ ਹਨ ਤੇ ਮਾਹੌਲ ਦੀ ਤੀਬਰਤਾ ਵਿੱਚ ਵਾਧਾ ਕਰਦੇ ਹਨ। ਪਾਤਰ ਦੀ ਮਨੋਦਸ਼ਾ ਨੂੰ ਸਹਿਵਨ ਹੀ ਚਿੱਤਰ ਵਾਂਗ ਰੇਖਾਂਕਿਤ ਕਰਦੇ ਹਨ ਅਜਿਹੇ ਵਾਕ। ਮਿਸਾਲ ਵਜੋਂ :

* ਪੈਰੀਂ ਅੱਗ ਮੱਚੀ। ਹਨੇਰਾ ਚੀਰਿਆ। ਚਾਨਣ ਦੀ ਚਿਣਗ ਤਲੀ ਤੇ ਧਰੀ। ਸੋਗ ਦੀ ਚਾਦਰ ਨੂੰ ਮਿੱਧਿਆ। ਦਲੇਰੀ ਦਾ ਲਿਬਾਸ ਪਹਿਨ ਚੜ੍ਹਦੀ ਸਵੇਰ ਸੂਰਜ ਦੀਆਂ ਅੱਖਾਂ ਵਿੱਚ ਅੱਖਾਂ ਪਾ ਲਈਆਂ। ... ਲੱਕ ਬੰਨ੍ਹ ?ਆ। ਮੜਾਸਾ ਮਾਰਿਆ। ਕਹੀ ਮੋਢੇ ਤੇ ਰੱਖ, ਖੇਤਾਂ 'ਚ ਵਰੋਲੇ ਵਾਂਗ ਘੁੰਮ ਗਈ। (17)

* ਖਿੜਵਾਂ ਪਹਿਰਾਵਾ। ਵਾਲਾਂ ਦਾ ਅਨੋਖਾ ਸਟਾਈਲ। ਸੁਰਖ ਲਿਪਸਟਿਕ। ਕੰਨਾਂ ਵਿੱਚ ਝੂੰਮਦੇ ਕਾਂਟੇ। ਮਾਂਗ 'ਚ ਸੰਧੂਰ। ਬਾਹਾਂ 'ਚ ਸੁਹਾਗ ਚੂੜਾ। ਦੁਆਲਿਓਂ ਉਠਦੀ ਵਿਦੇਸ਼ੀ ਪਰਫ਼ ?ਊਮ ਦੀ ਖ਼ੁਸ਼ਬੋ। (24)

* ਠੰਡੇ ਠਾਰ ਨਸੀਬਾਂ ਆਲੇ ਗਰੀਬ ਕਿਸੇ ਨਾਲ ਵੀ ਤੱਤੇ ਨਹੀਂ ਹੋ ਸਕਦੇ। ਟੱਬਰ ਦੀ ਤੋਏ ਤੋਏ ਹੁੰਦੀ ਮੈਂ ਸਹਿਨ ਨਹੀਂ ਕਰ ਸਕਦਾ। ਮੈਂ ਨਹੀਂ ਚਾਹੁੰਦਾ ਲੋਕ ਮੇਰੀ ਧੀ ਵੱਲ ਉਂਗਲਾਂ ਕਰਕੇ ਗੱਲਾਂ ਕਰਨ। (74)

* ਮਿਹਨਤ ਵਿੱਚ ਯਕੀਨ ਰੱਖਣ ਵਾਲੇ ਕਦੀ ਨਹੀਂ ਹਾਰਦੇ, ਥੱਕ ਜ਼ਰੂਰ ਜਾਂਦੇ ਆ। (117)

* ਅੱਜਕੱਲ੍ਹ ਗੁਰੂਆਂ ਨੂੰ ਤਾਂ ਸਭ ਮੰਨਦੇ ਆ ਪਰ ਗੁਰੂਆਂ ਦੀ ਸਿੱਖਿਆ ਨੂੰ ਭੁੱਲੀ ਬੈਠੇ ਆ। (122)

ਰਘਬੀਰ ਸਿੰਘ ਮਾਨ ਦਾ ਕਹਾਣੀ ਸੰਗ੍ਰਹਿ 'ਪਹਿਰੇਦਾਰੀ' ਅਸਲ ਵਿੱਚ ਪਰਿਸਥਿਤੀਆਂ ਨਾਲ ਜੂਝਦੇ ਲੋਕਾਂ ਦੀ ਦਾਸਤਾਨ ਹੈ। ਪੰਜਾਬੀ ਸਾਹਿਤ ਵਿੱਚ ਇਸ ਕਥਾ ਸੰਗ੍ਰਹਿ ਦਾ ਸਵਾਗਤ ਹੈ।

**# 1, ਲਤਾ ਗਰੀਨ ਐਨਕਲੇਵ, ਪਟਿਆਲਾ-147002.**
**(9417692015)**

# ਰਾਜੂ



ਰਾਜੂ ਇਕ ਸਾਲ ਦਾ ਸੀ ਜਦੋਂ ਉਸ ਨੂੰ ਉਸ ਦੇ ਮਾਂ-ਬਾਪ ਨੇ ਉਸ ਦੇ ਮਾਮੇ ਨੂੰ ਗੋਦ ਦੇ ਦਿੱਤਾ ਸੀ। ਉਸ ਦੇ ਮਾਮੇ ਘਰ ਕੋਈ ਔਲਾਦ ਨਹੀਂ ਸੀ ਅਤੇ ਭਵਿਖ ਵਿਚ ਔਲਾਦ ਹੋਣ ਦੀ ਕੋਈ ਸੰਭਾਵਨਾ ਵੀ ਨਹੀਂ ਸੀ।

ਰਾਜੂ ਅਪਣੇ ਪਰਿਵਾਰ ਸਹਿਤ ਜਾਲੰਧਰ ਸ਼ਹਿਰ ਵਿਚ ਰਹਿੰਦੇ ਸਨ। ਉਸ ਦਾ ਮਾਤਾ ਐਡਮੰਟਨ, ਕਨੇਡਾ ਵਿਖੇ ਰਹਿੰਦਾ ਸੀ। ਰਾਜੂ ਨੂੰ ਉਸ ਦੇ ਮਾਮਾ-ਮਾਮੀ ਐਡਮੰਟਨ ਲੈ ਗਏ ਸੀ। ਉਹ ਮਾਮਾ-ਮਾਮੀ ਕੋਲ ਹੀ ਰਹਿੰਦਾ ਅਤੇ ਐਡਮੰਟਨ ਦੇ ਇਕ ਸਕੂਲ ਵਿਚ ਪੜ੍ਹਦਾ ਸੀ। ਉਹ ਮਾਮਾ-ਮਾਮੀ ਨੂੰ ਹੀ ਅਪਣਾ ਅਸਲੀ ਮਾਂ-ਬਾਪ ਸਮਝਦਾ ਸੀ। ਉਸ ਨੂੰ ਅਪਣੇ ਅਸਲੀ ਮਾਂ-ਬਾਪ ਦਾ ਪਤਾ ਨਹੀਂ ਸੀ। ਕਿਉਂਕਿ ਕੱਚੀ ਉਮਰ ਦੀ ਕੱਚੀ ਮਿੱਟੀ ਜਿਵੇਂ ਚਾਹੋ ਢਲ ਜਾਂਦੀ ਹੈ। ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਜੇ ਛੋਟੇ ਬੱਚੇ ਨੂੰ ਗੋਦ ਦੇ ਦਿੱਤਾ ਜਾਵੇ ਤਾਂ ਕੁਦਰਤੀ ਗੱਲ ਹੈ ਅਸਲੀਅਤ ਸਾਹਮਣੇ ਨਹੀਂ ਆਉਂਦੀ। ਬੱਚਾ ਗੋਦ ਲੈਣ ਵਾਲੇ ਮਾਂ-ਬਾਪ ਨੂੰ ਹੀ ਅਸਲੀ ਮਾਂ-ਬਾਪ ਸਮਝਦਾ ਹੈ। ਇਹ ਮਨੋਵਿਗਿਆਨਕ ਤੱਥ ਹੈ।

ਜਦੋਂ ਰਾਜੂ ਬਾਰ੍ਹਾਂ ਕੁ ਸਾਲਾਂ ਦਾ ਹੋਇਆ ਤਾਂ ਉਹ ਜਾਲੰਧਰ (ਪੰਜਾਬ) ਵਿਖੇ ਇਕ ਰਿਸ਼ਤੇਦਾਰ ਦੇ ਵਿਆਹ ਸਮਾਗਮ ਵਿਚ ਸ਼ਾਮਿਲ ਹੋਣ ਲਈ ਅਪਣੇ ਮਾਂ-ਬਾਪ (ਮਾਮਾ-ਮਾਮੀ) ਨਾਲ ਆਇਆ। ਲਗਭਗ ਇੱਕ ਮਹੀਨਾ ਉਹਨ੍ਹਾਂ ਨੇ ਪੰਜਾਬ ਰਹਿਣਾ ਸੀ।

ਰਾਜੂ ਨੂੰ ਕਿਸੇ ਰਿਸ਼ਤੇਦਾਰ ਨੇ ਦੱਸ ਦਿੱਤਾ, ਕਿ ਉਸ ਦੇ ਅਸਲੀ ਮਾਂ-ਬਾਪ ਕੌਣ ਹਨ? ਕਿਸੇ ਰਿਸ਼ਤੇਦਾਰ ਨੇ ਸਾਰੀ ਅਸਲੀਅਤ ਦੱਸ ਦਿੱਤੀ। ਰਾਜੂ ਦੇ ਮਨ ਤੇ ਗਹਿਰਾ ਅਸਰ ਹੋਇਆ। ਉਸ ਦਾ ਦਿਮਾਗ ਇਕਦਮ ਬੌਂਦਲ ਗਿਆ। ਜਿਵੇਂ ਉਸ ਦੀਆਂ ਅੱਖਾਂ ਅੰਗੇ ਕੋਈ ਤੇਜ਼ ਨੇਗ੍ਰੀ ਲੰਘ ਰਹੀ ਹੋਵੇ। ਜਿਵੇਂ ਉਸ ਦੇ ਦਿਮਾਗ਼ ਵਿਚ ਕੋਈ ਜਵਾਰ ਭਾਟਾ ਫੁੱਟਣ ਵਾਲਾ ਹੋਵੇ। ਜਿਵੇਂ ਕਿਸੇ ਨੇ ਖ਼ੂਬਸੂਰਤ ਸਾਬਤ ਸਬੂਤੇ ਮਜਬੂਤ ਸ਼ੀਸ਼ੇ ਤੇ ਲੱਖਾਂ ਹੀ ਪੱਥਰ ਮਾਰ ਦਿੱਤੇ ਹੋਣ।

ਉਹ ਹਿੰਮਤ ਕਰਕੇ ਅਪਣੇ ਅਸਲੀ ਮਾਂ-ਬਾਪ ਨੂੰ ਮਿਲਿਆ ਅਤੇ ਅਪਣੀ ਮਾਂ ਨੂੰ ਕੁਰਲਾਂਦੀ ਤਰਸਮਈ ਆਵਾਜ਼ ਵਿਚ ਕਹਿਣ ਲੱਗਾ, ਮੈਨੂੰ ਪਤਾ ਲੱਗ ਗਿਆ ਹੈ ਕਿ ਤੁਸੀਂ ਮੇਰੇ ਅਸਲੀ ਮਾਂ-ਬਾਪ ਹੋ। ਕੀ ਤੁਸੀਂ ਮੈਨੂੰ ਅਪਣੇ ਕੋਲ ਨਹੀਂ ਰੱਖ ਸਕਦੇ ਸੀ? ਤੁਸੀਂ ਮੈਨੂੰ ਮਾਮੇ-ਮਾਮੀ ਨੂੰ ਕਿਉਂ ਦਿੱਤਾ? ਮੇਰਾ ਕੀ ਕਸੂਰ ਏ?

ਉਸ ਦੇ ਮਾਂ-ਬਾਪ ਨੇ ਬਹੁਤ ਸਮਝਾਇਆ ਕਿ ਰਾਜੂ ਬੇਟਾ ਹੁਣ ਤੇਰੇ ਮਾਂ-ਬਾਪ ਉਹ ਹੀ ਹਨ। ਤੈਨੂੰ ਛੋਟੇ ਹੁੰਦੇ ਨੂੰ ਗੋਦ ਦੇ ਦਿੱਤਾ ਸੀ। ਕਿਉਂਕਿ ਮੇਰੇ ਮਾਤਾ ਮਾਮੀ ਦੇ ਡਾਕਟਰੀ ਮਸ਼ਵਰੇ ਦੇ ਮੁਤਾਬਿਕ ਔਲਾਦ ਨਹੀਂ ਸੀ ਹੋ ਸਕਦੀ। ਅਸੀਂ ਉਹਨ੍ਹਾਂ ਦੀ ਖ਼ੁਸ਼ਹਾਲੀ ਕਰਕੇ, ਔਲਾਦ ਦੇ ਮੋਹ ਕਰਕੇ ਤੈਨੂੰ ਗੋਦ ਦੇ ਦਿੱਤਾ ਸੀ। ਨਾਲੇ ਉਹ ਵਧੀਆ ਸ਼ਹਿਰ ਵਿਚ ਕਨੇਡਾ ਰਹਿੰਦਾ ਸੀ। ਸਾਡੇ ਨਾਲੋਂ ਜ਼ਿਆਦਾ ਅਮਰੀ ਅਤੇ ਸੁੱਖ ਸਹੂਲਤਾਂ ਵਾਲੇ ਹਨ ਤਾਂ ਕਿ ਤੇਰੀ ਜ਼ਿੰਦਗੀ ਵਧੀਆ ਬਣੇ। ਲੋਕ ਤਾਂ ਕਨੇਡਾ ਜਾਣ ਨੂੰ ਤਰਸਦੇ ਹਨ। ਇਸ ਵਿਚ ਤੇਰੀ ਹੀ ਬਿਹਤਰੀ ਸੀ ਬੇਟਾ।

ਰਾਜੂ ਮਾਂ-ਬਾਪ ਦੇ ਜਵਾਬਾਂ ਤੋਂ ਸਤੁੰਸ਼ਟ ਨਾ ਹੋਇਆ। ਜਿਵੇਂ ਉਹਨਾਂ ਨੇ ਉਸ ਨਾਲ ਕੋਈ ਬੇਇੰਨਸਾਫ਼ੀ ਕੀਤੀ ਹੋਵੇ। ਜਿਵੇਂ ਵਾਧੂ ਜਿਹੀ ਚੀਜ਼ ਸਮਝ ਕੇ ਕਿਸੇ ਨੂੰ ਦੇ ਦਿੱਤੀ ਹੋਵੇ।

ਰਾਜੂ ਦਾ ਇਕ ਭਰਾ ਅਤੇ ਇਕ ਭੈਣ ਹੋਰ ਵੀ ਸੀ। ਉਹ ਉਨ੍ਹਾਂ ਨੂੰ ਵੀ ਮਿਲਿਆ ਪਰ ਰਾਜੂ ਦੇ ਮਨ-ਦਿਮਾਗ ਦੀ ਸਤੁੰਸ਼ਟੀ ਭਟਕਣ ਵਿਚ ਡਾਵਾਂਡੋਲ ਹੋ ਗਈ ਪਰ ਰਾਜੂ ਹੁਣ ਕੀ ਕਰ ਸਕਦਾ ਸੀ? ਪਰ ਉਹ ਆਪਣੇ ਅਸਲੀ ਮਾਂ-ਬਾਪ ਨਾਲ ਰਹਿਣਾ ਚਾਹੁੰਦਾ ਸੀ।

ਰਾਜੂ ਦੇ ਦਿਲ-ਦਿਮਾਗ ਉਪਰ ਉਦਾਸੀ ਛਾਂ ਗਈ, ਉਸ ਦੀ ਸੋਚ ਵਿਲਕ-ਵਿਲਕ ਤਿੜਕ ਗਈ। ਦਿਮਾਗ ਵਿਚ ਕਿਸੇ ਨੇ ਜਿਵੇਂ ਕਿਲ ਠੋਕ ਦਿੱਤੇ ਹੋਣ। ਉਸ ਨੂੰ ਅਪਣੇ ਅਸਲੀ ਮਾਤਾ-ਪਿਤਾ ਪ੍ਰਤੀ ਸਖ਼ਤ ਘ੍ਰਿਣਾ ਹੋ ਗਈ।

ਲਗਭਗ ਮਹੀਨ ਦੇ ਬਾਅਦ ਉਹ ਅਪਣੇ ਨਕਲੀ ਮਾਂ ਬਾਪ (ਮਾਮਾ-ਮਾਮੀ) ਨਾਲ ਫ਼ਿਰ ਵਾਪਿਸ ਐਡਮੰਟਨ, ਕਨੇਡਾ ਆ ਗਿਆ। ਉਸ ਦੇ ਮਾਮਾ-ਮਾਮੀ ਨੂੰ ਵੀ ਪਤਾ ਚਲ ਗਿਆ ਸੀ ਕਿ ਰਾਜੂ ਨੂੰ ਅਸਲੀਅਤ ਦਾ ਪਤਾ ਲੱਗ ਗਿਆ ਹੈ।

ਰਾਜੂ ਇਕ ਦਿਨ ਸਕੂਲ ਗਿਆ ਤੇ ਮੁੜ ਵਾਪਿਸ ਨਾ ਆਇਆ। ਉਸ ਦੀ ਤਲਾਸ਼ ਵਿਚ ਕਈ ਇਸ਼ਤਿਹਾਰ ਕਢਵਾਏ ਗਏ। ਜਾਲੰਧਰ ਉਸ ਦੇ ਮਾਂ-ਬਾਪ ਨੂੰ ਸੂਚਿਤ ਕਰ ਦਿੱਤਾ ਗਿਆ ਕਿ ਰਾਜੂ ਕਈ ਦਿਨਾਂ ਤੋਂ ਨਹੀਂ ਮਿਲ ਰਿਹਾ।

ਰਾਜੂ ਦੇ ਅਸਲੀ ਮਾਂ-ਬਾਪ ਅਤੇ ਭੈਣ-ਭਰਾ ਬਹੁਤ ਪਰੇਸ਼ਾਨ ਹੋ ਗਏ। ਉਸ ਦੀ ਮਾਂ ਦਾ ਕਲੇਜਾ ਤਾਂ ਮੂੰਹ ਨੂੰ ਆਵੇ। ਉਹ ਸਭ ਬਹੁਤ ਰੋਏ। ਸਾਰਾ ਪਰਿਵਾਰ ਪਸ਼ਚਾਤਾਪ ਦੀ ਅਗਨੀ ਵਿਚ ਝੁਲਸਣ ਲੱਗਾ। ਉਹ ਹੁਣ ਸੋਚਦੇ ਕਿ ਜੇ ਰਾਜੂ ਸਾਡੇ ਕੋਲ ਰਹਿਣਾ ਚਾਹੁੰਦਾ ਸੀ ਤਾਂ ਉਸ ਦੀ ਗੱਲ ਮੰਨ ਲੈਣੀ ਚਾਹੀਦੀ ਸੀ। ਪਰ ਹੁਣ ਹੱਥੋਂ ਤੀਰ ਨਿਕਲ ਚੁਕਾ ਸੀ। ਇਕ ਪਛਤਾਵੇ ਦੀ ਅਗਨੀ ਦਿਨ ਰਾਤ ਲੂਹਦੀ ਰਵੇਗੀ।

ਇਸ ਤਰ੍ਹਾਂ ਕਈ ਸਾਲ ਨਿਕਲ ਗਏ ਪਰ ਰਾਜੂ ਦਾ ਕੋਈ ਥਹੁ ਪਤਾ ਨਾ ਲੱਗਾ। ਹੁਣ ਉਨ੍ਹਾਂ ਨੇ ਰਾਜੂ ਦੇ ਆਉਣ ਦੀ ਉਮੀਦ ਲਾਹ ਸੁੱਟੀ ਸੀ। ਜਿਵੇਂ ਰਾਜੂ ਇਕ ਸੁਪਨ ਬਣ ਗਿਆ ਹੋਵੇ। ਪਰ ਮਾਂ-ਬਾਪ ਦੀਆਂ ਆਂਦਰਾ ਦਾ ਕੋਮਲ ਹਿੱਸਾ ਜਿਸਮ 'ਚੋਂ ਗੁੰਮ ਹੋ ਜਾਵੇ ਤਾਂ ਉਹ ਜਿਉਂਦੀ ਲਾਸ਼ ਵਰਗੇ ਹੀ ਹੋ ਜਾਂਦੇ ਹਨ। ਇਕ ਆਸ ਦਾ ਦੀਪਕ ਹਿਰਦੇ ਵਿਚ ਜਗਦਾ ਤਾਂ ਹੈ ਪਰ ਉਸ ਦੀ ਲੋਅ ਆਲਾ-ਦੁਆਲਾ ਸਾੜਦੀ ਰਹਿੰਦੀ ਹੈ। ਜੋ ਵੀ ਉਸ ਦੀਪਕ ਦੇ ਕੋਲ ਜਾਂਦਾ ਹੈ ਸੜਣ ਦੀਆਂ ਸੰਭਾਵਨਾ ਨੂੰ ਜਨਮ ਦਿੰਦਾ ਰਹਿਦਾ ਹੈ।

ਰਾਜੂ ਦਾ ਭਰਾ ਭੁਪਿੰਦਰ ਅਤੇ ਭੈਣ ਮਨਜੀਤ ਕੌਰ ਉਚ ਸਿਖਿਆ ਲੈ ਕੇ ਪੜ੍ਹ ਲਿਖ ਗਏ। ਅਤੇ ਉਹ ਪੀ.ਆਰ ਲੈ ਕੇ ਐਡਮੰਟਨ ਕਨੇਡਾ ਚਲੇ ਗਏ। ਐਡਮੰਟਨ ਵਿਖੇ ਕੁਝ ਸਾਲਾਂ ਬਾਅਦ ਉਨ੍ਹਾਂ ਨੇ ਚੰਗੀਆਂ ਨੌਕਰੀਆਂ ਹਾਸਿਲ ਕਰ ਲਈਆਂ ਅਤੇ ਅਪਣਾ ਇਕ ਖ਼ੂਬਸੂਰਤ ਘਰ ਵੀ ਲੈ ਲਿਆ।

ਲਗਭਗ 18 ਸਾਲ ਦੇ ਬਾਅਦ ਰਾਜੂ ਨੂੰ ਘਰ ਦੀ ਯਾਦ ਸਤਾਉਣ ਲੱਗੀ। ਉਸ ਨੂੰ ਅਪਣੇ ਅਸਲੀ ਮਾਂ-ਬਾਪ ਅਤੇ ਭੈਣ-ਭਰਾ ਦੀ ਯਾਦ ਘੁਣ ਵਾਂਗ ਖ਼ਾਣ ਲੱਗੀ।

ਰਾਜੂ ਹੁਣ ਜਵਾਨੀ ਦੀਆਂ ਖ਼ੂਬਸੂਰਤ ਰੰਗੀਨ ਭਾਵਨਾਵਾਂ ਨਾਲ ਮਾਲਾ ਮਾਲ ਸੀ। ਉਸ ਦਾ ਛੇ ਫੁੱਟ ਭਰਵਾਂ ਕੱਦ ਕਾਠ ਕਿਸੇ ਤੇਜ਼ਸਵੀ ਝਰਨੇ ਦੀ ਰਵਾਨੀ ਵਾਂਗ ਵਹਿਣ ਲੱਗਾ। ਭਰ ਜਵਾਨੀ ਵਾਲੇ ਸਾਰੇ ਦੈਹਿਕ-ਭੌਤਿਕ ਤੱਤ ਉਸ ਨੂੰ ਚੇਤਨਤਾ ਨੂੰ ਟੁੰਬਦੇ। ਲਲਕ, ਪਲਕ, ਉਮੰਗ, ਤਰੰਗ ਉਸ ਦੇ ਜਿਸਮ ਚੋਂ ਖ਼ੁਸ਼ਬੂ ਪੈਦਾ ਕਰਦੇ। ਉਸ ਦੀ ਸੋਚ ਸਤੁੰਲਿਤ ਅਤੇ ਦਲੇਰ ਸੰਭਾਵਨਾਂ ਦੀ ਰਾਹਨੁਮਈ ਕਰਦੀ। ਕੀ ਚੰਗਾ? ਕੀ ਮਾੜਾ? ਉਸ ਦੀ ਸੋਚ ਵਿਚ ਤੈਰਦਾ।

ਉਸ ਨੇ ਅਪਣੇ ਇਕ ਦੋਸਤ ਨੂੰ ਮਸ਼ਵਿਰਾ ਦੇਦਿੰਆਂ ਕਿਹਾ ਕਿ ਯਾਰ ਤੂੰ ਇੰਝ ਕਰ ਮੇਰਾ ਮਾਮਾ-ਮਾਮੀ ਐਡਮੰਟਨ 'ਚ ਟਾਮਾਰਾਕ ਵਿਖੇ ਰਹਿੰਦੇ ਹਨ। ਉਨ੍ਹਾਂ ਤੋਂ ਸਾਰਾ ਭੇਦ ਲਿਆ ਕਿ ਮੇਰੇ ਅਸਲੀ ਮੰਮੀ-ਡੈਡੀ ਕਿਥੇ ਰਹਿੰਦੇ ਹਨ? ਉਨ੍ਹਾਂ ਦਾ ਫ਼ੋਨ ਨੰਬਰ ਵੀ ਲੈ ਕੇ ਆਵੀਂ। ਇਹ ਉਸ ਦਾ ਦੋਸਤ ਐਡਮੰਟਨ ਇਕੱਠੇ ਖੇਡਦੇ ਹੁੰਦੇ ਸੀ। ਗਰਊਂਡ ਵਿਚ ਮਾਮਾ-ਮਾਮੀ ਦੇ ਨਾਲ ਉਸ ਦੋਸਤ ਨਾਲ ਇਕੱਠੇ ਸਾਈਕਲ ਚਲਾਉਂਦੇ ਹੁੰਦੇ ਸੀ। ਇਹ ਦੋਸਤ ਮਾਮਾ-ਮਾਮੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਅਤੇ ਰਾਜੂ ਨਾਲ ਉਨ੍ਹਾਂ ਦੇ ਘਰ ਵੀ ਆਉਂਦਾ-ਜਾਂਦਾ ਸੀ।

ਉਹ ਦੋਸਤ ਮਾਮਾ-ਮਾਮੀ ਦੇ ਘਰ ਚਲਿਆ ਗਿਆ ਪਰ ਰਾਜੂ ਬਾਰੇ ਨਾ ਦੱਸਿਆ। ਇਕ ਭੇਤੀ ਬਣ ਕੇ ਗਿਆ। ਉਸ ਦੋਸਤ ਨੇ ਮਾਮਾ-ਮਾਮੀ ਕੋਲ ਸਾਰੇ ਹਾਲਾਤ ਜਾਣ ਲਏ। ਸਾਰੀ ਜਾਣਕਾਰੀ-ਇਕੱਠੀ ਕਰ ਲਈ

ਉਸ ਦੋਸਤ ਨੇ ਰਾਜੂ ਨੂੰ ਆ ਕੇ ਦੱਸਿਆ "ਕਿ ਰਾਜੂ, ਤੇਰੇ ਮੰਮੀ ਡੈਡੀ ਅਜਕਲ ਜਾਲੰਧਰ ਨਹੀਂ, ਐਡਮੰਟਨ ਵਿਚ ਹੀ ਰਹਿੰਦੇ ਹਨ। ਉਨ੍ਹਾਂ ਦਾ ਅਪਣਾ ਘਰ ਹੈ। ਅਤੇ ਐਹ ਉਨ੍ਹਾਂ ਦਾ ਫੋਨ ਨੰਬਰ ਹੈ।"

ਰਾਜੂ ਦੀ ਮਿਲਣਦੀ ਤੜਪ ਹੋਰ ਵੱਧ ਗਈ। ਖ਼ੁਸ਼ੀ ਵਿਚ ਉਸ ਦਾ ਮਨ ਪੀਂਘ ਪੁਲਾਰੇ ਖਾਣ ਲੱਗਾ। ਉਸ ਨੇ ਹਿੰਮਤ ਕਰਕੇ ਫੋਨ ਕੀਤਾ",

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਲਵਿੰਦਰ ਬਾਲਮ ਗੁਰਦਾਸਪੁਰ
ਮੋ. 98156-25409

ਤਾਂ ਫੋਨ ਉਸ ਦੀ ਮਾਂ ਨੇ ਚੁੱਕਿਆ। ਰਾਜੂ ਨੇ ਆਵਾਜ਼ ਪਹਿਚਾਣ ਲਈ ਸੀ, ਉਹ ਆਵਾਜ ਉਸ ਦੀ ਮਾਂ ਦੀ ਹੀ ਸੀ।

ਰਾਜੂ ਨੇ ਹੌਲੀ ਜਿਹੀ ਰੋਆਂਸੀ ਥਿੜਕਦੀ ਆਵਾਜ਼ ਵਿਚ ਕਿਹਾ," ਮਾਂ! ਰਾਜੂ ਦੀ ਮਾਂ ਦੇ ਇਕਦਮ ਹੋਸ਼ ਸੰਭਲ ਗਏ। ਕੰਨ ਖੜੇ ਹੋ ਗਏ। ਜਿਵੇਂ ਇਸ ਸਰਗੋਸੀ ਵਿਚ ਉਸ ਦੀਆਂ ਆਂਦਰਾਂ ਦੀ ਤੜਪ ਹੋਵੇ। ਸਾਰੇ ਸਰੀਰ ਵਿਚ ਇਕ ਭੂਮੀਗਤ ਅਣਪਛਾਣੀ ਜਗਿਆਸਾ ਮਈ ਇੱਛਾ ਦੀ ਦਰਦ ਭਰੀ ਲਹਿਰ ਦੋੜ ਗਈ ਹੋਵੇ।

ਉਸ ਦੀ ਮਾਂ ਨੇ ਜਗਿਆਸਾ ਦੀ ਤੀਬਰਤਾ ਖੋਹਣ ਦੀ ਕੋਸ਼ਿਸ਼ ਕਰਦੇ ਹੋਏ ਕਿਹਾ, 'ਕੌਣ, ਬੇਟਾ ਤੁਸੀ ਕੌਮ ਬੋਲ ਰਹੇ ਹੋ? ਕਿਸ ਨੂੰ ਮਿਲਆ ਏ ਬੇਟਾ?"

ਮਾਂ..ਮਾਂਮੈਂ.ਮੈਂ.ਰਾਜੂ ਬੋਲ ਰਿਹਾ ਹਾਂ।"

ਉਸ ਦੀ ਮਾਂ ਦੀ ਉੱਚੀ ਸਾਰੀ ਚੀਕ ਨਿਕਲ ਗਈ ਜਿਵੇਂ ਉਸ ਦੇ ਲਬਾ ਤੇ ਆਇਆ ਰਾਜੂ ਦਾ ਨਾਮ ਸੱਤ ਅਸਮਾਨ ਪਾਰ ਕਰ ਗਿਆ ਹੋਵੇ, ਇਕ ਗੂੰਜ ਸਤ ਸਮੁੰਦਰ ਚੀਰ ਗਈ। ਉਸ ਦੀ ਮਾਂ ਦੀਆਂ ਅੱਖਾਂ ਵਿਚੋਂ ਹੰਝੂ ਬਾਰਿਸ਼ ਵਾਂਗ ਟਪਕਣ ਲੱਗੇ। ਮੋਬਾਇਲ (ਰੀਸੀਵਰ) ਹੱਥਾਂ ਵਿਚ ਕੰਪਣਤਾ ਨੂੰ ਛੂਹ ਗਿਆ। ਸਮੁੰਦਰ ਦੀਆਂ ਕਈ ਲਹਿਰਾਂ ਜਿਸਮ ਚੋਂ ਆਰ-ਪਾਰ ਹੋ ਗਈਆਂ। ਜਿਵੇਂ ਸੂਰਜ ਚੰਦ ਸਿਤਾਰੇ ਇਕੱਠੇ ਚੜ੍ਹ ਗਏ ਹੋਣ। ਆਸਮਾਨ ਦਾ ਸਾਰਾ ਨਿਯਮ ਉਲਟ-ਪੁਲਟ ਹੋ ਗਿਆ ਹੋਵੇ ਜਿਵੇਂ ਸਾਰੀ ਧਰਤੀ ਉਸ ਦੀ ਹੋ ਗਈ ਹੋਵੇ। ਖ਼ੁਸ਼ੀ ਦੇ ਅਨੇਕਾਂ ਦੀਵੇ ਜਗਮਗਾ ਉੱਠੇ।

ਉਸ ਨੇ ਰੁਆਂਸੀ ਆਵਾਜ਼ ਵਿਚ ਇਕ ਲਲਕ ਇਕ ਲਪਕ ਦੀ ਤੜਪ ਵਿਚ ਕਿਹਾ, "ਮੇਰੇ ਪਿਆਰੇ ਪੁੱਤਰ ਤੂੰ ਕਿੱਥੇ ਆਂ? ਮੇਰੇ ਸੋਹਣੇ ਲਾਲ, ਮੇਰੇ ਬੇਟੇ, ਮੇਰੇ ਪੁੱਤਰ, ਮੇਰੇ ਚੰਨ, ਆ ਮੈਨੂੰ ਘੁੱਟ ਕੇ ਜੱਫੀ ਵਿਚ ਲੈ-ਲੈ। ਮੇਰੇ ਪੁਤਰ ਮੇਰੇ ਲਾਡਲੇ, ਤੂੰ ਇੱਥੇ ਏ, ਮੇਰੇ ਲਾਲ?

ਉਸ ਨੇ ਅੱਖਾਂ ਵਿਚ ਸੁਮੰਦਰ ਭਰਦੇ ਹੋਏ ਕਿਹਾ, " ਮਾਂ, ਮੈਨੂੰ ਤੁਹਾਡੇ ਬਾਰੇ ਸਾਰੀ ਜਾਣਕਾਰੀ ਮਿਲ ਗਈ ਹੈ। ਮੈਂ ਅਜਕਲ ਟਰਾਂਟੋ (ਕੈਨੇਡਾ) ਰਹਿੰਦਾ ਹਾਂ ਪਰ ਮੈਂ ਅਜਕਲ ਐਡਮੰਟਨ ਵਿਚ ਹੀ-ਹਾਂ। ਮੈਂ ਹੁਣ ਤੁਹਾਨੂੰ ਮਿਲਣ ਲਈ ਆਉਂਦਾ ਹਾਂ।

ਉਸ ਦਿਨ ਛੁੱਟੀ ਵਾਲਾ ਦਿਨ ਸੀ। ਉਸ ਦੀ ਮਾਂ ਨੇ ਸਾਰੇ ਪਰਿਵਾਰ ਨੂੰ ਖ਼ੁਸ਼ੀ ਵਿਚ ਮੁਧਿਆਂ ਹੁੰਦੇ ਹੋਏ ਦੱਸਿਆ ਕਿ ਮੇਰਾ ਬੇਟਾ ਰਾਜੂ ਆ ਰਿਹਾ ਹੈ। ਖ਼ੁਸ਼ੀ ਦਾ ਮਾਹੌਲ ਸਿਰ ਚੜ੍ਹ ਕੇ ਬੋਲਣ ਲੱਗਾ। ਜਿਵੇਂ ਖ਼ੁਸ਼ੀ ਦੇ ਅਸਮਾਨ 'ਚੋਂ ਸਾਰੇ ਤਾਰੇ ਉਨ੍ਹਾਂ ਦੀ ਝੋਲੀ ਵਿਚ ਆ ਡਿਗੇ ਹੋਣ ਤੇ ਸਾਂਭੇ ਨਾ ਜਾਂਦੇ ਹੋਣ।

ਸਾਰਾ ਪਰਿਵਾਰ ਘਰ ਦੇ ਬਾਹਰ ਖੜ੍ਹਾ ਹੋ ਗਿਆ। ਮਾਂ ਨੇ ਹੱਥਾਂ ਵਿਚ ਤੇਲ ਚੋਣ ਵਾਲੀ ਕੌਲੀ ਮਜ਼ਬੂਤੀ ਨਾਲ ਫੜੀ ਲਈ। ਜਿਵੇਂ ਕਿ ਮੰਦਿਰ 'ਚੋਂ ਕਿਸੇ ਭਗਵਾਨ ਦੇ ਦਰਸ਼ਨ ਕਰਨੇ ਹੋਣ ਸਾਕਾਰ ਰੂਪ ਵਿਚ।

ਕੁਝ ਸਮੇਂ ਦੇ ਬਾਅਦ ਘਰ ਦੇ ਸਾਹਮਣੇ ਇਕ ਕਾਲੇ ਰੰਗੀ ਦੀ ਖ਼ੂਬਸੂਰਤ ਕਾਰ 'ਚੋਂ ਜਦ ਉਹ ਬਾਹਰ ਨਿਕਲਿਆ ਤਾਂ ਮਾਂ ਨੇ ਝੱਟ ਪਹਿਚਾਣ ਲਿਆ। ਉਹ ਦਰਵਾਜ਼ੇ 'ਚੋਂ ਹੀ ਦੌੜੀ ਹੋਈ ਗਈ, ਤੇਲ ਵਾਲੀ ਕੌਲੀ ਨੇ ਰਾਜੂ ਦੀ ਆਮਦ ਵਿਚ ਅਭਿਆਦਨ ਦੀ ਮੁਦਰਾ ਵਿਚ ਧਰਤੀ ਨੂੰ ਸੰਵਾਰ ਦਿੱਤਾ। ਉਸ ਦੀ ਮਾਂ ਰਾਜੂ ਨਾਲ ਲਿਪਟ ਕੇ ਜ਼ੋਰ ਜ਼ੋਰ ਨਾਲ ਸਿਸਕਦੀਆਂ ਦੇ ਹੁਲਾਰਿਆਂ ਵਿਚ ਰੋਂਦੀ ਜਾ ਰਹੀ ਸੀ। ਮਾਂ ਨੇ ਉਸ ਨੂੰ ਚੁੰਮ-ਚੁੰਮ ਕੇ ਹਾਲੋ-ਬੇਹਾਲ ਕਰ ਲਿਆ। ਮਾਂ-ਪੁੱਤ ਘੁੱਟ ਕੇ ਜਫੀਆਂ ਪਾ ਕੇ ਮਿਲੇ ਜਿਵੇਂ ਸਦੀਆਂ ਦੀ ਮੋਹ ਦੀ ਪਿਆਸ ਬੁੱਜ ਗਈ ਹੋਵੇ। ਮਾਂ ਦੀਆਂ ਅਸੀਸਾਂ ਦਾ ਅਸਮਾਨ ਤਾਰਿਆਂ ਨਾਲ ਭਰ ਗਿਆ।

ਡੈਡੀ ਅਤੇ ਭੈਣ, ਭਰਾ ਮਿਲ। ਖ਼ੁਸ਼ੀ ਦੇ ਹੰਝੂਆਂ ਵਿਚ ਗਵਾਚਿਆ ਮੋਹ ਫਿਰ ਬੁਲੰਦੀ ਨੂੰ ਛੂਹ ਗਿਆ।

ਰਾਜੂ ਦੀ ਮਾਂ ਅਤੇ ਸਾਰੇ ਪਰਿਵਾਰ ਨਾਲ ਮਿਲ ਕੇ ਤਰ੍ਹਾਂ-ਤਰ੍ਹਾਂ ਦੇ ਮਿਸ਼ਠਾਣ, ਪਕਵਾਣ ਬਣਾ ਰੱਖੇ ਸੀ। ਸਭ ਬਾਰ-ਬਾਰ ਉਸ ਨੂੰ ਗਲੇ ਵਿਚ ਲੈਂਦੇ। ਮਾਂ ਤੇ ਜਿਵੇਂ ਮੀਰਾਂ ਹੋ ਗਈ ਹੋਵੇ।

ਸ਼ਾਮ ਦੇ ਵੇਲੇ ਰੋਟੀ ਪਾਣੀ ਖ਼ਾਣ ਤੋਂ ਪਹਿਲਾਂ ਰਾਜੂ ਨੂੰ ਉਸ ਦੀ ਮਾਂ ਨੇ ਜਗਿਆਸਾ ਮਈ ਲਿਲਕੜੀ ਵਿਚ ਪੁੱਛਿਆ, ਪੁੱਤਰ ਤੂੰ ਏਨੇ ਸਾਲ ਕਿੱਥੇ ਰਿਹਾ, ਮੇਰਾ ਲਾਡਲਾ, ਤੈਨੂੰ ਮਾਂ ਦੀਆਂ ਆਂਦਰਾਂ ਦਾ ਖਿਆਲ ਨਾ ਆਇਆ। ਮੇਰੇ ਲਾਲ ਤੈਨੂੰ ਸਾਡੀ ਕਦੀ ਯਾਦ ਨਾ ਆਈ?

ਤਾਂ ਰਾਜੂ ਨੇ ਸਾਰਾ ਵਜੂਦ ਇਕੱਠਾ ਕਰਦੇ ਹੋਏ ਅਪਣੇ ਹੌਸਲੇ ਦੀ ਬੇੜੀ ਨੂੰ ਪਾਰ ਲਗਾਂਦੇ ਹੋਏ ਦੱਸਿਆ, ਮਾਂ, ਜਦੋਂ ਮੈਨੂੰ ਪਤਾ ਲੱਗਾ ਕਿ ਤੁਸੀਂ ਮੇਰੇ ਅਸਲੀ ਮਾਤਾ-ਪਿਤਾ ਹੋ ਤਾਂ ਮੇਰਾ ਦਿਲ ਉਖੜ ਗਿਆ। ਫਿਰ ਮਾਮਾ-ਮਾਮੀ ਕੋਲ ਮੇਰਾ ਦਿਲ ਨਹੀਂ ਲੱਗਾ। ਦਿਨ-ਰਾਤ ਤੁਹਾਡੀ ਸਭ ਦੀ ਯਾਦ ਆਉਣ ਲੱਗੀ। ਵਾਪਿਸ ਮੈਂ ਆ ਨਹੀਂ ਸਾਂ ਸਕਦਾ। ਮੈਂ ਘਰੋਂ ਦੌੜਨ ਦਾ ਪ੍ਰਣ ਕਰ ਲਿਆ, ਕਈ ਉਚੇ ਨੀਵੇਂ ਮਾੜੇ ਚੰਗੇ ਖਿਆਲ ਆਏ। ਪਰ ਆਖੀਰ ਘਰੋਂ ਦੌੜ ਗਿਆ। ਗੁਰਦੁਆਰੇ ਚਲਾ ਗਿਆ। ਉਥੇ ਇਕ ਬਜ਼ੁਰਗ ਔਰਤ ਮਿਲੀ। ਉਸ ਨੇ ਮੈਨੂੰ ਪੁੱਛਿਆ, ਪੁੱਤਰ, ਤੇਰੇ ਨਾਲ ਕੌਣ ਏ? ਕਿਉਂਕਿ ਉਹ ਮੇਰੇ ਹੁਲੀਆ ਅਤੇ ਘਬਰਾਏ ਚਿਹਰੇ ਤੋਂ ਅੰਦਾਜ਼ਾ ਲਗਾ ਗਈ ਸੀ ਕਿ ਮੇਰੀ ਮਨੋਦਸ਼ਾ ਕੀ ਹੈ?

ਮੈਂ ਉਸ ਬਜ਼ੁਰਗ ਔਰਤ ਨੂੰ ਕਿਹਾ, ਕਿ ਮੇਰਾ ਇਸ ਦੁਨੀਆਂ 'ਤੇ ਕੋਈ ਨਹੀਂ ਹੈ, ਮੈਂ ਇਕੱਲਾ ਹੀ ਹਾਂ।

ਉਹ ਔਰਤ ਮੈਨੂੰ ਅਪਣੇ ਘਰ ਲੈ ਆਈ। ਉਹ ਇਕੱਲੀ ਹੀ ਰਹਿੰਦੀ ਸੀ। ਉਸ ਨੇ ਮੈਨੂੰ ਪਾਲਿਆ ਪੋਸਿਆ। ਕੁਝ ਸਾਲ ਬਾਅਦ ਉਸ ਦੀ ਮੌਤ ਹੋ ਗਈ। ਉਹ ਇਕ ਘਰ ਮੇਰੇ ਨਾਮ ਕਰ ਗਈ ਸੀ। ਮੈਂ ਉਹ ਘਰ ਵੇਚ ਕੇ ਟਰਾਂਟੋ ਚਲਾ ਗਿਆ। ਉਥੇ ਜਾ ਕੇ ਬਹੁਤ ਮਿਹਨਤ ਕੀਤੀ। ਕੁਝ ਸਾਲ ਟੈਕਸੀ ਚਲਾਈ ਅਤੇ ਫ਼ਿਰ ਕੁਝ ਸਾਲਾਂ ਬਾਅਦ ਮੈਂ ਇਕ ਟਰੱਕ ਖ਼ਰੀਦ ਲਿਆ। ਹੁਣ ਮੇਰੇ ਕੋਲ ਦੋ ਟਰੱਕ ਹਨ। ਮਾਂ-ਬਾਪ ਅਤੇ ਸਾਰਾ ਪਰਿਵਾਰ ਖ਼ੁਸ਼ੀ ਵਿਚ ਮਾਲਾ-ਮਾਲ ਹੋ ਗਏ। ਬੁੱਝਿਆ ਹੋਇਆ ਦੀਪਵ ਮੁੜ ਜਗ ਪਿਆ। ਖ਼ੁਸ਼ੀ, ਰੌਸ਼ਨੀ ਵਿਚ ਤਬਦੀਲ ਹੋ ਕੇ ਹਿਕ ਬੁਲੰਦੀ 'ਤੇ ਜਾ ਕੇ ਰੁਕ ਗਈ। ਕੁਝ ਦਿਨਾਂ ਦੇ ਬਾਅਦ ਰਾਜੂ ਨੇ ਅਪਣੇ ਪਰਿਵਾਰ ਦੀ ਸਹਿਮਤੀ ਨਾਲ ਸ਼ਾਦੀ ਕਰ ਲਈ।

# ਕਹਾਣੀ - ਸਿੱਖਿਆ ਦਾ ਵਪਾਰ

ਮੈਂ ਬੀ.ਐਡ. ਦਾ ਕੋਰਸ ਕਰਨ ਤੋਂ ਬਾਅਦ ਸ਼ਹਿਰ ਦੇ ਨਾਮਵਰ ਪ੍ਰਾਈਵੇਟ ਸਕੂਲ ਵਿੱਚ ਪੰਜਾਬੀ ਅਧਿਆਪਕ ਵਜੋਂ ਸੇਵਾ ਨਿਭਾਉਣ ਲਈ ਆਪਣਾ ਰਜ਼ਿਊਮ ਜਮ ?ਹਾਂ ਕਰਵਾ ਆਇਆ। ਕੁੱਝ ਦਿਨਾਂ ਬਾਅਦ ਮੈਨੂੰ ਸਕੂਲ ਵਾਲਿਆਂ ਨੇ ਫੋਨ ਕਰਕੇ ਇੰਟਰਵਿਊ ਲਈ ਬੁਲਾਇਆ। ਮੈਂ ਦਿੱਤੇ ਸਮੇਂ ਅਨੁਸਾਰ ਸਕੂਲ ਪਹੁੰਚ ਗਿਆ। ਸਕੂਲ ਦੇ ਪ੍ਰਿੰਸੀਪਲ ਜੀ ਤੇ ਦੋ ਹੋਰ ਅਧਿਆਪਕਾਂ ਨੇ ਅੰਗਰੇਜ਼ੀ ਭਾਸ਼ਾ ਵਿੱਚ ਮੇਰੀ ਇੰਟਰਵਿਊ ਸ਼ੁਰੂ ਕੀਤੀ। ਅੰਗਰੇਜ਼ੀ ਭਾਸ਼ਾ ਵਿੱਚ ਹੱਥ ਤੰਗ ਹੋਣ ਕਰਕੇ, ਮੈਂ ਹੇਠ ਉੱਤਾ ਜਾ ਕਰਕੇ ਅੰਗਰੇਜ਼ੀ ਵਿੱਚ ਇੰਟਰਵਿਊ ਦੇ ਦਿੱਤੀ। ਜਦੋਂ ਮੈਂ ਪੁੱਛਿਆ ਕਿ ਮੈਂ ਪੰਜਾਬੀ ਵਿਸ਼ਾ ਪੜਾਉਣਾ ਹੈ ਫੇਰ ਮੇਰੀ ਇੰਟਰਵਿਊ ਅੰਗਰੇਜ਼ੀ ਭਾਸ਼ਾ ਵਿੱਚ ਕਿਉਂ? ਤਾਂ ਪ੍ਰਿੰਸੀਪਲ ਜੀ ਕਹਿੰਦੇ,÷ ਸਾਡੇ ਬੱਚੇ ਅੰਗਰੇਜ਼ੀ ਵਿੱਚ ਹੀ ਪ੍ਰਸ਼ਨ ਪੁੱਛਣਗੇ।÷ ਮੈਂ ਚੁੱਪ ਹੋ ਗਿਆ ਤੇ ਸੋਚਣ ਲੱਗਾ ਚਲੋ ਕੋਈ ਨੀ, ਦੇਖਦੇ ਆ ਕੀ ਬਣਦਾ ਫੇਰ? ਉਨ੍ਹਾਂ ਨੇ ਮੈਨੂੰ ਪਚਵੰਜਾ ਸੌ ਰੁਪਏ ਮਹੀਨਾ ਤਨਖਾਹ ਤੇ ਰੱਖ ਲਿਆ। ਪਹਿਲੇ ਦੋ-ਤਿੰਨ ਦਿਨਾਂ ਵਿੱਚ ਇੱਕ ਗੱਲ ਸਮਝ ਲੱਗ ਗਈ ਸੀ ਕਿ ਉੱਚੀ ਦੁਕਾਨ ਫਿੱਕਾ ਪਕਵਾਨ। ਸਕੂਲ ਦਾ ਮਾਹੌਲ ਬੜਾ ਰੁੱਖਾ-ਰੁੱਖਾ ਸੀ। ਅਧਿਆਪਕਾਂ ਵਿੱਚ ਕੋਈ ਟਿਕਾਅ ਨਹੀਂ ਸੀ। ਸਾਰਿਆਂ ਵਿੱਚ ਇੱਕ ਅਜੀਬ ਜਿਹੀ ਰੇਸ ਲੱਗੀ ਹੋਈ ਸੀ। ਚਿਹਰਿਆਂ ਉੱਤੇ ਕੋਈ ਰੌਣਕ ਨਹੀਂ ਸੀ। ਕੋਈ ਜ਼ਿਆਦਾ ਕੰਮ ਦੇ ਵਜ਼ਨ ਨੂੰ ਰੋ ਰਿਹਾ ਸੀ ਤੇ ਕੋਈ ਨਿਗੁਣੀਆਂ ਤਨਖਾਹਾਂ ਨੂੰ। ਸਾਰੇ ਮਜ਼ਬੂਰੀ 'ਚ ਫਸੇ ਹੋਏ ਸਨ। ਦੂਜੇ ਪਾਸੇ ਬੱਚਿਆਂ ਦਾ ਪੱਧਰ ਬਹੁਤ ਨੀਵਾਂ ਸੀ ਨਾ ਉਹ ਘਰ ਦੇ ਸਨ ਤੇ ਨਾ ਹੀ ਘਾਟ ਦੇ ਕਿਉਂਕਿ ਨਾ ਉਹਨਾਂ ਨੂੰ ਚੰਗੀ ਤਰ੍ਹਾਂ ਪੰਜਾਬੀ ਆਉਂਦੀ ਸੀ ਨਾ ਹੀ ਅੰਗਰੇਜ਼ੀ। ਸਕੂਲ ਵਿੱਚ ਪੰਜਾਬੀ ਸਿਰਫ ਪੰਜਾਬੀ ਦੇ ਪੀਰੀਅਡਾਂ ਵਿੱਚ ਹੀ ਬੋਲੀ ਸੁਣੀ ਜਾਂਦੀ ਸੀ। ਬਾਕੀ ਪੰਜਾਬੀ ਬੋਲਣ ਤੇ ਪੂਰੀ ਤਰ੍ਹਾਂ ਰੋਕ ਸੀ। ਬੱਚੇ ਜਾਂ ਅੰਗਰੇਜ਼ੀ ਭਾਸ਼ਾ ਵਿੱਚ ਗੱਲਬਾਤ ਕਰ ਸਕਦੇ ਸਨ ਜਾਂ ਹਿੰਦੀ ਵਿੱਚ। ਪੰਜਾਬੀ ਬੋਲਣ ਵਾਲੇ ਬੱਚਿਆਂ ਤੇ ਜ਼ੁਰਮਾਨਾ ਥੋਪਿਆ ਹੋਇਆ ਸੀ। ਫਾਈਨਲ ਪੇਪਰਾਂ ਵਿੱਚ ਦੋ ਬੱਚੇ ਪੰਜਾਬੀ ਵਿਸ਼ੇ ਵਿੱਚੋਂ ਫੇਲ੍ਹ ਹੋ ਗਏ। ਜਦੋਂ ਮੈਂ ਦਫ਼ਤਰ ਵਿੱਚ ਪ੍ਰਿੰਸੀਪਲ ਜੀ ਤੋਂ ਨਤੀਜਾ ਰਜਿਸਟਰ ਤੇ ਦਸਤਖ਼ਤ ਕਰਵਾਉਣ ਗਿਆ ਤਾਂ ਪ੍ਰਿੰਸੀਪਲ ਜੀ ਨੇ ਫੇਲ੍ਹ ਬੱਚਿਆਂ ਦਾ ਨਤੀਜਾ ਦੇਖ ਕੇ ਕਿਹਾ,÷ ਸਰ ਆ ਕੀ ਕੀਤਾ ਤੁਸੀਂ ਦੋ ਬੱਚੇ ਫੇਲ੍ਹ ਕਰਤੇ? ਮੈਂ ਕਿਹਾ,÷ ਕਰੇ ਨੀ ਜੀ, ਹੋਏ ਨੇ। ਬੱਚਿਆਂ ਨੇ ਪੇਪਰ 'ਚ ਲਿਖਿਆ ਹੀ ਕੁੱਝ ਨੀ।÷ ਅੱਛਾ ! ਪ੍ਰਿੰਸੀਪਲ ਨੇ ਫੇਰ ਕਿਹਾ, ÷ਦੇਖੋ ਜੀ ! ਬੱਚੇ ਕੁੱਝ ਲਿਖਣ ਜਾਂ ਨਾ ਲਿਖਣ ਬੱਚੇ ਪਾਸ ਕਰੋ, ਉਹ ਵੀ ਚੰਗੇ ਨੰਬਰਾਂ ਨਾਲ, ਥੋੜ੍ਹਾ ਰੁਕ ਕੇ ਪ੍ਰਿੰਸੀਪਲ ਜੀ ਨੇ ਨਰਮਾਈ ਨਾਲ ਫੇਰ ਕਿਹਾ,÷ ਦੇਖ ਛੋਟੇ ਵੀਰ ਬੱਚੇ ਪੜ੍ਹਨ ਜਾਂ ਨਾ ਪੜ੍ਹਨ ਪਰ ਆਪਾਂ ਨੂੰ ਨਤੀਜਾ ਵਧੀਆ ਦੇਣਾ ਪੈਣਾ ਕਿਉਂਕਿ ਸਕੂਲ ਸਾਡਾ ਵਪਾਰ ਹੈ। ਲੱਖਾਂ ਰੁਪਏ ਲਏ ਨੇ ਇਨ੍ਹਾਂ ਤੋਂ ਆਪਾਂ ਨੇ, ਬੱਚੇ ਫੇਲ੍ਹ ਕਰਕੇ ਆਪਣਾ ਵਪਾਰ ਥੋੜ੍ਹਾ ਫੇਲ੍ਹ ਕਰਨੈ। ਇਸ ਕਰਕੇ ਵਧੀਆ ਨੰਬਰ ਦੇ ਕੇ ਬੱਚੇ ਪਾਸ ਕਰੋ।÷ ਮੈਂ ਕਿਹਾ ਮੇਰੇ ਤੋਂ ਨੀ ਹੋਣਾ ਜੀ, ਇਹ ਬੱਚਿਆਂ ਨਾਲ ਤੇ ਉਨ੍ਹਾਂ ਦੇ ਮਾਪਿਆਂ ਨਾਲ ਧੋਖਾ ਹੈ। ÷ਦੇਖਲੋ ਫੇਰ ਜਿਵੇਂ ਥੋਡੀ ਮਰਜ਼ੀ÷ ਪ੍ਰਿੰਸੀਪਲ ਜੀ ਨੇ ਹੌਲੀ ਜਿਹੀ ਕਿਹਾ। ਮੈਂ ਅਸਤੀਫਾ ਲਿਖ ਕੇ ਘਰ ਵਾਪਸ ਆ ਗਿਆ। ਇਸਤੋਂ ਬਾਅਦ ਮੈਨੂੰ ਪ੍ਰਿੰਸੀਪਲ ਦਾ ਦੋ - ਤਿੰਨ ਦਿਨ ਫੋਨ ਆਉਂਦਾ ਰਿਹਾ ਪਰ ਮੈਂ ਫੋਨ ਨੀ ਚੁੱਕਿਆ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਮਾਸਟਰ ਹੰਸ ਕਲੇਰ
9530570638

# ਔਰਤ ਤੇ ਮਰਦ ਦੀ ਬਰਾਬਰਤਾ ਦੇ ਘਰ ਹਾਲੇ ਦੂਰ



ਬੇਸ਼ੱਕ ਸਮੇਂ ਦੇ ਨਾਲ਼ ਮੁੰਡੇ ਤੇ ਕੁੜੀ ਦੇ ਲਿੰਗ-ਅਨੁਪਾਤ ਵਿਚਕਾਰਲਾ ਫ਼ਾਸਲਾ ਘਟਿਆ ਹੈ ਪਰ ਜੇਕਰ ਮਰਦ ਤੇ ਔਰਤ ਦੀ ਬਰਾਬਰਤਾ ਦੀ ਗੱਲ ਕਰੀਏ ਤਾਂ ਇਸ ਦੇ ਮੁੱਖ ਰੂਪ ਵਿੱਚ ਤਿੰਨ ਪਹਿਲੂ ਹਨ।ਇੱਕ ਪਾਸੇ ਔਰਤ ਅੱਜ ਹਰ ਖੇਤਰ ਵਿੱਚ ਮਰਦ ਦੇ ਮੋਢੇ ਨਾਲ਼ ਮੋਢਾ ਜੋੜ ਕੇ ਚੱਲ ਰਹੀ ਹੈ ਜਿਸ ਦੇ ਨਤੀਜੇ ਬਹੁਤ ਹੀ ਸਾਕਾਰਤਾਮਕ ਤਰੀਕੇ ਨਾਲ਼ ਸਾਡੇ ਸਾਹਮਣੇ ਆਏ ਹਨ ਤੇ ਆ ਰਹੇ ਹਨ।ਦੂਜੇ ਪਾਸੇ ਬਹੁਗਿਣਤੀ ਔਰਤਾਂ ਅੱਜ ਵੀ ਅਜਿਹੀਆਂ ਹਨ ਜਿਹੜੀਆਂ ਪੜ੍ਹਨ-ਲਿਖਣ ਦੇ ਬਾਵਜੂਦ ਵੀ ਮਰਦ 'ਤੇ ਨਿਰਭਰ ਹੀ ਨਹੀਂ ਕਰਦੀਆਂ ਸਗੋਂ ਉਸ ਦੇ ਰਹਿਮੋ-ਕਰਮ 'ਤੇ ਜ਼ਿੰਦਗੀ ਬਤੀਤ ਕਰ ਰਹੀਆਂ ਹਨ।

ਭਾਵੇਂ ਪੰਜਾਬ ਸਰਕਾਰ ਨੇ ਪੰਚਾਇਤਾਂ ਤੇ ਨਗਰ ਕੌਂਸਲਾਂ 'ਚ ਨੁਮਾਇੰਦਗੀ ਲਈ ਔਰਤਾਂ ਲਈ 50 ਫੀਸਦੀ ਸੀਟਾਂ ਰਾਖਵੀਆਂ ਰੱਖੀਆਂ ਹੋਈਆਂ ਹਨ ਪਰ ਜਿਆਦਾਤਰ ਇਹ ਸਭ ਮਹਿਜ਼ ਕਾਗਜੀ ਹੁਕਮ ਹੀ ਸਾਬਤ ਹੋਏ ਹਨ। ਅਸਲ ਵਿਚ ਬਹੁਤੀਆਂ ਸਰਪੰਚ ਤੇ ਐਮ.ਸੀ. ਔਰਤਾਂ ਦੇ ਦਫਤਰੀ ਕੰਮਕਾਜ ਉਨਾਂ ਦਾ ਪਤੀ, ਪੁੱਤਰ ਜਾਂ ਕੋਈ ਹੋਰ ਪਰਿਵਾਰਕ ਮੈਂਬਰ ਹੀ ਕਰਦਾ ਹੈ।ਅਜਿਹੇ 'ਚ ਔਰਤ ਵਲੋਂ ਮਰਦ ਦੀ ਬਰਾਬਰੀ ਅਸੰਭਵ ਹੀ ਜਾਪਦੀ ਹੈ। ਇਸ ਤੋਂ ਇਲਾਵਾ ਇਕ ਪਤਨੀ ਤਾ-ਉਮਰ ਆਪਣੇ ਪਤੀ ਨੂੰ 'ਤੁਸੀਂ' ਕਹਿ ਕੇ ਸੰਬੋਧਨ ਕਰਦੀ ਹੈ ਪਰ ਉਹੀ ਪਤੀ ਉਸਨੂੰ ਜ਼ਿੰਦਗੀ ਭਰ 'ਤੂੰ' ਹੀ ਕਹਿੰਦਾ ਹੈ।ਦੋਵਾਂ 'ਚ ਬਰਾਬਰੀ ਤਾਂ ਉਸ ਦਿਨ ਵੀ ਮੰਨੀ ਜਾਵੇਗੀ ਜਦੋਂ ਦੋਵੇਂ ਇੱਕ ਦੂਜੇ ਨੂੰ 'ਤੁਸੀਂ' ਜਾਂ 'ਜੀ' ਕਹਿ ਕੇ ਬੁਲਾਉਣਗੇ।

ਜਿੱਥੇ-ਜਿੱਥੇ ਮਰਦ ਨੇ ਔਰਤ ਦੀ ਕਾਬਲੀਅਤ ਪਛਾਣ ਕੇ ਉਸ ਨੂੰ ਆਪਣੇ ਬਰਾਬਰ ਖੜਨ ਦਾ ਮੌਕਾ ਦਿੱਤਾ ਹੈ ਉਸ ਔਰਤ ਦਾ ਸਵੈ-ਵਿਸ਼ਵਾਸ ਉਸ ਦੇ ਚਿਹਰੇ 'ਤੇ ਪਹਿਲੀ ਮੁਲਾਕਾਤੇ ਦੇਖਿਆ ਜਾ ਸਕਦਾ ਹੈ।ਉਸ ਦਾ ਗੱਲਬਾਤ ਕਰਨ ਦਾ ਸਲੀਕਾ ਉਸ ਦੀ ਸ਼ਖ਼ਸੀਅਤ ਨੂੰ ਹੋਰ ਨਿਖਾਰਦਾ ਹੈ।ਉਹ ਆਜ਼ਾਦ ਫ਼ਿਜ਼ਾ ਵਿੱਚ ਸਾਹ ਲੈਂਦੀ ਹੋਈ ਅੰਬਰੀ ਉਡਾਰੀਆਂ ਭਰਦੀ ਹੈ।ਅਜਿਹੀ ਔਰਤ ਜਿਸ ਕੰਮ ਨੂੰ ਵੀ ਹੱਥ ਪਾਉਂਦੀ ਹੈ ਉਸ ਵਿੱਚ ਉਹ ਕੰਮ ਬਾਖ਼ੂਬੀ ਪੂਰਾ ਕਰਨ ਦਾ ਜਜ਼ਬਾ ਭਰਿਆ ਹੁੰਦਾ ਹੈ।ਸ਼ੁਰੂਆਤ ਵਿੱਚ ਛੋਟੇ-ਛੋਟੇ ਕੰਮਾਂ ਵਿੱਚ ਸਫਲਤਾ ਮਿਲਣ 'ਤੇ ਉਸ ਦੀ ਹੌਸਲਾ-ਅਫ਼ਜ਼ਾਈ ਕਰਨ ਨਾਲ਼ ਉਹ ਦਿਨ-ਬ-ਦਿਨ ਸਫਲਤਾ ਦੀਆਂ ਪੌੜੀਆਂ ਚੜਦੀ ਹੋਈ ਆਪਣੀ ਇੱਕ ਅਲੱਗ ਪਹਿਚਾਣ ਬਣਾ ਲੈਂਦੀ ਹੈ।ਉਹ ਮੁਸਕਰਾਹਟਾਂ ਬਿਖ਼ੇਰਦੀ ਹੋਈ ਜਿੱਥੇ ਵੀ ਜਾਂਦੀ ਹੈ, ਆਪਣਾ ਆਲਾ-ਦੁਆਲਾ ਵੀ ਮਹਿਕਾ ਦਿੰਦੀ ਹੈ।ਉਹ ਆਪਣੇ ਉੱਪਰ ਕਦੇ ਵੀ ਨਾਂਹ ਪੱਖੀ ਵਿਚਾਰ ਹਾਵੀ ਨਹੀਂ ਹੋਣ ਦਿੰਦੀ।ਅਜਿਹੀਆਂ ਔਰਤਾਂ ਆਪ ਖ਼ੁਸ਼ ਰਹਿਣ ਦੇ ਨਾਲ਼-ਨਾਲ਼ ਦੂਜਿਆਂ ਨੂੰ ਖ਼ੁਸ਼ੀ ਦੇਣ ਨਾਲ਼ ਹੋਰ ਵੀ ਖ਼ੁਸ਼ੀ ਮਹਿਸੂਸ ਕਰਦੀਆਂ ਹਨ।

ਦੂਜੇ ਪਾਸੇ ਸਾਡੇ ਮਰਦ ਪ੍ਰਧਾਨ ਸਮਾਜ ਵਿੱਚ ਮਰਦ ਔਰਤ ਨੂੰ ਨੀਵਾਂ ਦਿਖਾਉਣ ਵਿੱਚ ਹੀ ਆਪਣੀ ਸ਼ਾਨ ਸਮਝਦੇ ਹਨ।ਅਕਸਰ ਕਈ ਪੜੇ-ਲਿਖੇ ਮਰਦ ਆਪਣੀ ਘਰਵਾਲੀ ਸਮੇਤ ਔਰਤਾਂ ਬਾਰੇ ਕਹਿੰਦੇ ਰਹਿੰਦੇ ਹਨ ਕਿ ਔਰਤ ਤਾਂ ਪੈਰ ਦੀ ਜੁੱਤੀ ਹੁੰਦੀ ਹੈ ਜਾਂ ਔਰਤ ਦੀ ਅਕਲ (ਮੱਤ) ਗਿੱਚੀ ਪਿੱਛੇ ਹੁੰਦੀ ਹੈ।ਉਹਨਾਂ ਮਰਦਾਂ ਨੂੰ ਦੱਸਣਾ ਬਣਦਾ ਹੈ ਕਿ ਜੇਕਰ ਔਰਤ ਦੀ ਮੱਤ ਉਮਰ ਦੇ ਪੰਜਾਹ-ਸੱਠ ਸਾਲ ਮਰਦ ਦੇ ਨਾਲ਼ ਬਿਤਾ ਕੇ ਵੀ ਗਿੱਚੀ ਦੇ ਪਿੱਛੇ ਹੀ ਰਹਿੰਦੀ ਹੈ ਤਾਂ ਫਿਰ ਇਸ ਵਿੱਚ ਕਸੂਰ ਕਿਸ ਦਾ ਹੈ? ਮਤਲਬ ਸਾਫ਼ ਹੈ ਕਿ ਜਾਂ ਤਾਂ ਔਰਤ ਨੂੰ ਮੱਤ ਆ ਗਈ ਤੇ ਜਾਂ ਫੇਰ ਉਹ ਮਰਦ ਹੀ ਬੇਅਕਲ ਹੈ ਜਿਸ ਦੇ ਨਾਲ਼ ਪੰਜਾਹ-ਸੱਠ ਸਾਲ ਰਹਿਣ ਦੇ ਬਾਵਜੂਦ ਵੀ ਔਰਤ ਦੀ ਮੱਤ ਗਿੱਚੀ ਦੇ ਪਿੱਛੇ ਹੀ ਹੈ।

ਇਸ ਕਿਸਮ ਦੀਆਂ ਔਰਤਾਂ ਜ਼ਿੰਦਗੀ ਭਰ ਕਦਮ-ਦਰ-ਕਦਮ ਸਮਝੌਤੇ ਕਰਦੀਆਂ ਰਹਿੰਦੀਆਂ ਹਨ।ਉਹ ਆਪਣੀ ਸਾਰੀ ਜ਼ਿੰਦਗੀ ਦੂਜਿਆਂ ਨੂੰ ਖ਼ੁਸ਼ ਕਰਨ ਵਿੱਚ ਹੀ ਲਾ ਦਿੰਦੀਆਂ ਹਨ।ਸਰਕਾਰ ਨੇ ਔਰਤਾਂ ਦੇ ਹੱਕਾਂ ਲਈ ਕਾਨੂੰਨ ਬਣਾਏ ਹੋਏ ਹਨ।ਔਰਤਾਂ ਦੀ ਸੁਰੱਖਿਆ ਲਈ ਚੌਵੀ ਘੰਟੇ ਹੈਲਪ-ਲਾਈਨਾਂ ਮੌਜੂਦ ਹਨ ਪਰ ਜਾਗਰੂਕਤਾ ਦੀ ਘਾਟ ਹੋਣ ਕਰ ਕੇ ਜਾਂ ਸਮਾਜ ਦੀ ਸ਼ਰਮ ਕਰ ਕੇ ਉਹ ਚੁੱਪ-ਚਾਪ ਲਗਾਤਾਰ ਜ਼ੁਲਮ ਸਹਿੰਦੀਆਂ ਰਹਿੰਦੀਆਂ ਹਨ ਤੇ ਜਦੋਂ ਜ਼ੁਲਮ ਸਹਿਣ ਦੀ ਸਮਰੱਥਾ ਖ਼ਤਮ ਹੋ ਜਾਂਦੀ ਹੈ ਤਾਂ ਉਹ ਕੋਈ ਖੂਹ-ਟੋਭਾ ਗੰਦਾ ਕਰ ਦਿੰਦੀਆਂ ਹਨ।

ਉਨਾਂ ਨੂੰ ਗੱਲ-ਗੱਲ 'ਤੇ ਨੀਵਾਂ ਦਿਖਾਉਣ ਨਾਲ਼ ਉਨਾਂ ਦਾ ਆਤਮ-ਵਿਸ਼ਵਾਸ ਖ਼ਤਮ ਹੋ ਜਾਂਦਾ ਹੈ ਤੇ ਉਹ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦੀਆਂ ਹਨ।ਇਹੀ ਹੀਣ ਭਾਵਨਾ ਅੱਗੇ ਜਾ ਕੇ ਮਾਨਸਿਕ ਰੋਗ ਦਾ ਰੂਪ ਲੈ ਲੈਂਦੀ ਹੈ।ਅਜਿਹੀ ਹਾਲਤ ਵਿੱਚ ਉਹ ਘੋਰ-ਨਿਰਾਸ਼ਾ ਦੇ ਆਲਮ ਵਿੱਚ ਡੁੱਬ ਜਾਂਦੀਆਂ ਹਨ ਤੇ ਹਾਸੇ-ਠੱਠੇ ਉਨਾਂ ਦੇ ਚਿਹਰੇ ਦੇ ਨੇੜੇ-ਤੇੜੇ ਵੀ ਨਹੀਂ ਆਉਂਦੇ।ਉਹ ਜਦੋਂ ਕਦੇ ਉਪਰੋਂ-ਉਪਰੋਂ ਹੱਸਣ ਜਾਂ ਮੁਸਕਰਾਉਣ ਦਾ ਯਤਨ ਵੀ ਕਰਦੀਆਂ ਹਨ ਤਾਂ ਉਸ ਹਾਸੇ ਦੇ ਓਪਰੇਪਣ ਦਾ ਝਲਕਾਰਾ ਉਨਾਂ ਦੇ ਚਿਹਰੇ 'ਤੇ ਸਾਫ਼ ਝਲਕਦਾ ਰਹਿੰਦਾ ਹੈ।ਉਸ ਔਰਤ ਦਾ ਹਰ ਵੇਲੇ ਉਦਾਸ ਜਿਹਾ ਚਿਹਰਾ ਦੇਖ ਕੇ ਉਸ ਦੇ ਬੱਚਿਆਂ ਦੇ ਕੋਮਲ ਚਿਹਰੇ ਵੀ ਬਹਾਰਾਂ ਆਉਣ ਤੋਂ ਪਹਿਲਾਂ ਹੀ ਕੁਮਲਾ ਜਾਂਦੇ ਹਨ।

ਇਸ ਚਰਚਾ ਦਾ ਤੀਜਾ ਪਹਿਲੂ ਉਨਾਂ ਔਰਤਾਂ ਬਾਰੇ ਹੈ ਜਿਹੜੀਆਂ ਆਪਣੇ ਹੱਕਾਂ ਪ੍ਰਤੀ ਪੂਰੀ ਤਰਾਂ ਨਾਲ਼ ਜਾਣੂ ਹਨ।ਉਨਾਂ ਨਾਲ਼ ਕੋਈ ਧੱਕਾ ਜਾਂ ਵਧੀਕੀ ਨਹੀਂ ਹੁੰਦੀ ਪਰ ਇਸ ਦੇ ਬਾਵਜੂਦ ਉਹ ਆਪਣੇ ਹੱਕਾਂ ਵਿੱਚ ਬਣੇ ਕਾਨੂੰਨਾਂ ਜਾਂ ਹੈਲਪ-ਲਾਈਨਾਂ ਦੀ ਸਹਾਇਤਾ ਨਾਲ਼ ਮਰਦਾਂ ਉੱਤੇ ਵਧੀਕੀ ਕਰਦੀਆਂ ਹਨ।ਜਿਨਾਂ ਔਰਤਾਂ ਨੂੰ ਅਸਲ ਵਿੱਚ ਸਹਾਇਤਾ ਦੀ ਲੋੜ ਹੈ ਉਨਾਂ ਵਿੱਚੋਂ ਬਹੁਤੀਆਂ ਨੂੰ ਤਾਂ ਅਜਿਹੇ ਕਾਨੂੰਨਾਂ ਬਾਰੇ ਪਤਾ ਹੀ ਨਹੀਂ ਹੈ।ਪਿੰਡਾਂ ਵਿੱਚ ਅੱਜ ਵੀ ਅਨੇਕਾਂ ਔਰਤਾਂ ਅਜਿਹੀਆਂ ਹਨ ਜਿਨਾਂ ਕੋਲ ਆਪਣੇ ਮੋਬਾਈਲ ਫ਼ੋਨ ਤੱਕ ਵੀ ਨਹੀਂ ਹਨ ਤੇ ਦੂਜੇ ਪਾਸੇ ਅਜਿਹੀਆਂ ਔਰਤਾਂ ਵੀ ਹਨ ਜਿਹੜੀਆਂ ਸੌ ਨੰਬਰ ਡਾਇਲ ਕਰਨ ਲੱਗੀਆਂ ਮਿੰਟ ਵੀ ਨਹੀਂ ਲਾਉਂਦੀਆਂ।ਇਸ ਲਈ ਗਲਤ-ਠੀਕ ਦਾ ਪਤਾ ਲਗਾਉਣ ਤੋਂ ਬਾਅਦ ਹੀ ਲੋੜਵੰਦ ਔਰਤਾਂ ਨੂੰ ਉਨਾਂ ਦੇ ਹੱਕ ਦਿਵਾਉਣ ਦੀ ਗੱਲ ਕੀਤੀ ਜਾਵੇ।

ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਅੱਜ ਤੀਕਰ ਔਰਤ ਦੀ ਅੱਧੀ ਜ਼ਿੰਦਗੀ ਤਾਂ ਆਪਣੀ ਹੋਂਦ ਦਰਸਾਉਂਦਿਆਂ ਹੀ ਲੰਘ ਜਾਂਦੀ ਹੈ।ਮਰਦਾਂ ਨੂੰ ਵੀ ਆਪਣੀ ਸੌੜੀ ਸੋਚ ਬਦਲਣੀ ਪਵੇਗੀ ਤਾਂ ਹੀ ਸਮਾਜ ਵਿੱਚ ਮਰਦ ਤੇ ਔਰਤ ਵਿੱਚ ਇੱਕ ਸੰਤੁਲਨ ਬਣੇਗਾ।ਅਸਲ ਵਿੱਚ ਮਰਦ ਤੇ ਔਰਤ ਦੀ ਬਰਾਬਰਤਾ ਦੇ ਘਰ ਅਜੇ ਵੀ ਦੂਰ ਹਨ।ਮਸਲਨ ਔਰਤਾਂ ਵੀ ਮਰਦਾਂ ਵਾਂਗ ਆਪਣੀ ਜ਼ਿੰਦਗੀ ਤੇ ਭਵਿੱਖ ਨਾਲ਼ ਸਬੰਧਿਤ ਫ਼ੈਸਲੇ ਖ਼ੁਦ ਕਰ ਸਕਣ ਦੇ ਸਮਰੱਥ ਹੋਣ।ਉਨਾਂ ਨੂੰ ਬਣਦੇ ਹੱਕ ਬਿਨਾ ਲੜਿਆਂ ਮਿਲਣ ਲੱਗ ਜਾਣ।ਮਰਦਾਂ ਵਾਂਗ ਉਹ ਵੀ ਦੇਰ ਰਾਤ ਤੱਕ ਬੇਖ਼ੌਫ ਹੋ ਕੇ ਸੜਕਾਂ 'ਤੇ ਆ-ਜਾ ਸਕਦੀਆਂ ਹੋਣ ਆਦਿ।ਕਾਂਵਾਂ-ਰੌਲ਼ੀ ਚਾਹੇ ਜਿੰਨੀ ਮਰਜ਼ੀ ਪਾਈ ਜਾਈਏ ਪਰ ਹਾਲਾਤ, ਮਾਹੌਲ ਤੇ ਸਮਾਂ ਬਦਲਣ ਦੇ ਨਾਲ਼-ਨਾਲ਼ ਜਦੋਂ ਸਾਡੀ ਸੋਚ ਵੀ ਬਦਲ ਜਾਵੇਗੀ, ਮਰਦ ਤੇ ਔਰਤ ਵਿੱਚ ਬਰਾਬਰਤਾ ਉਦੋਂ ਹੀ ਸੰਭਵ ਹੋ ਸਕਦੀ ਹੈ। ਓਦੋਂ ਤੱਕ ਤਾਂ ਇਹ ਹੀ ਕਹਿ ਸਕਦੇ ਹਾਂ ਕਿ ਔਰਤ ਤੇ ਮਰਦ ਦੀ ਬਰਾਬਰਤਾ ਦੇ ਘਰ ਹਾਲੇ ਦੂਰ ਹੀ ਹਨ।

**ਅਮਰਬੀਰ ਸਿੰਘ ਚੀਮਾ**
**ਸਰਹਿੰਦ, ਜ਼ਿਲਾ ਫ਼ਤਿਹਗੜ ਸਾਹਿਬ**
**ਮੋਬਾਈਲ ਨੰ: 9888940211**

# ਪਿਓ ਦਾ ਪਿਆਰ

ਪਿਓ ਦਾ ਪਿਆਰ ਕਿਸੇ ਵਿਸ਼ੇਸ਼ ਦਿਨ ਦਾ ਮੋਹਤਾਜ ਨਹੀਂ ਅਤੇ ਨਾਂ ਹੀ ਇੱਕ ਦਿਨ ਵਿਚ ਇਸ ਅਜੀਮ ਪਿਆਰ ਨੂੰ ਨਾਪਿਆ ਜਾ ਸਕਦਾ ਹੈ। ਬੱਚੇ ਦੀ ਜ਼ਿੰਦਗੀ ਵਿਚ ਜਿਵੇਂ ਮਾਂ ਦੀ ਕੋਈ ਜਗ੍ਹਾ ਨਹੀਂ ਲੈ ਸਕਦਾ ਉਵੇਂ ਹੀ ਪਿਤਾ ਦੀ ਭੂਮਿਕਾ ਬਹੁਤ ਅਹਿਮ ਹੈ, ਉਸ ਦੀ ਮੌਜੂਦਗੀ ਸਾਡੀ ਜ਼ਿੰਦਗੀ ਵਿੱਚ ਬਿਹਤਰ ਦਿਸ਼ਾ ਦਿਖਾਉਣ ਲਈ ਕਾਫੀ ਮੰਨੀ ਜਾਂਦੀ ਹੈ। ਜਦੋਂ ਪਿਤਾ ਨਾਲ ਰਿਸ਼ਤੇ ਦੀ ਗੱਲ ਆਉਂਦੀ ਹੈ, ਤਾਂ ਇਸ ਦੀ ਮਹੱਤਤਾ ਬਾਕੀ ਲੋਕਾਂ ਨਾਲੋਂ ਵੱਖਰੀ ਹੋ ਜਾਂਦੀ ਹੈ। ਬੱਚੇ ਦੇ ਜਨਮ ਤੋਂ ਹੀ ਪਿਤਾ ਉਸ ਦੇ ਵੱਡੇ ਹੋਣ, ਸਿੱਖਿਆ, ਨੌਕਰੀ, ਵਿਆਹ ਤਕ ਦੇ ਸੁਪਨੇ ਦੇਖ ਲੈਂਦਾ ਹੈ। ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਧਿਆਨ 'ਚ ਰੱਖਦਾ ਹੈ। ਜਦੋਂ ਬੱਚੇ ਦੇ ਮੋਢੇ 'ਤੇ ਪਿਤਾ ਦਾ ਹੱਥ ਹੁੰਦਾ ਹੈ ਤਾਂ ਉਸ ਨੂੰ ਅੱਧੀ ਸਫਲਤਾ ਉਦੋਂ ਹੀ ਮਿਲ ਜਾਂਦੀ ਹੈ। ਉਹ ਆਪਣੇ ਬੱਚੇ ਨੂੰ ਚੰਗੇ-ਮਾੜੇ ਦੀ ਪਰਖ ਕਰਨਾ, ਮੁਸੀਬਤਾਂ ਦਾ ਸਾਹਮਣਾ ਕਰਨਾ ਸਿਖਾਉਂਦਾ ਹੈ। ਇਕ ਪਿਤਾ ਗਾਈਡ ਬਣ ਕੇ ਆਪਣੇ ਬੱਚਿਆਂ ਨੂੰ ਦੁਨੀਆ ਨਾਲ ਜਾਣੂ ਕਰਵਾਉਂਦਾ ਹੈ, ਅਧਿਆਪਕ ਬਣ ਕੇ ਅਨੁਸ਼ਾਸਨ ਸਿਖਾਉਂਦਾ ਹੈ, ਗੁਰੂ ਬਣ ਕੇ ਗਿਆਨ ਦਿੰਦਾ ਹੈ, ਮਿੱਤਰ ਬਣ ਕੇ ਮੁਸੀਬਤ 'ਚ ਚੱਟਾਨ ਵਾਂਗ ਖੜ੍ਹਾ ਹੁੰਦਾ ਹੈ, ਲੋੜ ਪੈਣ 'ਤੇ ਹਨੇਰੇ 'ਚ ਪ੍ਰਕਾਸ਼ ਥੰਮ੍ਹ ਬਣ ਜਾਂਦਾ ਹੈ। ਇਸ ਲਈ ਕਿਹਾ ਜਾਂਦਾ ਹੈ ਕਿ ਇਕ ਪਿਤਾ ਸੌ ਅਧਿਆਪਕਾਂ ਤੋਂ ਵੱਧ ਹੁੰਦਾ ਹੈ। ਦੁਨੀਆ 'ਚ ਸਿਰਫ਼ ਇਕ ਪਿਤਾ ਹੀ ਹੁੰਦਾ ਹੈ, ਜੋ ਆਪਣੇ ਬੱਚੇ ਨੂੰ ਆਪਣੇ ਆਪ ਤੋਂ ਉੱਚਾ ਦੇਖਣਾ ਚਾਹੁੰਦਾ ਹੈ। ਉਨ੍ਹਾਂ ਨੂੰ ਆਪਣੇ ਤੋਂ ਵੱਧ ਕਾਮਯਾਬ ਦੇਖਣਾ ਚਾਹੁੰਦਾ ਹੈ।

ਪਿਓ-ਧੀ ਦਾ ਰਿਸ਼ਤਾ ਬਹੁਤ ਹੀ ਨਿਆਰਾ ਤੇ ਦਿਲ ਨੂੰ ਸਕੂਨ ਦੇਣ ਵਾਲਾ ਹੈ। ਬਾਬਲ ਆਪਣੀ ਲਾਡਲੀ ਨੂੰ ਚਾਵਾਂ ਨਾਲ ਪਾਲਦਾ-ਪੋਸਦਾ, ਉਸ ਦੀ ਕਿਲਕਾਰੀ ਦੀ ਗੂੰਜ ਨੂੰ ਮਾਣਦਾ ਹੈ। ਆਪਣੀ ਧੀ ਦੀ ਉਂਗਲੀ ਫੜ ਕੇ ਨਿੱਕੇ-ਨਿੱਕੇ ਕਦਮਾਂ ਨਾਲ ਚੱਲਣਾ ਸਿਖਾਉਂਦਾ ਹੈ। ਜ਼ਿੰਦਗੀ ਦੀਆਂ ਰਮਜ਼ਾਂ ਸਮਝਾਉਂਦਾ ਹੋਇਆ ਉਸ ਦੇ ਕਦਮਾਂ ਨੂੰ ਜੀਵਨ ਦੀਆਂ ਉਚੇਰੀਆਂ ਘਾਟੀਆਂ ਚੜ੍ਹਨ ਲਈ ਪ੍ਰੇਰਦਾ ਹੈ। ਆਪਣੀ ਬੱਚੀ ਨਾਲ ਆਤਮਿਕ ਸਾਂਝ ਪਾਉਂਦਾ ਹੋਇਆ ਉਸ ਨੂੰ ਜੀਵਨ ਵਿੱਚ ਸਹੀ ਢੰਗ ਨਾਲ ਵਿਚਰਨ ਦੀ ਜਾਚ ਸਿਖਾਉਂਦਾ ਹੈ। ਜਿਉਂ-ਜਿਉਂ ਧੀ ਵੱਡੀ ਹੁੰਦੀ ਹੈ ਬਾਪ ਦੇ ਮੱਥੇ 'ਤੇ ਚਿੰਤਾਵਾਂ ਦੀਆਂ ਲਕੀਰਾਂ ਪਰਪੱਕ ਹੋ ਜਾਂਦੀਆਂ ਹਨ। ਲਾਡਲੀ ਨੂੰ ਪੜ੍ਹਾ ਲਿਖਾ ਕੇ ਪੈਰੀਂ ਖੜ੍ਹਾ ਕਰਨ ਦੇ ਬਾਵਜੂਦ ਅਗਲੇ ਘਰ ਤੋਰਨ ਲਈ ਬਾਬਲ ਉਸ ਦੇ ਲਈ ਯੋਗ ਵਰ ਟੋਲਣ ਦਾ ਫ਼ਿਕਰ ਕਰਦਾ ਹੈ। ਵੇਲ ਵਾਂਗਰ ਵਧਦੀ ਧੀ ਬਾਪ ਨੂੰ ਮਹਿਮਾਨ ਨਜ਼ਰ ਆਉਣ ਲੱਗਦੀ ਹੈ। ਧੀ ਦੇ ਵੱਡਾ ਹੋਣ ਬਾਰੇ ਲੋਕ ਵੀ ਸੁਚੇਤ ਕਰਨ ਲੱਗ ਜਾਂਦੇ ਹਨ।

ਬੱਚਿਆਂ ਦੇ ਜੀਵਨ 'ਚ ਪਿਤਾ ਅਹਿਮ ਭੂਮਿਕਾ ਰੱਖਦਾ ਹੈ, ਕਿਉਂਕਿ ਜੋ ਜ਼ਿੰਮੇਵਾਰੀ ਇਕੱਲਾ ਪਿਤਾ ਆਪਣੇ ਬੱਚਿਆਂ ਪ੍ਰਤੀ ਨਿਭਾ ਸਕਦਾ ਹੈ, ਉਹ ਕਿੰਨੇ ਵੀ ਹੋਰ ਲੋਕ ਮਿਲ ਕੇ ਨਿਭਾਉਣ ਦੀ ਕੋਸ਼ਿਸ਼ ਕਰਨ, ਫਿਰ ਵੀ ਨਹੀਂ ਨਿਭਾ ਸਕਦੇ। ਜਿਸ ਪਿਤਾ ਨੇ ਸਾਨੂੰ ਇਹ ਦੁਨੀਆ ਦਿਖਾਈ ਹੈ, ਜਿਸ ਦੀ ਬਦੌਲਤ ਅੱਜ ਅਸੀਂ ਉੱਚੇ ਮੁਕਾਮ 'ਤੇ ਪਹੁੰਚ ਜਾਂਦੇ ਹਾਂ, ਉਸ ਨੂੰ ਭੁੱਲਣਾ ਬਹੁਤ ਮਾੜੀ ਗੱਲ ਹੈ। ਪਿਤਾ ਕੋਈ ਯਾਦ ਰੱਖਣ ਵਾਲੀ ਚੀਜ਼ ਨਹੀਂ, ਜਿਸ ਲਈ ਕੋਈ ਖ਼ਾਸ ਦਿਨ ਨਿਸ਼ਚਿਤ ਕਰਨ ਦੀ ਲੋੜ ਹੈ। ਇਸ ਲਈ ਬੱਚਿਆਂ ਨੂੰ ਚਾਹੀਦਾ ਹੈ ਕਿ ਉਹ ਮਾਂ-ਬਾਪ ਦੀ ਨਿਸਵਾਰਥ ਸੇਵਾ ਕਰਨ ਤੇ ਉਨ੍ਹਾਂ ਦਾ ਆਸ਼ੀਰਵਾਦ ਲੈਣ। ਮਾਂ ਦੇ ਪਿਆਰ 'ਚ ਜਿੱਥੇ ਮਮਤਾ ਹੁੰਦੀ ਹੈ, ਉੱਥੇ ਪਿਤਾ ਦੇ ਪਿਆਰ 'ਚ ਕਿਤੇ ਕਠੋਰਤਾ ਦੀ ਝਲਕ ਵੀ ਦਿਖਾਈ ਦਿੰਦੀ ਹੈ ਪਰ ਇਸ ਕਠੋਰਤਾ ਪਿੱਛੇ ਵੀ ਬੱਚਿਆਂ ਦੀ ਭਲਾਈ ਹੀ ਲੁਕੀ ਹੁੰਦੀ ਹੈ।

ਅੱਜ ਕੱਲ ਰਿਸ਼ਤੇ ਨਾਤੇ ਫਿੱਕੇ ਪੈ ਰਹੇ ਹਨ। ਮਾਂ-ਬਾਪ ਬਿਰਧ ਆਸ਼ਰਮਾਂ ਵਿੱਚ ਰੁਲ਼ ਰਹੇ ਹਨ। ਜਿਸ ਪਿਤਾ ਨੇ ਆਪਣੇ ਪੁੱਤਰ ਨੂੰ ਉਂਗਲ ਨਾਲ ਲਾ ਤੁਰਨਾ ਸਿਖਾਇਆ ਹੁੰਦਾ ਹੈ, ਉਹੀ ਬੁਢਾਪੇ ਵਿੱਚ ਉਸਨੂੰ ਆਪਣੇ ਉੱਤੇ ਬੋਝ ਸਮਝਣ ਲੱਗ ਜਾਂਦਾ ਹੈ। ਪਿਤਾ ਦੀ ਖੰਘਣ ਦੀ ਆਵਾਜ਼ ਵੀ ਉਸਦੇ ਮਨ ਅੰਦਰ ਬੇਚੈਨੀ ਪੈਦਾ ਕਰਦੀ ਹੈ। ਜਿਨ੍ਹਾਂ ਬੱਚਿਆਂ ਦੇ ਸਿਰਾਂ ਤੋਂ ਪਿਤਾ ਦੀ ਛਾਇਆ ਚਲੀ ਜਾਂਦੀ ਹੈ, ਜ਼ਿੰਦਗੀ ਦੇ ਦੁੱਖਾਂ ਨਾਲ ਦੋ ਚਾਰ ਹੋਣਾ ਪੈਂਦਾ ਹੈ, ਉਹੀ ਪਿਤਾ ਦੀ ਅਹਿਮੀਅਤ ਬਾਰੇ ਦੱਸ ਸਕਦੇ ਹਨ। ਧੀਆਂ ਫਿਰ ਵੀ ਆਪਣੇ ਪਿਤਾ ਨਾਲ ਅੰਦਰੋਂ ਮੋਹ ਕਰਦੀਆਂ ਹਨ, ਹਰ ਦੁੱਖ ਸੁੱਖ ਵਿੱਚ ਖੜ੍ਹਦੀਆਂ ਹਨ, ਪ੍ਰੰਤੂ ਪੁੱਤਰ, ਜਿਨ੍ਹਾਂ ਨੂੰ ਵੰਸ਼ਜ਼ ਕਿਹਾ ਜਾਂਦਾ ਹੈ, ਉਹੀ ਆਪਣੇ ਬੁੱਢੇ ਮਾਪਿਆਂ ਨੂੰ ਦੁਰਕਾਰਦੇ ਹਨ। ਬਹੁਤ ਸਾਰੇ ਮਾਪੇ ਅਜਿਹੇ ਹਨ, ਜਿਨ੍ਹਾਂ ਦੇ ਤਿੰਨ ਚਾਰ ਪੁੱਤਰ ਹਨ, ਉਹ ਰੁਲ਼ਦੇ ਹਨ। ਜਿਨ੍ਹਾਂ ਦੇ ਕੇਵਲ ਧੀ ਹੀ ਹੈ ਉਹ ਅਰਾਮ ਦੀ ਰੋਟੀ ਖਾਂਦੇ ਹਨ। ਅੱਜ ਦੀ ਨਵੀਂ ਪੀੜ੍ਹੀ ਵਿੱਚੋਂ ਮਾਪਿਆਂ ਦੇ ਸਤਿਕਾਰ ਦੀਆਂ ਗੱਲਾਂ ਬਿਲਕੁਲ ਮਨਫੀ ਹੋ ਰਹੀਆਂ ਹਨ। ਬੱਚੇ ਮਾਰਡਨ ਜ਼ਿੰਦਗੀ ਜਿਉਣ ਵਿੱਚ ਵਿਸ਼ਵਾਸ ਕਰਨ ਲੱਗ ਗਏ ਹਨ। ਉਨ੍ਹਾਂ ਵਿੱਚ ਵੱਡਿਆਂ ਪ੍ਰਤੀ ਸਤਿਕਾਰ ਦੀ ਭਾਵਨਾ ਬਹੁਤ ਘਟ ਗਈ ਹੈ। ਪਿਤਾ ਦਿਵਸ 'ਤੇ ਆਪਣੇ ਬਜ਼ੁਰਗਾਂ ਦਾ ਦਿਲੋਂ ਸਤਿਕਾਰ ਕਰਨ ਦੀ ਜਰੂਰਤ ਹੈ। ਜੇਕਰ ਅਸੀਂ ਆਪਣੇ ਦਿਲ ਵਿੱਚ ਬਜ਼ੁਰਗਾਂ ਪ੍ਰਤੀ ਸਤਿਕਾਰ ਲੈ ਕੇ ਚੱਲਾਂਗੇ ਤਾਂ ਹਰ ਰੋਜ਼ ਹੀ 'ਹੈਪੀ ਫਾਦਰਜ਼ ਡੇ' ਹੋਵੇਗਾ। ਸਾਨੂੰ ਸਿਰਫ ਪਿਤਾ ਦਿਵਸ 'ਤੇ ਹੀ ਨਹੀਂ ਬਲਕਿ ਹਮੇਸ਼ਾ ਹੀ ਪਿਤਾ ਨੂੰ ਮਾਣ ਸਤਿਕਾਰ ਦੇਣਾ ਚਾਹੀਦਾ ਹੈ।

**ਰਾਜਿੰਦਰ ਰਾਣੀ**
**ਪਿੰਡ ਗੰਢੂਆਂ ਜ਼ਿਲ੍ਹਾ ਸੰਗਰੂਰ**

# ਰਾਣੀ ਲਕਸ਼ਮੀ ਬਾਈ ਨੂੰ ਯਾਦ ਕਰਦਿਆਂ

ਝਾਂਸੀ ਦੀ ਰਾਣੀ (ਮਣੀਕਰਨਿਕਾ )ਦਾ ਪੂਰਾ ਨਾਂ ਰਾਣੀ ਲਕਸ਼ਮੀਬਾਈ ਸੀ ।ਝਾਸੀ ਜਨਮ 19 ਨਵੰਬਰ 1828 ਨੂੰ ਕਾਸ਼ੀ (ਉੱਤਰ ਪ੍ਰਦੇਸ਼ )ਭਾਰਤ ਵਿੱਚ ਹੋਇਆ। ਮੋਰੋਪੰਤ ਤਾਂਬੇ ਉਸਦੇ ਪਿਤਾ ਜੀ ਸਨ ਅਤੇ ਉਸਦੀ ਮਾਤਾ ਦਾ ਨਾਂ ਭਾਗੀਰਥੀ ਸਪਰੇ ਸੀ। ਜਦੋਂ ਉਹ ਬਚਪਨ ਵਿੱਚ ਸ਼ਿਕਾਰ ਖੇਡਦੀ, ਨਕਲੀ ਜੰਗ ਦੇ ਮੈਦਾਨ ਨੂੰ ਉਸਾਰਦੀ ਤਾਂ ਉਸ ਦੀਆਂ ਤਲਵਾਰਾਂ ਦੇ ਵਾਰ ਵੇਖ ਕੇ ਮਰਾਠੇ ਵੀ ਖੁਸ਼ ਹੋ ਜਾਂਦੇ ਸਨ ।4 ਸਾਲ ਦੀ ਉਮਰ ਵਿੱਚ ਉਸਦੀ ਮਾਂ ਮਰ ਗਈ ਸੀ।ਲਕਸਮੀਬਾਈ ਰਾਣੀ ਨੂੰ 'ਝਾਂਸੀ ਦੀ ਰਾਣੀ'ਦੀ ਉਪਾਧੀ ਮਿਲ਼ੀ ਸੀ ।ਉਸਦਾ ਵਿਆਹ ਮਹਾਰਾਜਾ ਗੰਗਾਧਰ ਰਾਓ ਨਾਲ ਹੋਇਆ। ਵਿਆਹ ਦੇ ਮਗਰੋਂ ਉਸਨੂੰ ਲਕਸ਼ਮੀਬਾਈ ਦਾ ਨਾਂ ਦਿੱਤਾ ਗਿਆ।



ਦੱਸਿਆ ਗਿਆ ਹੈ ਕਿ ਉਸਦੇ ਦੋ ਬੱਚੇ ਸਨ।ਦਮੋਦਰ ਰਾਓ ਅਤੇ ਅਨੰਦ ਰਾਓ(ਗੋਦ ਲਿਆ) ਹਨ।ਉਸਦਾ ਪੁੱਤਰ ਦਮੋਦਰ ਰਾਓ ਚਾਰ ਮਹੀਨਿਆਂ ਬਾਅਦ ਮਰ ਗਿਆ ਸੀ।ਫਿਰ ਗੋਦ ਲਏ ਪੁੱਤਰ ਦਾ ਨਾਂ ਬਦਲ ਕੇ ਦਮੋਦਰ ਰਾਓ ਰੱਖਿਆ ਗਿਆ ਸੀ। ਨਵੰਬਰ 1853 ਵਿੱਚ ਮਹਾਰਾਜੇ ਦੀ ਮੌਤ ਤੋਂ ਬਾਅਦ, ਕਿਉਂਕਿ ਦਾਮੋਦਰ ਰਾਓ (ਆਨੰਦ ਰਾਓ) ਇੱਕ ਗੋਦ ਲਿਆ ਪੁੱਤਰ ਸੀ, ਬ੍ਰਿਟਿਸ਼ ਈਸਟ ਇੰਡੀਆ ਕੰਪਨੀ, ਗਵਰਨਰ-ਜਨਰਲ ਲਾਰਡ ਡਲਹੌਜ਼ੀ ਦੇ ਅਧੀਨ, ਦਮੋਦਰ ਰਾਓ ਦੇ ਗੱਦੀ ਲਈ ਦਾਅਵੇ ਨੂੰ ਰੱਦ ਕਰਦੇ ਹੋਏ, ਲੈਪਸ ਦੇ ਸਿਧਾਂਤ ਨੂੰ ਲਾਗੂ ਕੀਤਾ ਅਤੇ ਰਾਜ ਨੂੰ ਇਸ ਦੇ ਪ੍ਰਦੇਸ਼ਾਂ ਨਾਲ ਜੋੜਨਾ ਸ਼ੁਰੂ ਕੀਤਾ। ਜਦੋਂ ਲਕਸ਼ਮੀਬਾਈ ਨੂੰ ਇਸ ਬਾਰੇ ਸੂਚਿਤ ਕੀਤਾ ਗਿਆ ਤਾਂ ਉਸ ਨੇ ÷ਮੈਂ ਆਪਣੀ ਝਾਂਸੀ ਨਹੀਂ ਦੇਵਾਂਗੀ ÷ (ਮੈਂ ਆਪਣੀ ਝਾਂਸੀ ਨੂੰ ਸਮਰਪਣ ਨਹੀਂ ਕਰਾਂਗੀ) ਚੀਕਿਆ। ਮਾਰਚ 1854 ਵਿੱਚ, ਰਾਣੀ ਲਕਸ਼ਮੀਬਾਈ ਨੂੰ ਰੁਪਏ ਸਾਲਾਨਾ ਪੈਨਸ਼ਨ ਦਿੱਤੀ ਗਈ। 60,000 ਰੁਪਏ ਅਤੇ ਮਹਿਲ ਅਤੇ ਕਿਲਾ ਛੱਡਣ ਦਾ ਹੁਕਮ ਦਿੱਤਾ।ਵਿਸ਼ਨੂੰ ਭੱਟ ਗੋਡਸੇ ਦੇ ਅਨੁਸਾਰ, ਰਾਣੀ ਨਾਸ਼ਤੇ ਤੋਂ ਪਹਿਲਾਂ ਵੇਟਲਿਫਟਿੰਗ, ਕੁਸ਼ਤੀ ਅਤੇ ਸਟੀਪਲਚੇਜ਼ਿੰਗ ਵਿੱਚ ਕਸਰਤ ਕਰੇਗੀ। ਇੱਕ ਬੁੱਧੀਮਾਨ ਅਤੇ ਸਧਾਰਨ ਕੱਪੜੇ ਪਹਿਨਣ ਵਾਲੀ ਔਰਤ, ਉਸ ਨੇ ਵਪਾਰਕ ਤਰੀਕੇ ਨਾਲ ਰਾਜ ਕੀਤਾ।1857 ਈ. ਵਿੱਚ ਵਿਦਰੋਹ ਹੋਇਆ ਜਿਸ ਵਿੱਚ ਰਾਣੀ ਲਕਸ਼ਮੀਬਾਈ ਨੇ ਆਪਣੀ ਬਹਾਦਰੀ ਦਿਖਾਈ। ਇਸ ਆਜ਼ਾਦੀ ਦੀ ਇਸ ਲੜਾਈ ਵਿੱਚ ਰਾਣੀ ਦੇ ਨਾਲ ਉਸਦੇ ਬਹਾਦੁਰ ਸਾਥੀ ਤਾਂਤੀਆਂ ਟੋਪੇ ਅਜੀਮੁੱਲਾ,ਅਹਿਮਦ ਸ਼ਾਹ ਮੌਲਵੀ ,ਰਘੁਨਾਥ ਸਿੰਘ ,ਜਵਾਹਰ ਸਿੰਘ ,ਰਾਮਚੰਦਰ ਬਹਾਦਰੀ ਨਾਲ ਲੜੇ ਅਤੇ ਸ਼ਹੀਦ ਹੋਏ । ਗੌਸ ਖਾਂ ਅਤੇ ਖੁਦਾ ਬਖਸ਼ ਜਿਹੇ ਤੋਪਚੀਆਂ ਨੇ ਅੰਤਿਮ ਸਾਹ ਤੱਕ ਆਜ਼ਾਦੀ ਲਈ ਵੀਰ ਰਾਣੀ ਦਾ ਸਾਥ ਦਿੱਤਾ । ਇਸ ਲੜਾਈ ਵਿੱਚ ਜਰਨਲ ਹਿਊ ਰੋਜ ਨਾਲ ਰਾਣੀ ਨੇ ਯੁੱਧ ਕੀਤਾ । 17 ਜੂਨ ਨੂੰ ਜਨਰਲ ਹਿਊ ਰੋਜ ਨੇ ਗਵਾਲੀਅਰ ਉੱਤੇ ਹਮਲਾ ਕੀਤਾ ।ਦੱਸਿਆ ਜਾਦਾ ਹੈ ਕਿ ਇਸ ਸੰਘਰਸ਼ ਵਿੱਚ ਰਾਣੀ ਦੀ ਫ਼ੌਜੀ ਸਹੇਲੀ ਮੁੰਦਰ ਵੀ ਸ਼ਹੀਦ ਹੋ ਗਈ । ਕਿਹਾ ਜਾਦਾ ਹੈ ਕਿ ਅੰਗਰੇਜ਼ ਸੈਨਿਕਾਂ ਨੇ ਪਹਿਲਾ ਵਾਰ ਰਾਣੀ ਦੇ ਸਿਰ ਉੱਤੇ ਪਿੱਛੋਂ ਦੀ ਕੀਤਾ ਅਤੇ ਦੂਜਾ ਵਾਰ ਉਸ ਦੇ ਸੀਨੇ ਉੱਤੇ । ਚਿਹਰੇ ਦਾ ਹਿੱਸਾ ਕੱਟਣ @ਤੇ ਇੱਕ ਅੱਖ ਨਿਕਲ ਕੇ ਬਾਹਰ ਆ ਗਈ । ਇਸ ਸੱਟ ਨਾਲ ਹੀ ਘੋੜੇ ਤੋਂ ਡਿੱਗ ਗਈ । ਅੰਤਿਮ ਸਾਹਾਂ ਦੇ ਦੌਰਾਨ ਰਾਣੀ ਲਕਸ਼ਮੀਬਾਈ ਨੇ ਰਘੁਨਾਥ ਸਿੰਘ ਨੂੰ ਕਿਹਾ ਮੇਰੇ ਸਰੀਰ ਨੂੰ ਗੋਰੇ ਛੂਹ ਨਾ ਸਕਣ ।ਉਸਦੇ ਫ਼ੌਜੀ ਰਾਣੀ ਦੀ ਅਰਥੀ ਬਾਬਾ ਗੰਗਾ ਦਾਸ ਦੀ ਕੁਟਿਆ ਵਿੱਚ ਲੈ ਗਏ, ਜਿਥੇ ਰਾਣੀ ਨੇ ਪ੍ਰਾਣ ਤਿਆਗ ਦਿੱਤੇ ।ਰਘੁਨਾਥ ਸਿੰਘ ਵੈਰੀਆਂ ਨੂੰ ਭਰਮਾਉਣ ਲਈ ਰਾਤ ਭਰ ਬੰਦੂਕ ਚਲਾਉਂਦਾ ਰਿਹਾ ਅਤੇ ਅੰਤ ਵਿੱਚ ਵੀਰਗਤੀ ਨੂੰ ਪ੍ਰਾਪਤ ਹੋਇਆ, ਉਨ੍ਹਾਂ ਦੇ ਨਾਲ ਹੀ ਕਾਸ਼ੀ ਬਾਈ ਵੀ ਸ਼ਹੀਦ ਹੋਈ ।18 ਜੂਨ 1858 ਨੂੰ ਰਾਣੀ ਲਕਸ਼ਮੀਬਾਈ ਸ਼ਹੀਦੀ ਪ੍ਰਾਪਤ ਕਰ ਗਈ ਸੀ ।

**ਪ੍ਰੋ.ਗਗਨਦੀਪ ਕੌਰ ਧਾਲੀਵਾਲ**

# ਪ੍ਰੀਤ ਫੁਲਵਾੜੀ

## ਦੇਸੀ ਖਾਣਾ

ਰੋਟੀ ਮੱਕੀ ਦੀ ਸਰੋਂ ਦਾ ਸਾਗ
ਹੁਣ ਨਾ ਹਰ ਰੋਜ਼ ਘਰਾਂ ਵਿੱਚ ਬਣਦਾ!
ਹੁਣ ਨਾ ਡੇਲਿਆ ਦਾ ਅਚਾਰ ਕੋਈ ਘਰ ਪਾਵੇ
ਨਾ ਹੀ ਸਰੋਂ ਦੇ ਸਾਗ ਤੇ ਮੱਖਣ ਤਰਦਾ!
ਹੁਣ ਕੋਈ ਨਾਂ ਮੱਕੀ ਦੀ ਰੋਟੀ ਤੇ ਮਿਰਚਾਂ ਭੁਕਕੇ
ਹਰੇਕ ਬੁਰਕੀ ਨਾਲ ਲੱਸੀ ਦੀ ਘੁੱਟ ਭਰਦਾ!
ਹੁਣ ਤਾਂ ਘਰਾਂ ਚੋਂ ਦਾਲ ਰੋਟੀ ਵੀ ਉਡ ਚੱਲੀ
ਕਈਆਂ ਦਾ ਕੜੀ ਚੌਲ ਬਿਨਾਂ ਨਹੀਂ ਸਰਦਾ!
ਲੋਕੀਂ ਢਾਬਿਆਂ ਤੇ ਜਾ ਰੋਟੀ ਖਾਣੀ ਪਸੰਦ ਕਰਦੇ
ਨਾਲੇ ਫ਼ੋਟੋ ਖਿੱਚ ਪਾਉਂਦੇ ਸਭ ਚੁਕ ਦਿੱਤਾ ਪਰਦਾ!
ਹੁਣ ਪੀਜ਼ਾ ਬਜ਼ਾਰੋਂ ਘਰਾਂ ਵੱਲ ਆਉਣ ਲੱਗਾ
ਸਾਰਾ ਪ੍ਰੀਵਾਰ ਪੀਜਾ ਖਾਕੇ ਡਿਨਰ ਹੈ ਕਰਦਾ!
ਮੁੱਲਾਂਪੁਰ ਔਰਤ ਨੂੰ ਰਸੋਈ ਤੋਂ ਨਫ਼ਰਤ ਹੋਣ ਲੱਗੀ
ਹੁਣ ਔਰਤ ਦਾ ਮਰਦ ਤੇ ਹੁਕਮ ਹੈ ਚਲਦਾ!

**ਸੁਖਵਿੰਦਰ ਸਿੰਘ ਮੁੱਲਾਂਪੁਰ**
**ਕੈਲਪੁਰ ਰੋਡ ਮੁੱਲਾਂਪੁਰ ਦਾਖਾ**

## ਕਵਿਤਾ

ਰੁੱਖ ਨੇ ਸਾਡੇ ਯਾਰ
ਰੁੱਖ ਨੇ ਸਾਡੇ ਯਾਰ ਬੱਚਿਓ,
ਕਰੋ ਇਨ੍ਹਾਂ ਨੂੰ ਪਿਆਰ ਬੱਚਿਓ।
ਇਹ ਸਭ ਨੂੰ ਆਕਸੀਜਨ ਦੇ ਕੇ,
ਜਿਉਂਦਾ ਰੱਖਣ ਸੰਸਾਰ ਬੱਚਿਓ।
ਜੋ ਇਨ੍ਹਾਂ ਦੀ ਠੰਢੀ ਛਾਵੇਂ ਬੈਠਣ,
ਉਹ ਭੁੱਲਣ ਗਰਮੀ ਦੀ ਮਾਰ ਬੱਚਿਓ।
ਅਸੀਂ ਬਣਾਏ ਮਕਾਨ ਆਪਣੇ ਲਈ,
ਇਹ ਪੰਛੀਆਂ ਦੇ ਘਰ, ਬਾਰ ਬੱਚਿਓ।
ਸਾਡੇ ਮਕਾਨ ਇਨ੍ਹਾਂ ਬਿਨਾਂ ਅਧੂਰੇ,
ਇਹ ਨੇ ਦਵਾਈਆਂ ਦੇ ਭੰਡਾਰ ਬੱਚਿਓ।
ਇਹ ਧਰਤੀ ਤੇ ਵਰਖਾ ਲਿਆਉਂਦੇ ਨੇ,
ਸਮਝੋ ਨਾ ਇਨ੍ਹਾਂ ਨੂੰ ਬੇਕਾਰ ਬੱਚਿਓ।
ਜੇ ਕਰ ਜਿਉਂਦੇ ਰਹਿਣਾ ਜੱਗ ਤੇ,
ਲਾਓ ਨਵੇਂ ਬੂਟੇ ਵਿੱਚ ਕਤਾਰ ਬੱਚਿਓ।

**ਮਹਿੰਦਰ ਸਿੰਘ ਮਾਨ**
**ਫੋਨ - 9915803554**

## ਸਾਈਕਲ

ਸਾਈਕਲ ਦੇ ਨੇ ਅਜਬ ਨਜ਼ਾਰੇ।
ਕਈ ਰੰਗਾਂ ਵਿੱਚ ਵਿਕਣ ਪਿਆਰੇ।
ਰੱਖ-ਰਖਾਓ ਨਹੀਂ ਕੋਈ ਬਹੁਤਾ।
ਘਰ ਦੇ ਵਿੱਚ ਹੀ ਜਾਵੇ ਧੋਤਾ।
ਤੇਲ, ਲਾਇਸੰਸ ਦੀ ਲੋੜ ਨਾ ਪੈਂਦੀ।
ਜਿਸਮ ਦੀ ਪੂਰੀ ਵਰਜ਼ਿਸ਼ ਹੁੰਦੀ।
ਵੱਧ ਤੋਂ ਵੱਧ ਜੇ ਸਾਈਕਲ ਚਲਾਓ।
ਪ੍ਰਦੂਸ਼ਣ ਦੀ ਮਾਰ ਘਟਾਓ।
ਬੀਮਾਰੀ ਤੋਂ ਜੇ ਬਚਣਾ ਚਾਹੀਏ।
ਸਾਈਕਲ ਤੇ ਹੀ ਆਈਏ ਜਾਈਏ।
ਸਾਈਕਲ ਨੂੰ ਜੇ ਅਪਣਾਵਾਂਗੇ।
ਰੋਗੀ ਹੋਣ ਤੋਂ ਬਚ ਜਾਵਾਂਗੇ।

**ਪ੍ਰੋ. ਨਵ ਸੰਗੀਤ ਸਿੰਘ**
(9417692015)

## ਜ਼ਿੰਦਗੀ

ਜ਼ਿੰਦਗੀ ਜ਼ਿੰਦਗੀ ਦਾ ਫਰਕ ਮਿੱਤਰਾ,
ਕੋਈ ਕੱਟ ਰਿਹਾ ਕੋਈ ਗੁਜਾਰ ਰਿਹਾ,
ਕਿਸੇ ਦਾ ਹਾਸਾ ਨਹੀਂ ਰੁਕਦਾ ਇੱਥੇ,
ਕੋਈ ਉੱਤੋਂ ਉੱਤੋਂ ਹੱਸ ਕੇ ਸਾਰ ਰਿਹਾ,
ਕੋਈ ਬੰਦਾ ਹਾਰ ਕੇ ਵੀ ਜਿੱਤ ਜਾਂਦਾ,
ਕਿਧਰੇ ਕੋਈ ਜਿੱਤ ਕੇ ਵੀ ਹਾਰ ਰਿਹਾ,
ਨਜ਼ਾਰੇ ਲੈਂਦਾ ਵੀ ਕੋਈ ਰੋਂਦਾ ਫਿਰੇ,
ਕੋਈ ਚੁੱਪ ਅਨੇਕਾਂ ਦੁੱਖ ਸਹਾਰ ਰਿਹਾ,
ਕੋਈ ਕਦਰ ਕਰਦਾ ਏ ਦਿਲੋਂ ਵਾਹਲੀ,
ਕੋਈ ਇੱਥੇ ਰੱਬ ਨੂੰ ਵੀ ਚਾਰ ਰਿਹਾ,
ਮੱਖਣ ਸ਼ੇਰੋਂ ਵਾਲਿਆ ਦੁਨੀਆਂਦਾਰੀ ਏ,
ਕੋਈ ਕਿਸੇ ਨੂੰ ਜਲਾ ,ਕੋਈ ਠਾਰ ਰਿਹਾ

**ਮੱਖਣ ਸ਼ੇਰੋਂ ਵਾਲਾ**
**ਪਿੰਡ ਤੇ ਡਾਕ ਸ਼ੇਰੋਂ ਤਹਿ ਸੁਨਾਮ ਜਿਲ੍ਹਾ ਸੰਗਰੂਰ।**
**ਸੰਪਰਕ 98787-98726**

## ਕਵਿਤਾ

ਚੰਗੇ ਵਾਤਾਵਰਣ 'ਚ ਹੁੰਦੀ ਜੀਵਨ ਦੀ ਖੁਸ਼ਹਾਲੀ
ਚੰਗੇ ਵਾਤਾਵਰਨ 'ਚ ਹੁੰਦੀ ਜੀਵਨ ਦੀ ਖੁਸ਼ਹਾਲੀ।
ਖ਼ੁਸ਼ਬੂ ਦਾ ਸੰਦੇਸ਼ਾਂ ਦਿੰਦੀ ਫੁੱਲਾਂ ਲੱਦੀ ਡਾਲੀ।
ਏਸੇ ਕਰਕੇ ਕੁਦਰਤ ਦੀ ਮਰਿਆਦਾ ਵਿਚ ਪਿਆਰ ਦਿਸੇ।
ਸ਼ੁੱਧਤਾ ਦੀ ਵਡਿਆਈ ਵਿਚ ਸਾਰਾ ਸਭਿਆਚਾਰ ਦਿਸੇ।
ਮਾਨਵ ਪਰਉਪਰਕਾਰੀ ਹੋਵੇ ਸਭਿਅਕ ਸ਼ਕਤੀਸ਼ਾਲੀ।
ਚੰਗੇ ਵਾਤਾਵਰਨ 'ਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਜੀਵਨ ਸ਼ੈਲੀ ਮੁੱਦਤ ਤੋਂ ਭਾਰਤ ਦੀ ਪਹਿਚਾਣ ਰਹੀ।
ਰੁੱਖਾਂ-ਸੁੱਖਾਂ ਦੀ ਪਰਪਕਤਾ ਵਿਚ ਉਚੀ ਸ਼ਾਨ ਰਹੀ।
ਸ਼ੁਭਅ ਸੀਸਾਂ ਦੇ ਗੁਲਸ਼ਨ ਵਿਚ ਸੱਚਾ ਸੁੱਚਾ ਮਾਲੀ।
ਚੰਗੇ ਵਾਤਾਵਰਨ 'ਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਸੰਜਮ, ਸੇਵਾ, ਜਪ-ਤਪ, ਸ਼ਰਧਾ ਸੰਜੋਜਤ ਸੁੰਦਰਤਾ।
ਰੁੱਖਾਂ ਕਰਕੇ ਦੁਨੀਆਂ ਉਤੇ ਸਾਹਾਂ ਦੀ ਹੈ ਪ੍ਰਬਲਤਾ।
ਇਸ ਦੀ ਗੋਦ 'ਚ ਜਾਗਰਤੀ ਦੀ ਉਤਮ ਹੈ ਹਰਿਆਲੀ।
ਚੰਗੇ ਵਾਤਾਵਰਨ 'ਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਨਦ-ਨਦੀਆਂ ਤੇ ਝਰਨੇ ਹੁੰਦੇ ਸਭਿਅਤਾ ਦਾ ਆਧਾਰ।
ਕੁਦਰਤ ਜੀਵਾਂ, ਨਿਰਜੀਵਾਂ ਵਿਚ ਕਰਦੀ ਹੈ ਸੰਸਕਾਰ।
ਧਰਮੀ ਮਾਂ ਨੇ ਬੁੱਕਲ ਦੇ ਵਿਚ ਸਮਰਿੱਧੀ ਹੈ ਸੰਭਾਲੀ।
ਚੰਗੇ ਵਾਤਾਵਰਨ 'ਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਰੰਗਾਂ ਢੰਗਾਂ ਸੰਗ ਉਮੰਗਾਂ ਪਲਕ ਲਲਕ ਤੋਂ ਵਾਰੇ।
ਏਸੇ ਕਰਕੇ ਚੰਗੇ ਲਗਦੇ ਕੁਦਰਤ ਵਿਚ ਨਜ਼ਾਰੇ।
ਚਹੁੰ ਮੁਖੀ ਏ ਦੀਵੇ ਨਾਲ ਸਜਦੀ ਜਿੱਦਾ ਸੁੰਦਰ ਥਾਲੀ।
ਚੰਗੇ ਵਾਤਾਵਰਨ 'ਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਸਭ ਧਰਮਾਂ ਦੇ ਸੱਚੇ ਸੁੱਚੇ ਆਤਮ ਨਿਰਭਰ ਗ੍ਰੰਥਾਂ ਵਿਚ।
ਜਲਵਾਯੂ ਪ੍ਰਾਣ ਰਹੇ ਹਨ ਜਾਨ ਰਹੇ ਹਨ ਅਰਥਾਂ ਵਿਚ।
ਇਸ ਦੀ ਮਹਿਮਾ ਸੱਤਿਆ ਵਾਦੀ ਉਤਪਤੀ ਹੈ ਮਤਵਾਲੀ।
ਚੰਗੇ ਵਾਤਾਵਰਨ 'ਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਜੀਵ ਅਤੇ ਨਿਰਜੀਵ ਸਹਾਰੇ ਇਨ੍ਹਾਂ ਕਰਕ ਹੁੰਦੇ।
ਕੁਦਰਤ ਦੇ ਵਿਚ ਸ਼ਿਲਪੀਕਾਰ ਨਜ਼ਾਰੇ ਇਨ੍ਹਾਂ ਕਰਕੇ ਹੁੰਦੇ।
ਉਦਮ ਵਾਲੀ ਲੋਅ ਸੂਰਜ ਨੇ ਅੰਬਰ ਦੇ ਵਿਚ ਬਾਲੀ।
ਚੰਗੇ ਵਾਤਾਵਰਨ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਨੈਤਿਕਤਾ ਵਿਚ ਮੰਜ਼ਿਲ ਵਾਲੀਆਂ ਸੁੰਦਰ ਸੁੰਦਰ ਰਾਵ ?ਹਾਂ।
ਤਾਂ ਹੀ ਸਭ ਨੂੰ ਚੰਗੀਆਂ ਲਗਦੀਆਂ ਅਦਭੁਤ ਧੁੱਪਾਂ ਛਾਵਾਂ।
ਸ਼ੁਧਤਾ, ਬੁਧਤਾ, ਭੌਤਿਕਤਾ ਦੀ ਉਚਤਾ ਸਰਬ ਨਿਰਾਲੀ।
ਚੰਗੇ ਵਾਤਾਵਰਨ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਤਨ ਦੀ ਜੰਨਤ ਦੇ ਵਿਚ ਹੁੰਦੀਆਂ ਮੰਨਤ ਆਸ ਮੁਰਾਦਾਂ।
ਚੰਗੀ ਸਿਹਤ ਸਹੂਲਤ ਦੇ ਵਿਚ ਚੰਗੀਆਂ ਨੇ ਫਰਿਆਦਾਂ।
ਯੋਗਾ ਸਭਿਆਚਾਰਕ 'ਚ ਉਤਮ ਯੋਗਾ ਵਾਲੀ ਤਾਲੀ।
ਚੰਗੇ ਵਾਤਾਵਰਨ 'ਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਪਵਨ ਸੁਗੰਧੀਆ ਪੈਦਾ ਕਰਦੇ ਹਵਨ ਅਰਚਨਾ ਪੂਜਾ।
ਉਤਮ ਸੋਹਣੇ ਜੀਵਨ ਦੇ ਵਿਚ ਇਸ ਦਾ ਮੁੱਲ ਨਾ ਦੂਜਾ।
ਦੁਨੀਆ ਦੇ ਲਈ ਕੁਦਰਤ ਨੇ ਤਾਂ ਹਰ ਇਕ ਰੁਤ ਉਛਾਲੀ।
ਚੰਗੇ ਵਾਤਾਵਰਨ 'ਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਖ਼ੂਨ ਪਸੀਨੇ ਦੇ ਵਿਚ ਰਹਿ ਕੇ ਉਦਮੀ ਹੈ ਕਿਰਸਾਨ।
ਇਸ ਦੇ ਰੂਪ ਵਿਚ ਆਪ ਸਹਾਈ ਹੋ ਜਾਂਦਾ ਭਗਵਾਨ।
ਧਰਤੀ ਦੇ ਵਿਚ ਸੋਨਾ ਪੈਦਾ ਕਰਦੇ ਹੱਲ ਪੰਜਾਲੀ।
ਚੰਗੇ ਵਾਤਾਵਰਨ 'ਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਇਸ ਤੋਂ ਸਿੱਖ ਕੇ ਬੰਦਾ ਬਣਦਾ ਕਰਮਠ ਯੋਧਾ ਕਿਰਤੀ,
ਤਾਂ ਹੀ ਆਤਮਤੁਸ਼ਟੀ ਹੁੰਦੀ ਮਸਤਕ ਦੇ ਵਿਚ ਬਿਰਤੀ।
ਲੋਰੀ ਦੇ ਵਿਚ ਗੁੜਤੀ ਦਿੰਦੀ ਧਰਤੀ ਕਰਮਾ ਵਾਲੀ।
ਚੰਗੇ ਵਾਤਾਵਰਨ 'ਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਆਯੁਰਵੈਦਿਕ ਔਸ਼ਧੀਆ ਦਾ ਦਿੰਦੀ ਹੈ ਪ੍ਰਮਾਣ।
ਮੁਰਦੇ ਵਿਚ ਵੀ ਦਾਤੀ ਬਣ ਕੇ ਪਾ ਦਿੰਦੀ ਹੈ ਜਾਨ।
ਪਿੱਪਲ, ਬੋਹੜ, ਅਰਜਨ, ਕਿੱਕਰ, ਮੌਲਸ਼ਿਰੀ ਤੇ ਟਾਹਲੀ।
ਚੰਗੇ ਵਾਤਾਵਰਨ 'ਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਆਓ ਸਾਰੇ ਰਲ ਮਿਲ ਕੇ ਧਰਮ ਸਵਰਗ ਬਣਾਈਏ।
ਚੰਨ ਤਾਰਿਆਂ ਵਾਗੂੰ ਏਥੇ ਥਾਂ-ਥਾ ਰੁੱਖ ਲਗਾਈਏ।
ਵੇਖਿਓ ਆਪਣੇ ਆਪ ਕਰੇਗੀ ਸ਼ੁਧਤਾ ਮਾਂ ਰਖਵਾਲੀ।
ਚੰਗੇ ਵਾਤਾਵਰਨ 'ਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਪਾਣੀ ਨਾਲੋਂ ਪਤਲੀ ਹੁੰਦੀ ਗੁੜ ਦੇ ਨਾਲੋਂ ਮਿਠੀ।
ਬਾਲਮ ਦੀ ਤਾਂ ਹਰ ਇਕ ਕਵਿਤਾ ਜੰਨਤ ਵਰਗੀ ਢਿੱਠੀ।
ਪ੍ਰਤੀਕਾ ਤੇ ਬਿੰਬਾ ਨੇ ਹੈ ਸ਼ਬਦਾਂ ਵਿਚ ਖੰਗਾਲੀ।
ਚੰਗੇ ਵਾਤਾਵਰਨ 'ਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।

**ਬਲਵਿੰਦਰ 'ਬਾਲਮ'**
**ਮੋ: 98156-25409**

## ਤਰੱਕੀ

ਡਰਦਾ ਹਾਂ ਬੇਬੇ ਮਸਹੂਰ ਹੋਣ ਤੋਂ
ਬਾਪੂ ਨਾਲੇ ਤੇਰੇ ਕੋਲੋਂ ਦੂਰ ਹੋਣ ਤੋਂ
ਲੋਕਾਂ ਦੀਆਂ ਨਜਰਾਂ ਲਵਾ ਨਾ ਲਵਾਂ
ਕੋਲੇ ਵਿੱਚੋ ਨਿੱਕਲ ਕੋਹੀਨੂਰ ਹੋਣ ਤੋਂ
ਅੱਖਰਾਂ ਦਾ ਭਰਿਆਂ ਭੰਡਾਰ ਰਹਿਜੂਗਾ
ਕਲਮ ਪੀੜ੍ਹੀ ਚੋਂ ਕਿਸੇ ਚੱਕੀ ਜਾਣੀ ਨੀ
ਆਮ ਜਾ ਮੈਂ ਮੁੰਡਾ ਤੇਰਾ ਪੁੱਤ ਲਾਡਲਾ
ਮੇਰੀ ਦੁਨੀਆਂ ਤੋਂ ਜਰੀ ਮਾਂ ਤਰੱਕੀ ਜਾਣੀ ਨੀ -
ਨਿੱਤ ਜੋ ਤੂੰ ਮਿਰਚਾਂ ਚਹਾ ਕੇ ਤੋਰਦੀ
ਛੇਤੀ ਆਜੀ ਘਰੇ ਸਮਝਾਕੇ ਤੋਰਦੀ
ਡਰਦਾ ਹਾਂ ਬੇਬੇ ਤੇਰੇ ਟੁੱਟ ਜਾਣ ਤੋਂ
ਇਹੇ ਕਲਮ ਕੁਲੇਹਣੀ ਮਰਵਾਕੇ ਤੋਰਦੀ
ਇਹ ਚ ਥੋਡਾ ਨਾ ਕਸੂਰ ਕੋਈ ਮਾਏ ਮੇਰੀਏ
ਜਰੀ ਕਈਆ ਕੋਲੋਂ ਕਾਮਯਾਬੀ ਪੱਕੀ ਜਾਣੀ ਨੀ
ਆਮ ਜਾ ਮੈਂ ਮੁੰਡਾ ਤੇਰਾ ਪੁੱਤ ਲਾਡਲਾ
ਮੇਰੀ ਦੁਨੀਆਂ ਤੋਂ ਜਰੀ ਮਾਂ ਤਰੱਕੀ ਜਾਣੀ ਨੀ -
ਮੈਂ ਤੇਰੀਆਂ ਸਿਖਾਈਆ ਬੇਬੇ ਗੱਲਾਂ ਉੱਤੇ ਲਿਖਿਆ
ਬਾਪੂ ਦੀਆਂ ਸੇਰੀਆ ਤੇ ਹੱਲਾਂ ਉੱਤੇ ਲਿਖਿਆ
ਲਿਖਿਆ ਨਾ ਗਲਤ ਮੈਂ ਧੀ ਤੇ ਧਿਆਣੀ ਤੇ
ਬੇਰੁਜਗਾਰੀ ਦੀਆਂ ਛੱਲਾਂ ਉੱਤੇ ਲਿਖਿਆਂ
ਖੁਦ ਨੂੰ ਹੀ ਮਾਰ ਦੇਣਾ ਅੱਜ ਖੁਦ ਮੈਂ
ਉਝ ਕਲਮ ਮੇਰੇ ਤੋਂ ਇਹੇ ਰੱਖੀ ਜਾਣੀ ਨੀ
ਆਮ ਜਾ ਮੈਂ ਮੁੰਡਾ ਤੇਰਾ ਪੁੱਤ ਲਾਡਲਾ
ਮੇਰੀ ਦੁਨੀਆਂ ਤੋਂ ਜਰੀ ਮਾਂ ਤਰੱਕੀ ਜਾਣੀ ਨੀ -
ਛੱਡਕੇ ਮੈਂ ਲਿਖਣਾ ਕੋਈ ਕੰਮਕਾਰ ਦੇਖਲੂ
ਥੋਡੇ ਦੋਵਾ ਜਾਣਿਆਂ ਨਾ ਦਿਨ ਚਾਰ ਦੇਖਲੂ
ਜਿੱਤ ਕੀ ਕਰਾਉਣੀਂ ਨੀ ਮੈਂ ਦੱਸੀ ਮਾਏ ਮੇਰੀਏ
ਲੱਖ ਥੋਡੇ ਨਾ ਜਿਉਣ ਲਈ ਮੈਂ ਲੱਖ ਹਾਰ ਦੇਖਲੂ
ਕਿਤੇ "ਘੁੰਮਣ ਵੱਡੀ" ਨੂੰ ਛੱਡ ਹੋਰ ਰਹਿਲਾਗੇ
ਬਾਪੂ ਤੋਂ ਸਵਾਹ ਮੇਰੀ ਚੱਕੀ ਜਾਣੀ ਨੀ
ਆਮ ਜਾ ਮੈਂ ਮੁੰਡਾ ਤੇਰਾ ਪੁੱਤ ਲਾਡਲਾ
ਮੇਰੀ ਦੁਨੀਆਂ ਤੋਂ ਜਰੀ ਮਾਂ ਤਰੱਕੀ ਜਾਣੀ ਨੀ -

***ਜੀਵਨ ਘੁੰਮਣ (ਬਠਿੰਡਾ)***
*ਮੋ: 62397-31200*

## ਜ਼ਖ਼ਮ ਚੁਰਾਸੀ ਵਾਲੇ

ਜੂਨ ਮਹੀਨਾ ਸੰਨ ਚੁਰਾਸੀ ਬੜੇ ਕਤਲ ਸੀ ਹੋਏ
ਸਰਕਾਰੀ ਤੋਪਾਂ ਟੈਂਕਾਂ ਦੇ ਮੂੰਹ ਹਰਮਿੰਦਰ ਵੱਲ ਹੋਏ
ਐਸੀ ਚਾਲ ਭੈੜੀ ਖੇਡੀ ਨੇਤਾ ਅੰਦਰੋਂ ਅੰਦਰੀ ਹੱਸਦੇ
ਇਹ ਜੋਂ ਜਖਮ ਚੁਰਾਸੀ ਵਾਲੇ ਸਦਾ ਹੀ ਰਹਿਣੇ ਰਸਦੇ।
ਬੱਚਾ , ਬੁੱਢਾ, ਕੁੜੀਆਂ, ਮੁੰਡੇ ਮਾਰਨ ਲਈ ਭੇਜੇ ਗੁੰਡੇ
ਅਫਸਰ ਰਹੇ ਸਾਜਾਂ ?ਸ ਘੜਦੇ ਲਾਕੇ ਅੰਦਰੋਂ ਕੁੰਡੇ
ਸਿਆਸੀ ਨੇਤਾ ਬਾਹਾਂ ਖੜੀਆਂ ਕਰਕੇ ਨੱਸਦੇ
ਇਹ ਜੋਂ ਜਖਮ ਚੁਰਾਸੀ ਸਦਾ ਹੀ ਰਹਿਣੇ ਰਸਦੇ।
ਧੀਆਂ ਭੈਣਾਂ ਦੀ ਇੱਜਤ ਲੁੱਟੀ ਲਾਹ ਸਰਮ ਦੀ ਲੋਈ
ਹਰਮਿੰਦਰ ਦੀ ਪਵਿੱਤਰ ਧਰਤੀ ਲਹੂ ਲੁਹਾਣ ਸੀ ਹੋਈ
ਸੱਚਖੰਡ ਦੇ ਵੱਲ ਨੂੰ ਵੈਰੀ ਜਾਂਦੇ ਬੂਟਾਂ ਦੇ ਤਸਮੇ ਕੱਸਦੇ
ਇਹ ਜੋਂ ਜਖਮ ਚੁਰਾਸੀ ਵਾਲੇ ਸਦਾ ਹੀ ਰਹਿਣੇ ਰਸਦੇ।
ਪਹਿਲਾਂ ਵਾਰ ਗੰਨਾ ਨਾਲ ਕੀਤੇ ਫੇਰ ਦਾਗੇ ਸੀ ਗੋਲੇ
ਅੰਦਰੋਂ ਵਾਜ ਜੈਕਾਰਿਆਂ ਦੀ ਗੂੰਜੇ ਸੂਰਮੇ ਨਾ ਡੋਲੇ
ਸੁਖਚੈਨ,ਵੱਡੇ ਵੱਡੇ ਅਫਸਰ ਖੜੇ ਰਹੇ ਸਕੀਮਾਂ ਦੱਸਦੇ
ਇਹ ਜੋਂ ਜਖਮ ਚੁਰਾਸੀ ਵਾਲੇ ਸਦਾ ਹੀ ਰਹਿਣੇ ਰਸਦੇ।

**ਸੁਖਚੈਨ ਸਿੰਘ,ਠੱਠੀ ਭਾਈ,**
**0097152763292 4**

## ਸੰਨ ਚੁਰਾਸੀ ਦਾ ਕਹਿਰ

ਨਾ ਭੁੱਲੇ ਹਾ, ਨਾ ਹੀ ਸਾਨੂੰ ਭੁੱਲਣਾ ਮਹੀਨਾ ਜੂਨ ਦਾ
ਬੜਾ ਦੁੱਖ ਹੋਇਆ ਸੀ, ਬੇਦੋਸਿਆਂ ਦੇ ਡੁੱਲੇ ਖ਼ੂਨ ਦਾ
ਸੰਨ੍ਹ ਚੁਰਾਸੀ ਵਿੱਚ ਸਰਕਾਰੇ ਜਬਰ ਜੁਲਮ ਦੀ ਹੱਦ ਹੀ ਮੁਕਾਤੀ
ਹੰਕਾਰ ਨਾਲ ਭਰਿਆਂ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਗੋਲੀ ਚਲਾਤੀ
ਬੱਚੇ,ਬੁੱਢੇ,ਔਰਤਾਂ ਬੇਦੋਸਿਆਂ ਦਾ ਡੁੱਲਿਆਂ ਖ਼ੂਨ ਵਿੱਚ ਹਰਿਮੰਦਰ ਦੇ
ਜੰਗ ਦਾ ਮੈਦਾਨ ਬਣਾ ਦਿੱਤਾ ਟੈਂਕ ਚਾੜੇ ਜਾਲਮਾਂ ਸਿੱਖੀ ਦੇ ਮੰਦਰ ਤੇ
ਪਹਿਲਾਂ ਸੰਤਾਲੀ ਫੇਰ ਚੁਰਾਸੀ ਵਿੱਚ ਪੰਜਾਬ ਤੇ ਬੜੇ ਜੁਲਮ ਢਾਏ ਨੇ
ਕਿਸੇ ਨੂੰ ਕੀ ਦੇਈਏ ਦੋਸ਼ ਜਦ ਆਪਣਿਆ ਨੇ ਹੀ ਕਹਿਰ ਕਮਾਏ ਨੇ
ਮੂੰਹ ਚ ਰਾਮ ਰਾਮ ਬਗਲ ਚ ਛੁਰੀਆਂ ਪਿੱਠ ਪਿੱਛੇ ਵਾਰ ਕੀਤੇ ਨੇ
ਵੈਰੀਆਂ ਨਾ ਰਲ ਆਪਣਿਆ ਹੀ ਕੌਮ ਨੂੰ ਬੜੇ ਡੂੰਘੇ ਜਖਮ ਦਿੱਤੇ ਨੇ
ਇਤਿਹਾਸ ਗਵਾਹ ਹੈ ਰਹਿੰਦੀ ਦੁਨੀਆਂ ਤੱਕ ਜਾਲਮਾਂ ਲਾਹਨਤਾਂ ਹੀ ਪੈਣੀਆਂ
ਮਿੱਟੀ ਵਿੱਚ ਮਿਲ ਜਾਣੀਆ ਹਕੂਮਤਾਂ,ਸੰਧੂਆਂ ਜੋ ਸਿੱਖੀ ਨਾਲ ਖਹਿਣੀਆਂ।

**ਬੁਰਜ ਲੱਧਾ ਬਠਿੰਡਾ**
**9465818158**

## ਪੰਜਾਬ ਚੁਰਾਸੀ

ਉਸ ਦਾਤੇ ਦੀਆਂ ਗੁੱਝੀਆਂ ਰਮਜ਼ਾਂ,
ਭੇਤ ਕਿਸੇ ਨਾ ਪਾਇਆ।
ਘੁੱਗ ਵੱਸਦਾ ਪੰਜਾਬ ਅਸਾਡਾ,
ਬਲ਼ਦੀ ਦੇ ਮੂੰਹ ਆਇਆ।
ਐਸੀ ਕਾਲ਼ੀ 'ਨੇਰੀ ਆਈ,
ਚੜਿਆ ਜੂਨ ਚੁਰਾਸੀ।
ਅੱਖਾਂ ਖ਼ੂਨ ਦੇ ਹੰਝੂ ਰੋਵਣ,
ਉੱਡ ਗਈ ਮੂੰਹ ਤੋਂ ਹਾਸੀ।
ਗੁਰੂ ਅਰਜਨ ਦਾ ਦਿਵਸ ਸ਼ਹੀਦੀ,
ਸੰਗਤ ਮਨਾਵਣ ਚੱਲੀਆਂ।
ਡਾਢੇ ਅੱਗੇ ਜ਼ੋਰ ਨਾ ਕੋਈ,
ਚਿੱਠੀਆਂ ਮੌਤ ਦੀਆਂ ਘੱਲੀਆਂ।
ਹਰਿਮੰਦਰ ਭਗਤੀ ਦਾ ਘਰ ਹੈ,
ਸ਼ਾਂਤੀ ਮਿਲਦੀ ਜਿੱਥੇ।
ਫੌਜ-ਭਾਰਤੀ ਮਿਥੀ ਸਾਜ਼ਿਸ਼ ਸੀ,
ਭੁੰਨ 'ਤੇ ਲੋਕ ਨਿਹੱਥੇ।
ਹਿੰਦ-ਸਰਕਾਰ ਨੇ ਕਿਹਾ ਏਸਨੂੰ,
ਸਾਕਾ ਨੀਲਾ ਤਾਰਾ।
ਸਿੱਖ ਸੀਨਿਆਂ ਉੱਤੇ ਵਰ੍ਹ ?ਆ,
ਬਣ ਕੇ ਘੱਲੂਘਾਰਾ।
ਸਿੰਘ-ਸਿੰਘਣੀਆਂ, ਬੱਚੇ-ਬੁੱਢੇ,
ਕਿੰਨੀਆਂ ਸ਼ਹੀਦੀਆਂ ਹੋਈਆਂ।
ਕਹਿ ਨਾ ਸਕਦੀ ਜੀਭਾ ਮੇਰੀ,
ਅੱਖੀਆਂ ਦਰਦ ਪਰੋਈਆਂ।
ਤਖ਼ਤ-ਅਕਾਲ 'ਤੇ ਗੋਲ਼ੀਆਂ ਵਰ੍ਹੀਆਂ,
ਕਰ ਦਿੱਤਾ ਢਹਿ ਢੇਰੀ।
ਇਸਤੋਂ ਅੱਗੇ ਚੁੱਪ ਕਰ ਜਾਂਦੀ,
ਲਿਖਣੋਂ ਕਾਨੀ ਮੇਰੀ।
ਏਸੇ ਸਾਲ ਹੀ ਵਿੱਚ ਨਵੰਬਰ,
ਫਿਰ ਇੱਕ ਤਾਂਡਵ ਹੋਇਆ।
ਗਲ਼ੀਆਂ, ਸੜਕਾਂ ਨੂੰ ਸਿੱਖਾਂ ਨੇ,
ਅਪਣੇ ਲਹੂ ਨਾਲ਼ ਧੋਇਆ।
ਵੱਡੇ-ਵੱਡੇ ਮਹਾਂਨਗਰਾਂ ਵਿੱਚ,
ਸਿੱਖ ਨਸਲਕੁਸ਼ੀ ਹੋਈ।
ਚਾਲ਼ੀ ਸਾਲਾਂ ਤੋਂ ਸਿੱਖਾਂ ਨੂੰ,
ਨਿਆਂ ਨਾ ਮਿਲਿਆ ਕੋਈ।
ਦੇਸ਼ ਸਾਰੇ 'ਚੋਂ ਚੁਣ ਸਿੱਖਾਂ ਨੂੰ,
ਜੀਂਦੇ ਮਾਰ ਮੁਕਾਇਆ।
ਬਾਬੇ ਨਾਨਕ ਸੱਚ ਕਿਹਾ ਸੀਃ
ਤੈਂ ਕੀ ਦਰਦ ਨਾ ਆਇਆ।
ਰੱਬ ਅੱਗੇ ਅਰਦਾਸ ਹੈ ਮੇਰੀ,
ਮੁੜ ਐਸਾ ਨਾ ਹੋਵੇ,
ਸੁਖੀ ਵੱਸਣ ਪੰਜਾਬੀ ਸਾਰੇ,
ਕੋਈ ਅੱਖ ਨਾ ਰੋਵੇ।

*** ਪ੍ਰੋ. ਨਵ ਸੰਗੀਤ ਸਿੰਘ**
(9417692015)

## ਰੁੱਖ ਲਗਾਓ, ਰੁੱਖ ਬਚਾਓ/

ਰੁੱਖ ਲਗਾਓ, ਰੁੱਖ ਬਚਾਓ ਦੋਸਤੋ,
ਧਰਤੀ ਦੀ ਤਪਸ਼ ਘਟਾਓ ਦੋਸਤੋ।
ਰੁੱਖ ਠੰਢੀਆਂ ਛਾਵਾਂ ਨੇ ਦਿੰਦੇ,
ਪੰਛੀਆਂ ਦਾ ਇਹ ਘਰ ਨੇ ਹੁੰਦੇ।
ਆਪ ਕਾਰਬਨ ਡਾਈਆਕਸਾਈਡ ਲੈਂਦੇ,
ਪਰ ਸਾਨੂੰ ਆਕਸੀਜਨ ਨੇ ਦਿੰਦੇ।
ਸਾਡੇ ਕੰਮ ਜਿਸ ਨੂੰ ਗੰਦੀ ਕਰਦੇ,
ਉਸ ਹਵਾ ਨੂੰ ਇਹ ਸਾਫ ਨੇ ਕਰਦੇ।
ਇਹ ਤੇਜ਼ ਹਵਾਵਾਂ ਦੀ ਗਤੀ ਘਟਾਉਂਦੇ,
ਉਪਜਾਊ ਮਿੱਟੀ ਰੁੜ੍ਹਨ ਤੋਂ ਬਚਾਉਂਦੇ।
ਇਹ ਧਰਤੀ ਅੰਦਰ ਪਾਣੀ ਨੂੰ ਸੋਖਦੇ,
ਇਹ ਪਾਣੀ ਦਾ ਪੱਧਰ ਉੱਚਾ ਕਰਦੇ।
ਇਹ ਧਰਤੀ ਤੇ ਵਰਖਾ ਲਿਆਉਂਦੇ,
ਸਾਡੀਆਂ ਫਸਲਾਂ ਨੂੰ ਪਾਣੀ ਲਾਉਂਦੇ।
ਇਹ ਦਵਾਈਆਂ ਦਾ ਭੰਡਾਰ ਨੇ,
ਏਦਾਂ ਇਹ ਸਾਡੇ ਸੱਚੇ ਯਾਰ ਨੇ।
ਇਨ੍ਹਾਂ ਨੂੰ ਕੱਟਣ ਦੇ ਨਾ ਲੱਭੋ ਬਹਾਨੇ,
ਸਗੋਂ ਇਨ੍ਹਾਂ ਨਾਲ ਪਾਓ ਪੱਕੇ ਯਰਾਨੇ।

**ਮਹਿੰਦਰ ਸਿੰਘ ਮਾਨ**
**ਫੋਨ 9915803554**

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 306

Website: www.preetnama.com Email preetnamausa@gmail.com

06 JUNE TO 13 JUNE,2025



No body have time to watch TV Advertisement
No body have time to read Physical newspapers

# It's social time.

Online News, Advertisement, Promotion Anytime anywhere.

## Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on
WhatsApp or email us. We will call you back.

## Contact immediately

**+1 201-312-4180,+1 917-328-8436**

www.preetnama.com, www.preetnews.com
Email- preetnamausa@gmail.com